# ਕੌਮਾਂਤਰੀ ਅੰਮ੍ਰਿਤਸਰ ਟਾਈਮਜ਼

QUOMANTRY AMRITSAR TIMES

West/East Coast Edition | Volume 9 | Issue 13 | 03 April 2019 to 09 April 2019 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com

ਕਿਸ ਮੂੰਹ ਸੇ ਜਾਓਗੇ ਕਾਬਾ ਗਾਲਿਬ ਸ਼ਰਮ ਤੁਮਕੋ ਮਗਰ ਆਤੀ ਨਹੀਂ


# ਨਕੋਦਰ ਕਾਂਡ ਦੇ ਦਾਗੀ ਬਣਾਏ ਬਾਦਲਾਂ ਨੇ ਉਮੀਦਵਾਰ

## ਜਲੰਧਰ ਤੋਂ ਅਟਵਾਲ ਤੇ ਫਤਿਹਗੜ੍ਹ ਸਾਹਿਬ ਤੋਂ ਦਰਬਾਰਾ ਗੁਰੂ ਨੂੰ ਟਿਕਟ

**ਜਲੰਧਰ/ਬਿਊਰੋ ਨਿਊਜ਼ :**
ਸਿੱਖਾਂ ਦੇ ਬਹੁਤ ਸਾਰੇ ਕਾਤਲ ਤੇ ਮੁਲਜ਼ਮ ਉਂਝ ਤਾਂ ਪਹਿਲਾਂ ਹੀ ਬਾਦਲੀ ਬੇੜੇ ਵਿਚ ਸਵਾਰ ਚਲੇ ਆ ਰਹੇ ਹਨ ਪਰ ਪਿੱਛੇ ਜਿਹੇ ਹੀ ਚਰਚਾ ਵਿਚ ਆਏ ਸੰਨ 1986 ਵਿਚ ਵਾਪਰੇ ਨਕੋਦਰ ਬੇਅਦਬੀ ਤੇ ਗੋਲੀ ਕਾਂਡ ਕਾਰਨ ਦੋਸ਼ੀਆਂ ਦੇ ਕਟਹਿਰੇ ਵਿਚ ਖੜ੍ਹੇ ਸਾਬਕਾ ਸਪੀਕਰ ਚਰਨਜੀਤ ਸਿੰਘ ਅਟਵਾਲ ਤੇ ਦਰਬਾਰਾ ਸਿੰਘ ਗੁਰੂ ਨੂੰ ਲੋਕ ਸਭਾ ਚੋਣਾਂ ਵਿਚ ਅਕਾਲੀ ਦਲ ਦੇ ਉਮੀਦਵਾਰ ਬਣਾਉਣ ਕਰ ਕੇ ਲੋਕਾਂ ਵਿਚ ਰੋਹ ਪੈਦਾ ਹੋ ਗਿਆ ਹੈ। ਲਗਦਾ ਹੈ ਕਿ ਪ੍ਰਕਾਸ਼ ਸਿੰਘ ਬਾਦਲ ਅਤੇ ਸੁਖਬੀਰ ਸਿੰਘ ਬਾਦਲ ਨੇ ਪੀੜਤ ਸਿੱਖ ਪਰਿਵਾਰਾਂ ਦੇ ਜ਼ਖਮਾਂ 'ਤੇ ਲੂਣ ਛਿੜਕਣ ਦੀ ਮੁਹਾਰਤ ਬਾਖੂਬੀ ਹਾਸਿਲ ਕਰ ਲਈ ਹੈ। ਉਹ ਕਦੀ ਭੁੱਲਣ ਦੀ ਬਿਮਾਰੀ ਦੱਸਕੇ, ਕਦੇ ਪੁਲਿਸ ਵਾਲਿਆਂ ਨੂੰ ਮਾਰਨ ਦੀ ਖੁੱਲ ਦੇ ਕੇ ਤੇ ਕਦੀ ਮਨੁੱਖੀ ਅਧਿਕਾਰਾਂ ਦੇ ਦੋਸ਼ੀਆਂ ਨੂੰ ਰਾਜਸੀ ਅਹੁਦਿਆਂ ਨਾਲ ਨਿਵਾਜ ਕੇ ਸਿੱਖਾਂ ਦੀ ਹਿੱਕ ਉਤੇ ਮੂੰਗ ਦਲਣ ਦਾ ਕੰਮ ਕਰਦੇ ਆ ਰਹੇ ਹਨ।



ਦਰਬਾਰਾ ਸਿੰਘ ਗੁਰੂ



ਕਰਫਿਊ ਦਾ ਲਿਖਤੀ ਹੁਕਮ ਜਿਸ 'ਤੇ ਦਰਬਾਰਾ ਸਿੰਘ ਗੁਰੂ ਦੇ ਦਸਤਖਤ ਹਨ।



ਅੱਧੀ ਰਾਤ ਨੂੰ ਪੋਸਟ ਮਾਰਟਮ ਕਰਨ ਦਾ ਹੁਕਮ ਜੋ ਦਰਬਾਰਾ ਸਿੰਘ ਗੁਰੂ ਨੇ ਦਿੱਤਾ ਸੀ



ਭਾਈ ਹਰਮਿੰਦਰ ਸਿੰਘ ਸਪੁੱਤਰ ਸ. ਸ਼ੰਕਰ ਸਿੰਘ ਦੀ ਪੋਸਟ ਮਾਰਟਮ ਰਿਪੋਰਟ

ਬਾਦਲ ਦਲ ਨੇ ਸਾਬਕਾ ਨੌਕਰਸ਼ਾਹ ਦਰਬਾਰਾ ਸਿੰਘ ਗੁਰੂ ਨੂੰ ਫਤਿਹਗੜ੍ਹ ਸਾਹਿਬ ਤੋਂ ਉਮੀਦਵਾਰਾਂ ਦੀ ਸੂਚੀ ਵਿਚ ਸ਼ਾਮਿਲ ਕੀਤਾ ਹੈ ਜਿਸ ਦਾ ਰਸਮੀ ਐਲਾਨ ਕਿਸੇ ਵੇਲੇ ਵੀ ਹੋ ਸਕਦਾ ਹੈ। ਦਰਬਾਰਾ ਸਿੰਘ ਗੁਰੂ ਖਿਲਾਫ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਨਕੋਦਰ ਵਿਖੇ 1986 'ਚ ਪੁਲਿਸ ਵਲੋਂ ਅੰਨੇਵਾਹ ਕੀਤੀ ਗੋਲੀਬਾਰੀ ਵਿਚ ਕਤਲ ਕੀਤੇ ਚਾਰ ਸਿੱਖ ਨੌਜਵਾਨਾਂ ਦੇ ਮੁੱਖ ਦੋਸ਼ੀ ਵਜੋਂ ਅਦਾਲਤ ਵਿਚ ਅਰਜ਼ੀ ਦਾਖਲ ਹੈ।

ਸ਼੍ਰੋਮਣੀ ਅਕਾਲੀ ਦਲ ਦੇ ਜਲੰਧਰ ਹਲਕੇ ਤੋਂ ਦੂਜੇ ਉਮੀਦਵਾਰ ਚਰਨਜੀਤ ਸਿੰਘ ਅਟਵਾਲ ਲਈ ਵੀ ਨਕੋਦਰ ਬੇਅਦਬੀ ਕਾਂਡ ਸਿਰਦਰਦੀ ਬਣ ਗਿਆ ਹੈ। ਇਸ ਕਾਂਡ ਦੇ ਉਭਾਰ ਨਾਲ ਬੇਅਦਬੀ ਕਾਂਡ ਅਤੇ ਨਕੋਦਰ ਵਿਚ ਪੁਲੀਸ ਦੀਆਂ ਗੋਲੀਆਂ ਨਾਲ 4 ਫਰਵਰੀ 1986 ਨੂੰ ਸ਼ਹੀਦ ਹੋਏ ਚਾਰ ਸਿੱਖ ਨੌਜਵਾਨਾਂ ਦੇ ਮਾਪਿਆਂ ਨੂੰ ਇਨਸਾਫ ਨਾ ਮਿਲਣ ਕਾਰਨ ਉਂਗਲ ਬਾਦਲ ਦਲ ਵੱਲ ਉੱਠਣ ਲੱਗੀ ਹੈ। ਚਰਨਜੀਤ ਸਿੰਘ ਅਟਵਾਲ ਨੇ ਇਸ ਬਾਰੇ ਬਹੁਤ ਹੀ ਗੈਰ-ਜ਼ਿੰਮੇਵਾਰਾਨਾ ਤੇ ਨਾ-ਮੰਨਣਯੋਗ ਬਿਆਨ ਦਿੰਦਿਆਂ ਕਿਹਾ ਕਿ ਏਨੀ ਪੁਰਾਣੀ ਗੱਲ ਦਾ ਉਨ੍ਹਾਂ ਨੂੰ ਕੋਈ ਚਿੱਤ-ਚੇਤਾ ਹੀ ਨਹੀਂ ਹੈ। ਹੈਰਾਨੀਜਨਕ ਗੱਲ ਇਹ ਹੈ ਕਿ ਇਸ ਕਾਂਡ ਬਾਰੇ ਬਣੇ ਜਸਟਿਸ ਗੁਰਨਾਮ ਸਿੰਘ ਦੀ ਰਿਪੋਰਟ ਜਦੋਂ ਸੰਨ 2001 ਵਿੱਚ ਪੰਜਾਬ ਵਿਧਾਨ ਸਭਾ ਵਿਚ

**ਬਾਕੀ ਸਫ਼ਾ 32 'ਤੇ**

## ਪੀੜਤ ਸਿੱਖਾਂ ਦੇ ਦਿਲ ਦੀ ਹੂਕ ਸੁਣੋ...

ਜੇ ਤੁਸੀਂ ਪੰਜਾਬ ਵਿਚ ਫਤਿਹਗੜ੍ਹ ਸਾਹਿਬ ਹਲਕੇ ਦੇ ਬਾਸ਼ਿੰਦੇ ਹੋ ਤੇ ਜਦੋਂ ਤੁਹਾਨੂੰ ਪਤਾ ਚੱਲੇਗਾ ਕਿ ਤੁਹਾਡੇ ਹਲਕੇ ਤੋਂ ਇੱਕ ਝੂਠੇ ਅਤੇ ਇਲਜ਼ਾਮਪੁਸ਼ਤ ਬੰਦੇ ਨੂੰ ਉਮੀਦਵਾਰ ਬਣਾਇਆ ਗਿਆ ਹੈ ਜੋ ਕਿ 1986 ਦੀ ਨਕੋਦਰ ਪੁਲਿਸ ਗੋਲੀਬਾਰੀ ਵਿਚ 4 ਸਿੱਖ ਨੌਜਵਾਨਾਂ ਦੇ ਕਤਲ ਲਈ ਜਿੰਮੇਵਾਰ ਹੈ, ਤਾਂ ਤੁਸੀਂ ਕੀ ਕਰੋਗੇ ? ਜੇ ਤੁਸੀਂ ਪੰਜਾਬ ਵਿਚ ਕਿਧਰੇ ਹੋਰ ਰਹਿੰਦੇ ਹੋ ਤਾਂ ਤੁਸੀਂ ਕੀ ਕਰੋਗੇ ? ਜੇ ਤੁਸੀਂ ਪੰਜਾਬ ਤੋਂ ਬਾਹਰ ਰਹਿੰਦੇ ਹੋ ਤਾਂ ਤੁਸੀਂ ਕੀ ਕਰੋਗੇ ? ਜੇ ਤੁਸੀਂ ਸਿੱਖਾਂ ਦੇ ਮਿੱਤਰ ਹੋ ਤਾਂ ਕੀ ਕਰੋਗੇ ? ਜੇ ਤੁਸੀਂ ਮਨੁੱਖੀ ਹੱਕਾਂ ਨਾਲ ਪਿਆਰ ਕਰਦੇ ਹੋ ਤਾਂ ਤੁਸੀਂ ਕੀ ਕਰੋਗੇ ?
ਭਾਰਤ ਦੇ ਸੂਬਿਆਂ ਵਿਚ ਸਾਬਕਾ ਨੌਕਰਸ਼ਾਹਾਂ, ਸਾਬਕਾ ਕ੍ਰਿਕਟ ਖਿਡਾਰੀਆਂ, ਸਾਬਕਾ ਫੌਜੀ ਅਫਸਰਾਂ ਅਤੇ ਸਾਬਕਾ ਫ਼ਿਲਮੀ ਐਕਟਰਾਂ ਨੂੰ ਸਿਆਸਤ ਵਿਚ ਲਿਆ ਕੇ ਲੋਕਾਂ ਨੂੰ ਆਪਣੇ ਪੱਖ ਵਿਚ ਕਰਨ ਦੀ ਤਰਤੀਬ ਵਰਤੀ ਜਾ ਰਹੀ ਹੈ। ਅਜਿਹੇ ਲੋਕਾਂ ਦੇ ਪਿਛੋਕੜ ਨੂੰ ਜਾਣੇ ਬਿਨਾ ਜਾਂ ਜਾਣ-ਬੁੱਝ ਕੇ ਵੀ ਪੰਜਾਬ ਇਸ ਭੇਡ ਚਾਲ ਵਿਚ ਸ਼ਾਮਿਲ ਹੋ ਗਿਆ ਹੈ।
ਮਈ 2019 ਵਿਚ ਫਤਿਹਗੜ੍ਹ ਸਾਹਿਬ ਹਲਕੇ ਦੇ ਵੋਟਰਾਂ ਨੂੰ ਵੀ ਕੁਝ ਅਜਿਹਾ ਮਹੌਲ ਦੇਖਣ ਨੂੰ ਮਿਲੇਗਾ। ਬਹੁਤੀਆਂ ਸਿਆਸੀ ਪਾਰਟੀਆਂ ਵਲੋਂ ਕਈ "ਸਾਬਕਾ" ਉਮੀਦਵਾਰ ਦੇਖੇ ਜਾਣਗੇ । ਇਹ ਇੱਕ ਹੋਰ ਕਹਾਣੀ ਹੈ ਕਿ ਪਿਛਲੀ ਵਾਰ ਮੈਂਬਰ ਪਾਰਲੀਮੈਂਟ ਬਣਨ ਵਾਲੇ ਹਰਿੰਦਰ ਸਿੰਘ ਖਾਲਸਾ ਜੋ ਕਿ ਸਾਬਕਾ ਸਫੀਰ ਸਨ, ਪਿਛਲੀ ਪਾਰਲੀਮੈਂਟ ਦੇ ਪੂਰੇ 5 ਸਾਲ ਨਜ਼ਰ ਹੀ ਨਹੀਂ ਆਏ । ਇਸ ਹਲਕੇ ਦੇ ਕੁਝ ਵੋਟਰਾਂ ਨੇ ਸ਼ੋਸ਼ਲ ਮੀਡੀਏ ਉਤੇ ਮਜ਼ਾਕ ਵਿੱਚ ਟਿੱਪਣੀਆਂ ਕਸੀਆਂ ਸਨ, "ਸਾਡਾ ਐੱਮ ਪੀ ਗੁਆਚ ਗਿਆ ਹੈ, ਲੱਭਣ ਵਿੱਚ ਸਾਡੀ ਮੱਦਦ ਕਰੋ । ਲੱਭਣ ਵਾਲੇ ਨੂੰ ਇਨਾਮ ਦਿੱਤਾ ਜਾਵੇਗਾ। "
ਦਰਬਾਰਾ ਸਿੰਘ ਗੁਰੂ ੧੯੯੬ ਵਿੱਚ ਜਲੰਧਰ ਦੇ ਕਾਰਜਕਾਰੀ ਡਿਪਟੀ ਕਮਿਸ਼ਨਰ/ਜ਼ਿਲ੍ਹਾ ਮੈਜਿਸਟ੍ਰੇਟ ਵੀ ਸਨ

**ਬਾਕੀ ਸਫ਼ਾ 32 'ਤੇ**

# ਖਾਲਸਾ ਰਾਜ ਵੇਲੇ ਦੀ ਦਰਸ਼ਨੀ ਡਿਉਢੀ ਢਾਹੁਣ 'ਤੇ ਘਿਰੀ ਐਸਜੀਪੀਸੀ

- **ਜਗਤਾਰ ਸਿੰਘ ਦੇ ਕਾਰ ਸੇਵਕਾਂ ਨੇ ਰਾਤ ਦੇ ਹਨੇਰੇ 'ਚ ਕੀਤੀ ਕਾਰਵਾਈ**
- **ਇਤਿਹਾਸਕ ਡਿਉਢੀ ਨੂੰ ਕੰਵਰ ਨੌਨਿਹਾਲ ਸਿੰਘ ਨੇ ਸੀ ਉਸਾਰਿਆ**
- **ਗੁਰਦੁਆਰਿਆਂ ਦੀ ਕਾਰਸੇਵਾ ਦੇ ਨਾਂ 'ਤੇ ਚੱਲ ਰਹੀ ਹੈ ਠੇਕੇਦਾਰੀ**

**ਅੰਮ੍ਰਿਤਸਰ/ਬਿਊਰੋ ਨਿਊਜ਼ :**
ਪੰਜਾਬ ਵਿਚ ਰਾਤ ਦੇ ਹਨੇਰੇ ਵਿਚ ਦੋ ਸੌ ਸਾਲ ਪਹਿਲਾਂ ਮਹਾਰਾਜਾ ਰਣਜੀਤ ਸਿੰਘ ਦੇ ਦੌਰ ਵਿਚ ਕੰਵਰ ਨੌਨਿਹਾਲ ਸਿੰਘ ਦੀ ਅਗਵਾਈ ਵਿਚ ਬਣਾਈ ਹੋਈ ਦਰਬਾਰ ਸਾਹਿਬ ਤਰਨ ਤਾਰਨ ਦੀ ਡਿਉਢੀ ਨੂੰ ਢਾਹੁਣ ਦੀ ਕਾਰਵਾਈ ਨੇ ਵਿਸ਼ਵ ਭਰ ਦੇ ਸਿੱਖਾਂ ਵਿਚ ਰੋਸ ਦੀ ਲਹਿਰ ਖੜ੍ਹੀ ਕਰ ਦਿੱਤੀ ਹੈ। ਸ਼੍ਰੋਮਣੀ ਕਮੇਟੀ ਵੱਲੋਂ ਥਾਪੇ ਕਾਰ ਸੇਵਾ ਵਾਲੇ ਬਾਬੇ ਜਗਤਾਰ ਸਿੰਘ ਨੇ ਇਹ ਲਗਭੱਗ ਅੱਧੀ ਢਾਹ ਦਿੱਤੀ ਹੈ। ਡਿਉਢੀ ਦੇ



ਗੁੰਬਦ ਅਤੇ ਛੱਜੇ ਢਾਹ ਸੁੱਟੇ ਗਏ ਪਰ ਤਰਨਤਾਰਨ ਸ਼ਹਿਰ ਦੀ ਜਾਗਰੂਕ ਸਿੱਖ ਸੰਗਤ ਵਲੋਂ ਮੌਕੇ ਉਤੇ ਕੀਤੇ ਗਏ ਜਬਰਦਸਤ ਵਿਰੋਧ ਅੱਗੇ ਕਾਰ ਸੇਵਾ ਵਾਲੇ ਬਾਬਾ ਜਗਤਾਰ ਸਿੰਘ ਅਤੇ ਸ਼੍ਰੋਮਣੀ ਕਮੇਟੀ ਦੇ ਕਰਿੰਦਿਆਂ ਦੀ ਕੋਈ ਵਾਹ ਨਾ ਚੱਲੀ ਤੇ ਡਿਉਢੀ ਦਾ ਵੱਡਾ ਹਿੱਸਾ ਨੇਸਤੋ-ਨਾਬੂਦ ਹੋਣ ਤੋਂ ਬਚ ਗਿਆ। ਬਾਬਾ ਜਗਤਾਰ ਸਿੰਘ ਦੇ ਸੇਵਾਦਾਰਾਂ ਨੇ ਰਾਤ ਦੇ ਹਨੇਰੇ ਵਿਚ 200 ਹਥਿਆਰਬੰਦ

**ਬਾਕੀ ਸਫ਼ਾ 11 'ਤੇ**

## ਏਜੀਪੀਸੀ ਵੱਲੋਂ ਦਰਸ਼ਨੀ ਡਿਉਢੀ ਢਾਹੁਣ ਦੀ ਸਖ਼ਤ ਨਿੰਦਾ

**ਸਨ ਫਰਾਂਸਿਸਕੋ/ਏਟੀ ਨਿਊਜ਼ :** ਅਮਰੀਕੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਤਰਨ ਤਾਰਨ ਦੇ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਵਿਖੇ ਪੁਰਾਤਨ ਇਤਿਹਾਸਕ ਦਰਸ਼ਨੀ ਡਿਉਢੀ ਨੂੰ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਹਿਮਤੀ ਨਾਲ ਗੋਇੰਦਵਾਲ ਸਥਿਤ ਸੰਪਰਦਾ ਡੇਰਾ ਬਾਬਾ ਜੀਵਨ ਸਿੰਘ ਦੇ ਮੁਖੀ ਬਾਬਾ ਜਗਤਾਰ ਸਿੰਘ ਦੇ ਸੇਵਾਦਾਰਾਂ ਦੁਆਰਾ ਢਾਹੁਣ ਦੀ ਸਖ਼ਤ ਸ਼ਬਦਾਂ 'ਚ ਨਿਖੇਧੀ ਕਰਦਿਆਂ ਇਸ ਨੂੰ ਬਹੁਤ ਹੀ ਮੰਦਭਾਗਾ ਕਾਰਾ ਦੱਸਿਆ। ਉਨ੍ਹਾਂ ਨੇ ਕਿਹਾ ਕਿ ਬਾਬਾ ਜਗਤਾਰ ਸਿੰਘ ਦੇ ਸੇਵਾਦਾਰਾਂ ਵੱਲੋਂ ਕੀਤੀ ਇਸ ਕਾਰਵਾਈ ਨਾਲ ਸਮੂਹ ਸਿੱਖ ਜਗਤ 'ਚ ਰੋਸ ਪਾਇਆ ਜਾ ਰਿਹਾ ਹੈ। ਇਸ ਨਾਲ ਸਿੱਖਾਂ ਦੀਆਂ ਭਾਵਨਾਵਾਂ ਨੂੰ ਗਹਿਰੀ ਠੇਸ ਪੁੱਜੀ ਹੈ। ਇਸ ਸਬੰਧੀ ਜਾਰੀ ਪ੍ਰੈਸ ਬਿਆਨ 'ਚ ਏਜੀਪੀਸੀ ਦੇ ਕਨਵੀਨਰ ਸ. ਪ੍ਰਿਤਪਾਲ ਸਿੰਘ, ਜੋ ਕਿ ਸਿੱਖ ਸੰਸਥਾ ਦੇ ਅੰਤਰਰਾਸ਼ਟਰੀ ਸਲਾਹਕਾਰ ਕਮੇਟੀ ਦੇ ਮੈਂਬਰ

**ਬਾਕੀ ਸਫ਼ਾ 30 'ਤੇ**














## ਵਰਕਰਾਂ ਦੀ ਲੋੜ

ਯੂਰੇਕਾ, (Eureka) ਕੈਲੀਫੋਰਨੀਆ ਵਿਖੇ ਰੈਸਟੋਰੈਂਟ ਵਿਚ ਕੰਮ ਕਰਨ ਵਾਲੇ Dish Washer ਦੀ ਲੋੜ ਹੈ।

ਰਿਹਾਇਸ਼ ਅਤੇ ਖਾਣਾ ਮੁਫ਼ਤ ਦਿੱਤਾ ਜਾਵੇਗਾ।

ਸੰਪਰਕ ਕਰੋ:
Gurpreet Singh Sohal :
707-498-9325
Email : redwoodpetroleum@gmail.com

# ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ (ਏ ਜੀ ਪੀ ਸੀ)

## ਪਾਕਿਸਤਾਨੀ ਪੰਜਾਬ ਦੇ ਗਵਰਨਰ
## ਚੌਧਰੀ ਮੁਹੰਮਦ ਸਰਵਰ
## ਦੇ ਕੈਲੀਫੋਰਨੀਆ (ਅਮਰੀਕਾ) ਆਉਣ 'ਤੇ ਜੀ ਆਇਆ ਨੂੰ ਆਖਿਆ ਜਾਂਦਾ ਹੈ



ਚੌਧਰੀ ਮੁਹੰਮਦ ਸਰਵਰ

**ਚੌਧਰੀ ਮੁਹੰਮਦ ਸਰਵਰ ਅਮਰੀਕਾ ਆਉਣ 'ਤੇ ਉਨ੍ਹਾਂ ਦੇ ਵੱਖ ਵੱਖ ਪ੍ਰੋਗਰਾਮਾਂ ਦਾ ਵੇਰਵਾ**

13 ਅਪ੍ਰੈਲ 2019 ਦਿਨ ਸ਼ਨਿੱਚਰਵਾਰ ਨੂੰ ਫਰੀਮੌਂਟ, ਕੈਲੀਫੋਰਨੀਆ
14 ਅਪ੍ਰੈਲ 2019 ਦਿਨ ਐਤਵਾਰ ਨੂੰ ਗੁਰਦੁਆਰਾ ਸਾਹਿਬ ਸਟਾਕਟਨ
ਇਸ ਮੌਕੇ ਚੌਧਰੀ ਮੁਹੰਮਦ ਨੂੰ ਸਨਮਾਨਿਤ ਵੀ ਕੀਤਾ ਜਾਵੇਗਾ।

**ਹੋਰ ਜਾਣਕਾਰੀ ਲਈ ਸੰਪਰਕ ਕਰੋ : 408-898-7056**

**ਜਾਰੀ ਕਰਤਾ : ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ**



# Travel for Less Inc.

SPECIALIZED IN DISCOUNT FARES WORLDWIDE
**INDIA | PAKISTAN | EUROPE**

ASIANA AIRLINES
A STAR ALLIANCE MEMBER

Asiana Airlines
Daily Flight To New Delhi

ਅਗਰ ਤੁਸੀ ਇੰਡਿਆਂ ਜਾਣ ਲਈ ਸਸਤੀਆਂ ਟਿਕਟਾ ਲਭ ਰਹੇ ਹੋ ਜਾਂ ਫਿਰ ਤੁਹਾਨੂੰ ਸੀਟ ਮਿਲਣ ਵਿਚ ਦਿਕਤ ਆ ਰਹੀ ਹੈ ਤਾਂ ਸਾਨੂੰ ਇੱਕ ਵਾਰ ਕਾਲ ਜਰੂਰ ਕਰੋ ਅਸੀ ਹਰੇਕ ਵੱਡੀ ਏਅਰਲਾਈਨ ਦੀਆਂ ਟਿਕਟਾ ਬਹੁਤ ਵਧੀਆ ਰੇਟਾਂ ਤੇ ਵੇਚਦੇ ਹਾਂ।

Best deals on major airlines like

ASIANA AIRLINES
CHINA AIRLINES
BRITISH AIRWAYS
CATHAY PACIFIC
virgin atlantic
SINGAPORE AIRLINES
Emirates
الاتحاد ETIHAD AIRWAYS
Lufthansa
QATAR AIRWAYS القطرية
BBB
IATAN

8th time in a row
2016 Best of Fremont Award

CALL US TO GET BEST RATES FOR YOUR AIR TICKETS TO INDIA AND WORLDWIDE.

CST NO : 2031914-40

We have moved to

**Serving the Bay Area Since 1996**
**32116-Alvarado Blvd. Union City, CA-94587**
Email: info@travelforlessinc.com

**CALL 510-791-3300** Book online 24x7 @ www.Letsflyhome.com

# ਸਿੱਖ ਪੰਚਾਇਤ ਦੇ ਸੀਨੀਅਰ ਮੈਂਬਰਾਂ ਵੱਲੋਂ ਨਵੀਂ ਲੀਡਰਸ਼ਿਪ ਲਈ ਰਾਹ ਪੱਧਰਾ

**ਫਰੀਮੌਂਟ/ਏਟੀ ਨਿਊਜ਼ :**
ਗੁਰਦੁਆਰਾ ਸਾਹਿਬ ਫਰੀਮੌਂਟ ਦੀ ਸਿੱਖ ਪੰਚਾਇਤ ਨੇ ਢਾਂਚੇ ਨੂੰ ਮਜ਼ਬੂਤ ਕਰਨ ਲਈ ਪਿਛਲੇ ਹਫ਼ਤੇ ਕੋਰ ਕਮੇਟੀ ਦੀ ਚੋਣ ਕੀਤੀ ਸੀ। ਇਸ ਹਫ਼ਤੇ ਸੀਨੀਅਰ ਮੈਂਬਰਾਂ ਦੀ ਇੱਕ ਸਲਾਹਕਾਰ ਕਮੇਟੀ ਬਣਾਈ ਗਈ ਹੈ, ਜਿਹੜੇ ਨੀਤੀਆਂ ਬਣਾਉਣ ਅਤੇ ਲਾਗੂ ਕਰਨ ਦੇ ਜ਼ੁੰਮੇਵਾਰ ਹੋਣਗੇ।



ਸਲਾਹਕਾਰ ਕਮੇਟੀ ਵਿਚ ਤਿੰਨ ਸਾਬਕਾ ਸੁਪਰੀਮ ਕੌਂਸਲ ਮੈਂਬਰਾਂ ਭਾਈ ਗੁਰਪਾਲ ਸਿੰਘ ਹੰਸਰਾ, ਭਾਈ ਦਵਿੰਦਰ ਸਿੰਘ ਤੇ ਭਾਈ ਗੁਰਿੰਦਰ ਸਿੰਘ ਸਿੱਧੂ ਨਾਲ 11 ਹੋਰ ਮੈਂਬਰ ਲਾਏ ਗਏ ਹਨ। ਸਲਾਹਕਾਰ ਕਮੇਟੀ ਅਤੇ ਕਮੇਟੀ ਦੇ ਕੰਮਾਂ ਸਬੰਧੀ ਮੀਟਿੰਗਾਂ ਲਈ ਭਾਈ ਜਸਦੇਵ ਸਿੰਘ ਕੋਆਰਡੀਨੇਟਰ ਦੀ ਸੇਵਾ ਨਿਭਾਉਣਗੇ। ਸਲਾਹਕਾਰ ਕਮੇਟੀ ਦੇ ਹੋਰ ਮੈਂਬਰਾਂ ਵਿਚ ਦਵਿੰਦਰ ਸਿੰਘ ਢਿੱਲੋਂ, ਗੁਰਪਾਲ ਸਿੰਘ ਹੰਸਰਾ, ਗੁਰਿੰਦਰ ਸਿੰਘ ਸਿੱਧੂ, ਦਵਿੰਦਰ ਸਿੰਘ ਬਾਬਕ, ਡਾਕਟਰ ਪ੍ਰਿਤਪਾਲ ਸਿੰਘ, ਰਾਮ ਸਿੰਘ, ਕਸ਼ਮੀਰ ਸਿੰਘ ਸ਼ਾਹੀ, ਬਲਜੀਤ ਸਿੰਘ, ਜਸਜੀਤ ਸਿੰਘ, ਗੁਰਜੀਤ ਸਿੰਘ ਬਰਾੜ, ਕੁਲਵੰਤ ਸਿੰਘ ਖਹਿਰਾ, ਨਿਰਪਾਲ ਸਿੰਘ, ਕੁਲਦੀਪ ਸਿੰਘ ਬਾਜਵਾ ਅਤੇ ਬਲਵਿੰਦਰਪਾਲ ਸਿੰਘ ਖਾਲਸਾ ਸ਼ਾਮਿਲ ਹਨ।

# ਸੀਰਸ ਗੁਰੂਘਰ ਦੀਆਂ ਚੋਣਾਂ ਵਿਚ ਏ ਸਲੇਟ ਦੇ ਉਮੀਦਵਾਰਾਂ ਦੀ ਸ਼ਾਨਦਾਰ ਜਿੱਤ



ਜਗਤਾਰ ਸਿੰਘ ਸਿੱਧੂ, ਸੁਖਮੰਦਰ ਸਿੰਘ ਬਰਾੜ, ਗੁਰਮੇਲ ਸਿੰਘ ਸਿੱਧੂ, ਬਿੰਦਰ ਸਿੰਘ ਚਾਹਲ, ਪਰਮਜੀਤ ਸਿੰਘ ਬੈਂਸ, ਟਹਿਲ ਸਿੰਘ ਦੁਸਾਂਝ, ਸੁਰਜੀਤ ਸਿੰਘ, ਬਲਵੰਤ ਸਿੰਘ ਧਾਮੀ, ਰਾਜਮੀਤ ਸਿੰਘ ਗਰੇਵਾਲ, ਮਨਜੀਤ ਸਿੰਘ ਸੈਹੰਬੀ, ਨਿਰਮਲ ਸਿੰਘ ਧਾਲੀਵਾਲ

**ਮੋਡਿਸਟੋ/ਏਟੀ ਨਿਊਜ਼ :**
ਸੀਰਸ ਗੁਰੂਘਰ ਦੀ 31 ਮਾਰਚ ਨੂੰ ਹੋਈ ਚੋਣ ਵਿਚ ਏ ਸਲੇਟ ਦੇ ਸਾਰੇ 11 ਉਮੀਦਵਾਰਾਂ ਨੇ ਸ਼ਾਨਦਾਰ ਜਿੱਤ ਦਰਜ ਕੀਤੀ ਹੈ ਜਦ ਕਿ ਬੀ ਸਲੇਟ ਦੇ ਸਾਰੇ 11 ਉਮੀਦਵਾਰਾਂ ਨੂੰ ਹਾਰ ਦਾ ਮੂੰਹ ਵੇਖਣਾ ਪਿਆ ਹੈ। ਵੋਟਾਂ ਪੈਣ ਦਾ ਕੰਮ ਸਵਰੇ 8 ਵਜੇ ਸ਼ੁਰੂ ਹੋਇਆ ਜੋ ਸ਼ਾਮ 5 ਵਜੇ ਤੱਕ ਨਿਰਵਿਘਨ ਚਲਦਾ ਰਿਹਾ। ਕੁੱਲ 1387 ਵੋਟਾਂ ਪਈਆਂ ਜਿਨ੍ਹਾਂ ਵਿਚੋਂ ਏ ਸਲੇਟ ਨੂੰ 241 ਵੋਟਾਂ ਵੱਧ ਮਿਲੀਆਂ। ਦੋਵਾਂ ਸਲੇਟਾਂ ਦੇ ਬੂਥਾਂ 'ਤੇ ਭਾਰੀ ਰੌਣਕ ਮੇਲਾ ਲੱਗਾ ਰਿਹਾ ਪਰ ਏ ਸਲੇਟ ਵਾਲੇ ਪਾਸੇ ਜਿਆਦਾ ਉਤਸ਼ਾਹ ਅਤੇ ਜ਼ੋਰ ਵੇਖਣ ਨੂੰ ਮਿਲਿਆ। ਏ ਸਲੇਟ ਦੇ ਉਮੀਦਵਾਰਾਂ ਨੂੰ ਪੁਰਾਣੀ ਤੇ ਨਵੀਂ ਸੰਗਤ ਨੇ ਪੂਰਾ ਸਮਰਥਨ ਦਿੱਤਾ। ਬੀ ਸਲੇਟ ਦੇ ਕੁਝ ਉਮੀਦਵਾਰਾਂ ਨੇ ਦੱਸਿਆ ਕਿ ਲੋਕ ਪਰਚੀਆਂ ਸਾਡੇ ਕੋਲੋਂ ਲੈਂਦੇ ਰਹੇ ਪਰ ਵੋਟਾਂ ਉਹ ਏ ਸਲੇਟ ਨੂੰ ਪਾ ਗਏ। ਇਸ ਤੋਂ ਜ਼ਾਹਿਰ ਹੁੰਦਾ ਹੈ ਕਿ ਸੰਗਤ ਦਾ ਸਮਰਥਨ ਤੇ ਪਿਆਰ ਏ ਸਲੇਟ ਨਾਲ ਸੀ। ਏ ਸਲੇਟ ਦੇ ਉਮੀਦਵਾਰਾਂ ਵਿਚੋਂ ਜਗਤਾਰ ਸਿੰਘ ਸਿੱਧੂ-774, ਸੁਖਮੰਦਰ ਸਿੰਘ ਬਰਾੜ (ਮੰਦਰ)-793, ਗੁਰਮੇਲ ਸਿੰਘ ਸਿੱਧੂ-762, ਬਿੰਦਰ ਸਿੰਘ ਚਾਹਲ-784, ਪਰਮਜੀਤ ਸਿੰਘ ਬੈਂਸ- 779, ਟਹਿਲ ਸਿੰਘ ਦੁਸਾਂਝ -739, ਸੁਰਜੀਤ ਸਿੰਘ-782, ਬਲਵੰਤ ਸਿੰਘ ਧਾਮੀ-767, ਰਾਜਮੀਤ ਸਿੰਘ ਗਰੇਵਾਲ-780, ਮਨਜੀਤ ਸਿੰਘ ਸੈਹੰਬੀ -776 ਤੇ ਨਿਰਮਲ ਸਿੰਘ ਧਾਲੀਵਾਲ ਨੂੰ 784 ਵੋਟਾਂ ਮਿਲੀਆਂ। ਬੀ ਸਲੇਟ ਦੇ ਉਮੀਦਵਾਰਾਂ ਵਿਚੋਂ ਸਰਬਜੀਤ ਸਿੰਘ ਗਿੱਲ-552, ਸੁਖਦੇਵ ਸਿੰਘ ਗਿੱਲ-555, ਸਰਬਜੀਤ ਸਿੰਘ ਲਾਲੀ-588, ਹਰਪ੍ਰੀਤ ਸਿੰਘ ਪੰਨੂ-564, ਜਰਨੈਲ ਸਿੰਘ ਸੰਧੂ-607, ਬਲਜਿੰਦਰ ਸਿੰਘ-567, ਗੁਰਮੀਤ ਸਿੰਘ-556, ਗੁਰਮੁਖ ਸਿੰਘ-581 ਜਗਜੀਤ ਸਿੰਘ-576, ਉਂਕਾਰ ਸਿੰਘ-574 ਤੇ ਸੀਤਲ ਸਿੰਘ ਨੂੰ 562 ਵੋਟਾਂ ਮਿਲੀਆਂ। ਚੋਣਾਂ ਨੂੰ ਸ਼ਾਂਤਮਈ ਵਧੀਆ ਢੰਗ ਨਾਲ ਨੇਪਰੇ ਚਾੜ੍ਹਨ ਵਿਚ ਐਡਵਾਈਜ਼ਰੀ ਕਮੇਟੀ ਦੇ 3 ਮੈਂਬਰਾਂ ਮਹਿੰਦਰ ਸਿੰਘ ਕੰਡਾ, ਰਣਜੀਤ ਸਿੰਘ ਬਰਿਆੜ ਤੇ ਗੁਰਵਿੰਦਰ ਸਿੰਘ ਦਾ ਵਿਸ਼ੇਸ਼ ਯੋਗਦਾਨ ਰਿਹਾ। ਉਨ੍ਹਾਂ ਵਲੋਂ ਬਹੁਤ ਹੀ ਵਧੀਆ ਢੰਗ ਨਾਲ ਚੋਣਾਂ ਦਾ ਪ੍ਰਬੰਧ ਕੀਤਾ ਗਿਆ। ਕਿਸੇ ਕਿਸਮ ਦੀ ਕੋਈ ਵੀ ਸ਼ਿਕਾਇਤ ਸੁਣਨ ਨੂੰ ਨਹੀਂ ਮਿਲੀ। ਸੁਰੱਖਿਆ ਦੇ ਪੂਰੇ ਇੰਤਜਾਮ ਸਨ। ਦੋਵਾਂ ਧਿਰਾਂ ਦੇ ਵਾਲੰਟੀਅਰਾਂ ਨੇ ਚੋਣਾਂ ਸੁਚੱਜੇ ਢੰਗ ਨਾਲ ਮੁਕੰਮਲ ਕਰਵਾਉਣ ਲਈ ਐਡਵਾਈਜ਼ਰੀ ਕਮੇਟੀ ਨਾਲ ਪੂਰਾ ਸਹਿਯੋਗ ਕੀਤਾ। ਸੰਗਤ ਨੇ ਆਸ ਪ੍ਰਗਟਾਈ ਹੈ ਕਿ ਜੇਤੂ ਰਹੇ ਏ ਸਲੇਟ ਦੇ ਉਮੀਦਵਾਰ ਪੂਰੀ ਤਨਦੇਹੀ ਤੇ ਸਮਰਪਿਤ ਭਾਵਨਾ ਨਾਲ ਗੁਰੂ ਘਰ ਦੀ ਸੇਵਾ ਕਰਨਗੇ।







ਔਕਲੈਂਡ ਪੋਰਟ, ਲਾਸ ਏਂਜਲਸ ਪੋਰਟ ਅਤੇ ਲੌਂਗ ਬੀਚ ਪੋਰਟ 'ਤੇ ਕੰਮ ਕਰਨ ਲਈ ਏ ਕਲਾਸ ਡਰਾਈਵਰਾਂ ਅਤੇ ਓਨਰ ਆਪ੍ਰੇਟਰਾਂ ਦੀ ਲੋੜ ਹੈ।

STUDENT DRIVER WELCOM
ਅਸੀਂ ਲਾਇਸੰਸ ਲੈਣ ਲਈ ਤੁਹਾਡੇ ਸਕੂਲ ਦਾ ਖਰਚਾ ਵੀ ਦਿੰਦੇ ਹਾਂ।

ਫਰਿਜ਼ਨੋ ਵੈਲੀ ਏਰੀਏ ਵਿਚੋਂ ਡਰਾਈਵਰਾਂ ਦੀ ਸਖ਼ਤ ਲੋੜ

- ਡ੍ਰਾਈ ਵੈਨ ਡਰਾਈਵਰਾਂ ਦੀ ਲੋੜ
- ਵਰਕ ਪਰਮਿਟ ਹੋਲਡਰ ਨਵੇਂ ਡਰਾਈਵਰਾਂ ਦਾ ਸਵਾਗਤ
- ਨਵੇਂ ਲਾਇਸੰਸ ਡਰਾਈਵਰਾਂ ਦਾ ਸਵਾਗਤ
- ਟ੍ਰੇਨਿੰਗ ਉਪਲੱਬਧ
- Double Endorsement ਵਾਲੇ ਡਰਾਈਵਰਾਂ ਦੀ ਲੋੜ ਹੈ।
- LA ਤੋਂ Bay Area-Sacramento-LA ਵਾਸਤੇ Hook Drop ਲੋਡ ਚੁੱਕੋ।
- ਅਸੀਂ ਡਰਾਈਵਰਾਂ ਨੂੰ 55 Cent ਤੱਕ per mile ਦਿੰਦੇ ਹਾਂ।
- ਸੋਮਵਾਰ ਤੋਂ ਸ਼ੁੱਕਰਵਾਰ ਪੰਜ ਦਿਨ ਕੰਮ ਕਰ ਕੇ ਮਹੀਨੇ ਦਾ ਡਾਲਰ $6000 ਕਮਾਓ।
- ਕੰਮ ਕਰਨ ਲਈ ਵਧੀਆ ਅਤੇ ਆਰਾਮਦਾਇਕ ਮਾਹੌਲ।
- ਅਸੀਂ ਪੋਰਟ 'ਤੇ ਸਭ ਤੋਂ ਜ਼ਿਆਦਾ ਪੈਸੇ ਦਿੰਦੇ ਹਾਂ।
- ਅਸੀਂ ਬੋਨਸ ਵੀ ਦਿੰਦੇ ਹਾਂ।
- ਰੋਜ਼ਾਨਾ ਸ਼ਾਮ ਨੂੰ ਘਰ ਜਾਓ।

ਟਰੱਕ ਰਿਪੇਅਰ ਮਕੈਨਿਕ ਦੀ ਲੋੜ

ਸੰਪਰਕ:
ਸਤਨਾਮ ਸਿੰਘ ਖਹਿਰਾ (510) 543-3778, ਜਗਤਾਰ ਸਿੰਘ (510) 918-2439, (510) 943-9578



ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ

ਪੰਜਾਬੀ ਢਾਬਾ

Now Open

Indiana

1480 N State Road 1, Cambridge City, IN 47327. 70 Exit 137

Diesel/Gas

ਟਰੱਕਾਂ ਵਾਲੇ ਭਰਾਵਾਂ ਲਈ
ਖੁੱਲ੍ਹ ਗਿਆ



ਇਥੇ ਮੰਜਿਆਂ ਉਪਰ ਬੈਠਕੇ ਖਾਓ-ਪੀਓ ਅਤੇ ਨਾਲ ਲੈ ਕੇ ਜਾਵੋ...
ਸਵਾਦ ਅਤੇ ਮਾਹੌਲ, ਜਿਵੇਂ ਆਪਣਾ ਪੰਜਾਬ ਤੇ ਘਰ ਦੀ...

ਕੀਮਤਾਂ ਬਹੁਤ ਹੀ ਵਾਜਬ !



ਸਹੂਲਤਾਂ
- ਪੰਜਾਬੀ ਢਾਬਾ
- ਸਸਤਾ ਡੀਜ਼ਲ
- Liquor, Beer & Wine
- truck repair, new showers, scale.

Free Buffet
over 100 gallons

open 6am to midnight

Phone: 765-478-6300





Raja™ SWEETS & CATERING®
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

Follow us on:

Toll Free 1-866-FOR-RAJA
www.rajasweets.com
msbains@rajasweets.com

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Fresh Sweets, Snacks & Food
Catering with Portable Tandoor
for up to 10000 guests
Lunch - Dinner - Take Out - Banquets

**Raja Sweets & Indian Cuisine**
31853 Alvarado Blvd. Union City CA 94587
Ph. (510) 489-9100 Fax (510) 489-9111

**Raja Indian Cuisine & Bar**
1275 W Winton Ave. Hayward CA 94545
Ph. (510) 264-9300 Fax (510) 264-9345

Call Makhan Bains or Ravinder Singh For Your Next Party

1-866-FOR-RAJA (367-7252)
www.RajaSweets.com

**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders






ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।

# PARADISE BALLROOMS

4100 Peralta Blvd. Fremont, CA 94536

(510) 900-6319

info@paradiseballrooms.com www.paradiseballrooms.com

## SERVICES INCLUDE

- CATERING
- SILVERWARE
- CHINAWARE
- DECORATED HALL
- LINEN
- SEVERAL BAR OPTIONS
- SECURITY
- WAIT STAFF
- FULL SETUP INCLUDING TABLE CLOTH, NAPKINS, CHAIRS ETC.

# ਜੱਗੀ ਜੌਹਲ ਸਮੇਤ ਚਾਰ ਖ਼ਿਲਾਫ਼ ਚਲਾਨ ਪੇਸ਼

## *ਮਾਮਲੇ ਦੀ ਸੁਣਵਾਈ 19 ਅਪਰੈਲ ਤੱਕ ਮੁਲਤਵੀ*

**ਫ਼ਰੀਦਕੋਟ/ਏਟੀ ਨਿਊਜ਼ :** ਸਟੇਟ ਸਪੈਸ਼ਲ ਅਪਰੇਸ਼ਨ ਸੈੱਲ ਅੰਮ੍ਰਿਤਸਰ ਵੱਲੋਂ ਸੂਬੇ ਵਿੱਚ ਖਾੜਕੂ ਗਤੀਵਿਧੀਆਂ ਫੈਲਾਉਣ ਅਤੇ ਖਾੜਕੂ ਗਰੁੱਪਾਂ ਨੂੰ ਪੈਸਾ ਤੇ ਹਥਿਆਰ ਮੁਹੱਈਆ ਕਰਵਾਉਣ ਦੇ ਦੋਸ਼ ਹੇਠ ਗ੍ਰਿਫ਼ਤਾਰ ਕੀਤੇ ਗਏ ਪਰਵਾਸੀ ਪੰਜਾਬੀ ਜਗਤਾਰ ਸਿੰਘ ਉਰਫ਼ ਜੱਗੀ ਜੌਹਲ, ਤਲਜੀਤ ਸਿੰਘ ਉਰਫ਼ ਜਿੰਮੀ, ਜਗਜੀਤ ਸਿੰਘ ਅਤੇ ਗੁਰਪ੍ਰੀਤ ਸਿੰਘ ਖ਼ਿਲਾਫ਼ ਸਥਾਨਕ ਅਦਾਲਤ ਵਿੱਚ ਚਲਾਨ ਪੇਸ਼ ਕੀਤਾ ਗਿਆ। ਅਦਾਲਤ ਨੇ ਇਸ ਮਾਮਲੇ ਦੀ ਸੁਣਵਾਈ 19 ਅਪਰੈਲ ਤੱਕ ਮੁਲਤਵੀ ਕਰ ਦਿੱਤੀ ਹੈ। ਦੱਸਣਯੋਗ ਹੈ ਕਿ ਜੱਗੀ ਜੌਹਲ ਨੂੰ ਸਟੇਟ ਅਪਰੇਸ਼ਨ ਸੈੱਲ ਅੰਮ੍ਰਿਤਸਰ ਨੇ ਗੁਰੂ ਰਾਮ ਦਾਸ ਹਵਾਈ ਅੱਡੇ ਤੋਂ ਮਈ 2017 ਵਿਚ ਗ੍ਰਿਫ਼ਤਾਰ ਕੀਤਾ ਸੀ। ਪੁਲੀਸ ਅਨੁਸਾਰ ਜੱਗੀ ਜੌਹਲ, ਤਲਜੀਤ ਸਿੰਘ, ਗੁਰਪ੍ਰੀਤ ਸਿੰਘ ਅਤੇ ਜਗਜੀਤ ਸਿੰਘ ਕਥਿਤ ਇੰਟਰਨੈਸ਼ਨਲ ਸਿੱਖ ਯੂਥ ਫੈਡਰੇਸ਼ਨ ਅਤੇ ਖਾਲਿਸਤਾਨ ਲਿਬਰੇਸ਼ਨ ਫੋਰਸ ਪਾਕਿਸਤਾਨ ਦੇ ਹਮਾਇਤੀ ਸਨ ਅਤੇ ਉਨ੍ਹਾਂ ਨੂੰ ਵਿਦੇਸ਼ਾਂ ਵਿਚੋਂ ਹਥਿਆਰਾਂ ਲਈ ਪੈਸਾ ਮੁਹੱਈਆ ਕਰਵਾਉਂਦੇ ਸਨ। ਪੁਲੀਸ ਨੇ 2 ਜਨਵਰੀ 2018 ਨੂੰ ਇਨ੍ਹਾਂ ਖ਼ਿਲਾਫ਼ ਗ਼ੈਰ-ਕਾਨੂੰਨੀ ਗਤੀਵਿਧੀਆਂ ਰੋਕੂ ਐਕਟ ਅਤੇ ਅਸਲਾ ਐਕਟ ਤਹਿਤ ਪਰਚਾ ਦਰਜ ਕੀਤਾ ਸੀ। ਜਾਂਚ ਏਜੰਸੀ ਇਸ ਮਾਮਲੇ ਦੀ ਪੜਤਾਲ ਮਿੱਥੇ ਸਮੇਂ ਵਿੱਚ ਮੁਕੰਮਲ ਨਹੀਂ ਕਰ ਸਕੀ ਸੀ, ਜਿਸ ਕਰਕੇ ਸਾਰੇ ਮੁਲਜ਼ਮਾਂ ਨੂੰ ਇਸ ਮੁਕੱਦਮੇ ਵਿਚੋਂ ਜ਼ਮਾਨਤ ਮਿਲ ਗਈ ਸੀ। ਕੇਂਦਰ ਅਤੇ ਪੰਜਾਬ ਸਰਕਾਰ ਦੇ ਗ੍ਰਹਿ ਵਿਭਾਗ ਵੱਲੋਂ ਮੁਲਜ਼ਮਾਂ ਖ਼ਿਲਾਫ਼ ਮੁਕੱਦਮਾ ਚਲਾਉਣ ਦੀ ਮਨਜ਼ੂਰੀ ਮਿਲਣ ਤੋਂ ਬਾਅਦ ਪੁਲੀਸ ਨੇ ਅਦਾਲਤ ਸਾਹਮਣੇ ਦੋਸ਼ ਪੱਤਰ ਪੇਸ਼ ਕਰ ਦਿੱਤੇ ਹਨ।



## *ਮਾਮਲਾ ਸਿੱਖ ਕਤਲੇਆਮ ਦੇ 186 ਕੇਸਾਂ ਦੀ ਜਾਂਚ ਨਿਬੇੜਨ ਦਾ*

# ਸੁਪਰੀਮ ਕੋਰਟ ਨੇ ਸਿੱਟ ਨੂੰ ਦਿੱਤੀ ਦੋ ਮਹੀਨਿਆਂ ਦੀ ਮੋਹਲਤ

**ਨਵੀਂ ਦਿੱਲੀ/ਏਟੀ ਨਿਊਜ਼ :** ਸੁਪਰੀਮ ਕੋਰਟ ਨੇ ਸਿੱਟ ਨੂੰ ਨਵੰਬਰ '84 ਦੇ ਸਿੱਖ ਵਿਰੋਧੀ ਕਤਲੇਆਮ ਨਾਲ ਸਬੰਧਤ 186 ਕੇਸਾਂ ਦੀ ਜਾਂਚ ਦੋ ਮਹੀਨਿਆਂ ਅੰਦਰ ਮੁਕੰਮਲ ਕਰਨ ਨੂੰ ਕਿਹਾ ਹੈ। ਸਿੱਟ ਨੇ ਜਸਟਿਸ ਐਸ.ਏ.ਬੋਬੜੇ ਤੇ ਐਸ. ਅਬਦੁਲ ਨਜ਼ੀਰ ਦੇ ਬੈਂਚ ਨੂੰ ਦੱਸਿਆ ਕਿ ਇਨ੍ਹਾਂ ਕੇਸਾਂ ਦੀ ਜਾਂਚ ਸਬੰਧੀ 50 ਫੀਸਦ ਕੰਮ ਮੁਕੰਮਲ ਹੈ ਤੇ ਬਕਾਇਆ ਕੰਮ ਪੂਰਾ ਕਰਨ ਲਈ ਅਜੇ ਦੋ ਮਹੀਨੇ ਹੋਰ ਲੱਗਣਗੇ। ਬੈਂਚ ਨੇ ਇਸ ਮਗਰੋਂ ਸਿੱਟ ਨੂੰ ਦੋ ਮਹੀਨੇ ਦਾ ਸਮਾਂ ਦੇ ਦਿੱਤਾ। ਸੁਪਰੀਮ ਕੋਰਟ ਨੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਿੱਲੀ ਦੇ ਮੈਂਬਰ ਐਸ.ਗੁਰਲਾਦ ਸਿੰਘ ਦੀ ਪਟੀਸ਼ਨ 'ਤੇ ਸਬੰਧਿਤ ਧਿਰਾਂ ਨੂੰ ਵੀ ਨੋਟਿਸ ਜਾਰੀ ਕੀਤਾ ਹੈ। ਪਟੀਸ਼ਨ ਵਿੱਚ ਕਤਲੇਆਮ ਲਈ ਨਾਮਜ਼ਦ 62 ਪੁਲੀਸ ਮੁਲਾਜ਼ਮਾਂ ਦੀ ਭੂਮਿਕਾ ਨੂੰ ਘੋਖਣ ਦੀ ਮੰਗ ਕੀਤੀ ਗਈ ਹੈ।



# ਪੰਜਾਬ ਪੁਲਿਸ ਵੱਲੋਂ 5 ਸਿੱਖ ਨੌਜਵਾਨ ਗ੍ਰਿਫਤਾਰ

**ਚੰਡੀਗੜ੍ਹ/ਏਟੀ ਨਿਊਜ਼ :** ਪੰਜਾਬ ਪੁਲਿਸ ਦੇ ਵਿਸ਼ੇਸ਼ ਆਪਰੇਸ਼ਨ ਸੈੱਲ ਨੇ ਮੋਹਾਲੀ ਤੋਂ 5 ਸਿੱਖ ਨੌਜਵਾਨਾਂ ਨੂੰ ਗ੍ਰਿਫਤਾਰ ਕਰਕੇ ਇਹਨਾਂ ਨੌਜਵਾਨਾਂ 'ਤੇ ਹਿੰਸਕ ਗਤੀਵਿਧੀਆਂ ਦੀ ਤਿਆਰੀ ਕਰਨ ਦਾ ਦੋਸ਼ ਲਾਇਆ ਹੈ। ਪੁਲਿਸ ਨੇ ਇਹਨਾਂ ਨੌਜਵਾਨਾਂ ਨੂੰ ਮੋਹਾਲੀ ਦੇ 6 ਫੇਜ਼ ਵਿਚ ਸਥਿਤ ਦਾਰਾ ਸਟੂਡੀਓ ਨੇੜਿਓਂ ਗ੍ਰਿਫਤਾਰ ਕਰਨ ਦਾ ਦਾਅਵਾ ਕੀਤਾ ਹੈ। ਪੁਲਿਸ ਵੱਲੋਂ ਗ੍ਰਿਫਤਾਰ ਕੀਤੇ ਗਏ ਨੌਜਵਾਨਾਂ ਦੀ ਪਛਾਣ ਗੁਰਪ੍ਰੀਤ ਸਿੰਘ ਨਿਵਾਸੀ ਸੈਕਟਰ 20 - ਚੰਡੀਗੜ੍ਹ, ਹਰਵਿੰਦਰ ਸਿੰਘ ਨਿਵਾਸੀ ਸੈਕਟਰ 12 - ਪੰਚਕੂਲਾ, ਸੁਲਤਾਨ ਸਿੰਘ ਨਿਵਾਸੀ ਕੁਰੂਕਸ਼ੇਤਰ (ਹਰਿਆਣਾ), ਕਰਮਜੀਤ ਸਿੰਘ ਨਿਵਾਸੀ ਮੋਗਾ ਤੇ ਲਵਪ੍ਰੀਤ ਸਿੰਘ ਨਿਵਾਸੀ ਸੰਗਰੂਰ ਵਜੋਂ ਹੋਈ ਹੈ। ਇਹਨਾਂ ਨੌਜਵਾਨਾਂ ਖਿਲਾਫ ਦਰਜ ਐਫਆਈਆਰ ਨੰ. 2 ਵਿਚ ਗੈਰਕਾਨੂੰਨੀ ਗਤੀਵਿਧੀਆਂ ਰੋਕੂ ਕਾਨੂੰਨ ਦੀਆਂ ਧਾਰਾਵਾਂ 17, 18, 20 ਅਤੇ ਅਸਲਾ ਕਾਨੂੰਨ ਦੀਆਂ ਧਾਰਾਵਾਂ 25, 54, 59 ਅਧੀਨ ਮਾਮਲਾ ਦਰਜ ਕੀਤਾ ਗਿਆ ਹੈ।

**ਪੁਲਿਸ ਦਾ ਦਾਅਵਾ-** ਵਿਸ਼ੇਸ਼ ਆਪਰੇਸ਼ਨ ਸੈੱਲ ਦੇ ਏਆਈਜੀ ਵਰਿੰਦਰ ਪਾਲ ਸਿੰਘ ਨੇ ਦਾਅਵਾ ਕੀਤਾ ਕਿ ਉਪਰੋਕਤ ਨੌਜਵਾਨ ਉਨ੍ਹਾਂ ਸਾਰੇ ਵਿਅਕਤੀਆਂ ਨੂੰ ਨਿਸ਼ਾਨਾ ਬਣਾਉਣਾ ਚਾਹੁੰਦੇ ਸਨ, ਜਿਹੜੇ ਕਿਵੇਂ ਨਾ ਕਿਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਨਾਲ ਜੁੜੇ ਰਹੇ ਹਨ। ਪੁਲਿਸ ਨੇ ਇਹਨਾਂ ਨੌਜਵਾਨਾਂ ਕੋਲੋਂ ਇਕ .32 ਬੋਰ ਦਾ ਪਿਸਤੌਲ ਅਤੇ ਚਾਰ ਕਾਰਤੂਸ ਤੇ ਮੈਗਜ਼ੀਨ ਮਿਲਣ ਦਾ ਦਾਅਵਾ ਕੀਤਾ ਹੈ। ਇਸ ਤੋਂ ਇਲਾਵਾ ਪੁਲਿਸ ਨੇ ਇਹਨਾਂ ਨੌਜਵਾਨਾਂ ਕੋਲੋਂ ਬੱਬਰ ਖਾਲਸਾ ਇੰਟਰਨੈਸ਼ਨਲ ਦੇ 15 ਲੈਟਰ ਪੈਡ ਮਿਲਣ ਦਾ ਵੀ ਦਾਅਵਾ ਕੀਤਾ ਹੈ। ਪੁਲਿਸ ਅਫਸਰ ਨੇ ਦਾਅਵਾ ਕੀਤਾ ਹੈ ਕਿ ਇਹਨਾਂ ਨੌਜਵਾਨਾਂ ਦਾ ਸੰਪਰਕ ਤਿਹਾੜ ਜੇਲ੍ਹ ਵਿਚ ਨਜ਼ਰਬੰਦ ਸਿੱਖ ਜੁਝਾਰੂ ਆਗੂ ਭਾਈ ਜਗਤਾਰ ਸਿੰਘ ਹਵਾਰਾ ਨਾਲ ਵੀ ਸੀ ਤੇ ਇਸ ਦਾਅਵੇ ਲਈ ਉਹਨਾਂ ਇਸ ਗੱਲ ਨੂੰ ਅਧਾਰ ਬਣਾਇਆ ਹੈ ਕਿ ਗ੍ਰਿਫਤਾਰ ਕੀਤਾ ਨੌਜਵਾਨ ਗੁਰਪ੍ਰੀਤ ਸਿੰਘ ਭਾਈ ਹਵਾਰਾ ਨਾਲ ਤਿਹਾੜ ਜੇਲ੍ਹ ਵਿਚ ਮੁਲਾਕਾਤ ਵੀ ਕਰਕੇ ਆਇਆ ਹੈ। ਦੱਸਣਯੋਗ ਹੈ ਕਿ ਭਾਈ ਹਵਾਰਾ ਲੰਬੇ ਸਮੇਂ ਤੋਂ ਜੇਲ੍ਹ ਵਿਚ ਨਜ਼ਰਬੰਦ ਹਨ ਤੇ ਉਹਨਾਂ ਦੇ ਮੁਲਾਕਾਤੀਆਂ ਦੀ ਇਕ ਲੰਬੀ ਸੂਚੀ ਹੈ ਜੋ ਉਹਨਾਂ ਨਾਲ ਮੁਲਾਕਾਤਾਂ ਕਰਦੇ ਹਨ। ਪੁਲਿਸ ਨੇ ਇਸ ਮਾਮਲੇ ਵਿਚ ਵੀ ਬੀਤੇ ਕੁਝ ਸਮੇਂ ਤੋਂ ਚੱਲੀ ਆ ਰਹੀ ਕਹਾਣੀ ਨੂੰ ਜੋੜਿਆ ਹੈ ਕਿ ਇਹ ਨੌਜਵਾਨ ਸੋਸ਼ਲ ਮੀਡੀਆ ਰਾਹੀਂ ਵਿਦੇਸ਼ ਵਿਚ ਬੈਠੇ ਸਿੱਖਾਂ ਦੇ ਸੰਪਰਕ ਵਿਚ ਸਨ ਜੋ ਇਹਨਾਂ ਤੋਂ ਇਹ ਕਾਰਵਾਈਆਂ ਕਰਵਾਉਣੀਆਂ ਚਾਹੁੰਦੇ ਸਨ।



## ਵਕੀਲਾਂ ਵੱਲੋਂ ਪੁਲਿਸ 'ਤੇ ਮਾਨਵੀ ਹੱਕਾਂ ਦੇ ਘਾਣ ਦਾ ਦੋਸ਼

ਪੁਲਿਸ ਵੱਲੋਂ ਗ੍ਰਿਫਤਾਰ ਕੀਤੇ ਇਹਨਾਂ ਨੌਜਵਾਨਾਂ ਦੀ ਕਾਨੂੰਨੀ ਪੈਰਵਾਈ ਕਰਨ ਲਈ ਵਕੀਲ ਅਮਰ ਸਿੰਘ ਚਾਹਲ ਦੀ ਅਗਵਾਈ ਵਿਚ ਵਕੀਲਾਂ ਦੀ ਇਕ ਟੀਮ ਨੇ ਇਲਾਕਾ ਮੈਜਿਸਟ੍ਰੇਟ ਮੋਹਾਲੀ ਨੂੰ ਅਰਜ਼ੀ ਦਿੱਤੀ ਕਿ ਪੁਲਿਸ ਨੇ ਰਿਮਾਂਡ ਲੈਣ ਮੌਕੇ ਇਹਨਾਂ ਨੌਜਵਾਨਾਂ ਨੂੰ ਆਪਣਾ ਵਕੀਲ ਕਰਨ ਦੇ ਹੱਕ ਤੋਂ ਵਾਂਝਾ ਰੱਖਿਆ। ਉਹਨਾਂ ਮੰਗ ਕੀਤੀ ਕਿ ਇਹਨਾਂ ਦੇ ਕੇਸ ਦੀ ਪੈਰਵਾਈ ਕਰਨ ਲਈ ਵਕੀਲਾਂ ਨੂੰ ਪੁਲਿਸ ਹਿਰਾਸਤ ਵਿਚ ਨੌਜਵਾਨਾਂ ਨਾਲ ਮੁਲਾਕਾਤ ਕਰਨ ਦੀ ਪ੍ਰਵਾਨਗੀ ਦਿੱਤੀ ਜਾਵੇ।

## ਮਾਪਿਆਂ ਨੇ ਪੁਲਿਸ ਕਾਰਵਾਈ 'ਤੇ ਚੁੱਕੇ ਸਵਾਲ

ਮੋਗਾ ਦੇ ਪਿੰਡ ਰਾਓ ਕੇ ਕਲਾਂ ਦੇ ਰਹਿਣ ਵਾਲੇ ਕਰਮਜੀਤ ਸਿੰਘ ਦੇ ਪਰਿਵਾਰ ਨੇ ਪੁਲਿਸ ਕਾਰਵਾਈ ਉਤੇ ਸਵਾਲ ਚੁੱਕੇ ਹਨ। ਪੂਰੇ ਪਰਿਵਾਰ ਸਮੇਤ ਪਿੰਡ ਦੇ ਸਰਪੰਚ ਦਾ ਕਹਿਣਾ ਹੈ ਕਿ ਇਸ ਨੌਜਵਾਨ ਦੇ ਕਿਸੇ ਨਾਲ ਕੋਈ ਸਬੰਧ ਨਹੀਂ ਹਨ। ਬਰਗਾੜੀ ਮੋਰਚੇ ਵੇਲੇ ਇਸ ਨੇ ਅੰਮ੍ਰਿਤ ਛਕਿਆ ਸੀ ਤੇ ਇਹ ਪਲੰਬਰ ਦਾ ਕੰਮ ਕਰਦਾ ਹੈ। ਇਸ ਨੌਜਵਾਨ ਦੀ ਮਾਂ ਨੇ ਕਿਹਾ ਕਿ ਉਹ ਲੋਕਾਂ ਦੇ ਘਰਾਂ ਵਿਚ ਕੰਮ ਕਰਦੀ ਹੈ ਤੇ ਉਸ ਦੇ ਪਿਤਾ ਵੀ ਮਿਹਨਤ ਮਜ਼ਦੂਰੀ ਕਰਦੇ ਹਨ। ਉਸ ਦੀਆਂ ਤਿੰਨ ਭੈਣਾਂ ਹਨ, ਜੋ ਵਿਆਹੀਆਂ ਹਨ। ਪਰਿਵਾਰ ਗ੍ਰਿਫਤਾਰੀ ਦੀ ਖਬਰ ਸੁਣ ਕੇ ਸਦਮੇ ਵਿਚ ਹੈ।


CIS CALIFORNIA IMMIGRATION SERVICES
(Registered & Bonded)

- FAMILY IMMIGRATION
- GREEN CARD PETITION
- CITIZENSHIP
- OCI CARD / INDIAN PASSPORT
- BUSINESS / VISITOR VISA
- STUDENT VISA
- RELIGIOUS VISA
- U.K. VISA
- CANADA VISA & P.R.





Rosy (Kanwal) Kaur
Immigration Consultant / LDA

CALL FOR FREE INITIAL CONSULTATION !
Ph: 510-573-3666, 408-422-8585
Fremont Office: 4127 Bay Street, Suite 5 | Tracy Office: 68 E 11th St., Suite 103
Yuba City Office: 1650 Sierra Ave. Suite 206, CA 95993
www.caials.com rosy@caials.com



Allstate. You're in good hands.
ALL STATE INSURANCE
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544



CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ

- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ



ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਇਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ

ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ

Call, Banga (916) 427-4321, Fax (916) 258-0441
Email : sacramento99@yahoo.co, website: capitalservices.us

### ਜਸਟਿਸ ਗੁਰਨਾਮ ਸਿੰਘ ਜਾਂਚ ਪੜਤਾਲ ਕਮਿਸ਼ਨ, ਪੰਜਾਬ

# ਹਵਾਲਾ ਨਕੋਦਰ ਘਟਨਾ

## ਜਾਂਚ ਪੜਤਾਲ ਰਿਪੋਰਟ

ਚੰਡੀਗੜ੍ਹ, ਅਕਤੂਬਰ 31, 1986

**4 ਫਰਵਰੀ 1986 ਨੂੰ ਪੰਜਾਬ ਦੇ ਜਲੰਧਰ ਜ਼ਿਲ੍ਹੇ ਵਿਚ ਪੈਂਦੇ ਕਸਬਾ ਨਕੋਦਰ ਵਿਖੇ ਇਕ ਹੌਲਨਾਕ ਕਾਂਡ ਵਾਪਰਿਆ ਸੀ। ਅਖੌਤੀ ਸ਼ਿਵ ਸੈਨਿਕਾਂ ਨੇ ਪਵਿੱਤਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੀੜਾਂ ਦੀ ਬੇਅਦਬੀ ਕੀਤੀ ਸੀ। ਸਿੱਖ ਸੰਗਤਾਂ ਨੇ ਜਦੋਂ ਰੋਸ ਵਿਚ ਅਮਨ-ਪੂਰਵਕ ਜਲੂਸ ਕੱਢਿਆ ਤਾਂ ਪੁਲਿਸ ਨੇ ਅੰਨ੍ਹੇਵਾਹ ਗੋਲੀਆਂ ਚਲਾਈਆਂ ਦੇ ਲਾਠੀਚਾਰਜ ਕੀਤਾ। ਇਸ ਦੌਰਾਨ ਚਾਰ ਸਿੱਖ ਨੌਜਵਾਨ ਸ਼ਹੀਦ ਹੋਏ ਤੇ ਸੈਂਕੜੇ ਜ਼ਖਮੀ ਹੋਏ। ਇਸ ਬਾਬਤ ਤਤਕਾਲੀਨ ਸੁਰਜੀਤ ਸਿੰਘ ਬਰਨਾਲਾ ਦੀ ਅਕਾਲੀ ਸਰਕਾਰ ਨੇ ਜਾਂਚ ਵਾਸਤੇ ਜਸਟਿਸ ਗੁਰਨਾਮ ਸਿੰਘ ਕਮਿਸ਼ਨ ਦੀ ਸਥਾਪਨਾ ਕੀਤੀ ਸੀ, ਜਿਸ ਦੀ ਰਿਪੋਰਟ ਲੰਮਾ ਸਮਾਂ ਦਬਾ ਕੇ ਰੱਖਣ ਤੋਂ ਬਾਅਦ ਸਾਲ 2001 ਵਿਚ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਵੇਲੇ ਵਿਧਾਨ ਸਭਾ 'ਚ ਪੇਸ਼ ਹੋਈ ਪਰ ਬਾਦਲ ਸਰਕਾਰ ਨੇ ਵੀ ਕੋਈ ਕਾਰਵਾਈ ਕਰਨ ਦੀ ਥਾਂ ਇਸ ਰਿਪੋਰਟ ਨੂੰ ਮੁੜ ਨੱਪ ਲਿਆ। ਲੰਮੀ ਜੱਦੋਜਹਿਦ ਤੋਂ ਬਾਅਦ ਆਖਿਰ ਮੁੜ ਇਸ ਰਿਪੋਰਟ ਨੂੰ ਬਾਹਰ ਲਿਆਉਣ ਵਿਚ ਕਾਮਯਾਬੀ ਮਿਲੀ ਹੈ। ਅਦਾਰਾ "ਅੰਮ੍ਰਿਤਸਰ ਟਾਈਮਜ਼" ਵੱਲੋਂ ਜਸਟਿਸ ਗੁਰਨਾਮ ਸਿੰਘ ਰਿਪੋਰਟ ਦਾ ਹੂਬਹੂ ਉਤਾਰਾ ਪਾਠਕਾਂ ਦੀ ਨਜ਼ਰ ਕੀਤਾ ਜਾ ਰਿਹਾ ਹੈ-ਸੰਪਾਦਕ।**

### ਭਾਗ ਸੱਤਵਾਂ

(ਲੜੀ ਜੋੜਨ ਲਈ ਪਿਛਲੇ ਅੰਕ ਵੇਖੋ)

50. ਡਾਕਟਰ ਪਾਲ ਸਿੰਘ, ਮੈਡੀਕਲ ਅਫ਼ਸਰ ਸਿਵਲ ਹਸਪਤਾਲ ਨਕੋਦਰ ਨੇ ਬਲਬੀਰ ਸਿੰਘ ਪੁੱਤਰ ਕਰਤਾਰ ਸਿੰਘ ਵਾਸੀ ਰਾਮਗੜ੍ਹ, ਉਮਰ 22/23 ਸਾਲ ਦਾ ਪੋਸਟ ਮਾਰਟਮ (ਮ੍ਰਿਤਕ ਪ੍ਰੀਖਿਆ) ਕੀਤਾ ਅਤੇ ਨਿਮਨ ਦਰਜ ਜ਼ਖ਼ਮ ਪਾਏ :-

(1). ਗੋਲਾਕਾਰ ਪੱਛਿਆ ਜਖਮ ਜਿਸ ਦਾ ਇਕ ਵਿਆਸ (ਡਾਇਆ ਮੀਟਰ) ਸੈਂਟੀਮੀਟਰ ਸੀ ਜੋ ਛਾਤੀ ਦੇ ਸਾਹਮਣੇ ਉਪਰ ਅਤੇ ਛਾਤੀ ਦੇ ਹੱਡੀ ਵੱਲ 7 ਸੈਂਟੀਮੀਟਰ ਹੇਠਾਂ ਵਿਚਕਾਰ ਪਾਇਆ ਗਿਆ ਸੀ। ਜੰਮਿਆਂ ਹੋਇਆ ਖ਼ੂਨ ਛਾਤੀ ਦੇ ਸਾਹਮਣੇ ਮੌਜੂਦ ਸੀ। ਪਿੱਠ ਤੇ ਕਮਰ ਦੇ ਖੱਬੇ ਪਾਸੇ 2x1 ਸੈਂਟੀਮੀਟਰ ਦੀ ਰਗੜ ਸੀ।

(2) ਜਖਮ ਨੰ.1 ਦੀ ਚੀਰ ਫਾੜ ਦੇ ਅਧੀਨ, ਛਾਤੀ ਦੀ ਹੱਡੀ ਦੇ ਸੱਜੇ ਪਾਸੇ ਦੂਜੀ ਪਸਲੀ ਦੇ ਵਿਚਕਾਰਲੇ ਪੱਠਿਆਂ ਵਿਚ ਜ਼ਖਮ ਆਰ ਪਾਰ ਸੀ। ਦਿਲ ਦੁਆਲੇ ਝਿੱਲੀਦਾਰ ਥੈਲੇ ਦੀ ਖੱਡ ਪੂਰੀ ਤਰ੍ਹਾਂ ਗੂੜੇ ਤਰਲ ਖ਼ੂਨ ਨਾਲ ਭਰੀ ਹੋਈ ਅਤੇ ਦਿਲ ਦੁਆਲੇ ਝਿੱਲੀਦਾਰ ਥੈਲੇ ਦਾ ਅਗਲਾ ਤੇ ਉਪਰਲਾ ਹਿੱਸਾ ਵਿੰਨਿਆ ਪਿਆ ਸੀ। ਖ਼ੂਨ ਪਹਿਲਾਂ ਅੰਗ/ਪਰਿਕੇਸ਼ਨ ਦੇ ਸੱਜੇ ਪਾਸਿਓਂ ਲੰਘਿਆ ਤੇ ਫਿਰ ਖੱਬੇ ਪਾਸਿਓਂ ਲੰਘਿਆ। ਫੇਫੜਾ ਝਿੱਲੀ ਦੇ ਖੋਲ੍ਹ ਦੇ ਖੱਬੇ ਪਾਸੇ 11/2 ਲੀਟਰ ਖ਼ੂਨ ਅਤੇ ਸੱਜੇ ਪਾਸੇ 1 ਲੀਟਰ ਖ਼ੂਨ ਜਮ੍ਹਾਂ ਸੀ। ਵਹੀਣ ਪਸਲੀਆਂ ਵਿਚਕਾਰਲੇ ਪੱਠੇ ਦੇ ਖੱਬੇ ਤੋਂ ਪਿੱਛੇ ਤੱਕ ਸੀ, ਸੇਕਪੂਲਾ ਦੇ ਐਂਗਲ ਤੋਂ ਬਿਲਕੁਲ ਥੱਲੇ ਜਿੱਥੇ ਗੋਲੀ ਸਿਰਫ਼ ਮਾਸ ਵਿਚ ਧਸੀ ਸੀ, ਜਿਹੜੀ ਕਿ ਬਾਹਰ ਕੱਢੀ ਗਈ ਅਤੇ ਸੰਭਾਲੀ ਗਈ। ਡਾਕਟਰ ਦੇ ਵਿਚਾਰ ਵਿਚ, ਮੌਤ ਦਾ ਕਾਰਨ ਸ਼ੌਕ ਅਤੇ ਖ਼ੂਨ ਦਾ ਵਹਿਣਾ ਹੈ ਜਿਹੜਾ ਕਿ ਜਖਮ ਨੰ. 1 ਦੇ ਰਤ ਵਾਹਣ ਦੇ ਸਿੱਟੇ ਅਤੇ ਧੱਕਾ ਲੱਗਣ ਦਾ ਕਾਰਨ ਸੀ, ਜੋ ਕਿ ਆਮ ਹਾਲਾਤ ਵਿਚ ਮੌਤ ਹੋ ਜਾਣਾ ਕਾਫ਼ੀ ਸੀ। ਜ਼ਖਮ ਅਤੇ ਮੌਤ ਦੇ ਦਰਮਿਆਨ ਲਗਭਗ 10 ਤੋਂ 15 ਮਿੰਟਾਂ ਦਾ ਸਮਾਂ ਹੀ ਬੀਤਿਆ ਸੀ। ਮੌਤ ਅਤੇ ਪੋਸਟ ਮਾਰਟਮ ਦੇ ਦਰਮਿਆਨ ਲਗਭਗ 6 ਘੰਟਿਆਂ ਦਾ ਸਮਾਂ ਲੱਗਾ ਹੋਵੇਗਾ।

51. ਡਾਕਟਰ ਪਾਲ ਸਿੰਘ ਨੇ ਹਰਵਿੰਦਰ ਸਿੰਘ ਪੁੱਤਰ ਸ਼ੰਕਰ ਸਿੰਘ ਉਮਰ 27 ਸਾਲ, ਨਿਵਾਸੀ ਸ਼ਾਲੇਪੁਰ ਜ਼ਿਲ੍ਹਾ ਹੁਸ਼ਿਆਰਪੁਰ ਦੀ ਲਾਸ਼ ਦਾ 5 ਫਰਵਰੀ, 1986 ਨੂੰ ਸਵੇਰੇ 4 ਵਜੇ ਪੋਸਟ ਮਾਰਟਮ ਵੀ ਕੀਤਾ ਅਤੇ ਨਿਮਨ ਦਰਜ ਜ਼ਖ਼ਮ ਪਾਏ ਹਨ :-

(1) ਹੇਠਲੇ ਹੋਠ ਤੇ X2/1 ਸੈਂਟੀਮੀਟਰ ਦਾ ਫਟਿਆ ਹੋਇਆ ਜ਼ਖਮ।

(2) ਸੱਜੇ ਪਾਸੇ ਕਮਰ ਦੇ ਦੁਆਲੇ 2x8 ਸੈਂਟੀਮੀਟਰ ਜਿਸ ਦੀ ਬਾਹਰੀ ਰਗੜ 8 ਸੈਂਟੀਮੀਟਰ ਸੀ।

(3) ਹੇਠਲੇ ਦੰਦਾਂ ਦੇ ਖੱਬੇ ਪਾਸੇ ਦਾ ਅਗਲਾ ਦੰਦ ਟੁੱਟਿਆ ਪਾਇਆ ਗਿਆ। ਜਬਾੜਾ ਖੱਬੇ ਪਾਸਿਓਂ ਚੀਰਿਆ ਹੋਇਆ ਸੀ ਅਤੇ ਖ਼ੂਨ ਦੇ ਧੱਬੇ ਮੌਜੂਦ ਸਨ। ਖੱਬੇ ਪਾਸੇ ਤੋਂ ਗਲੇ ਦੀ ਨਾੜੀ (ਟਾਨਸਿਲਰ ਫਾਸਾ) ਅਤੇ ਨਾਸੋ ਪਰਾਨੈਕਸ ਅਤੇ ਐਰੋਫਾਰੋਕਸੈਕਸ ਪੂਰੀ ਤਰ੍ਹਾਂ ਚੀਰੇ ਹੋਏ ਸਨ । ਚੀਰ ਫਾੜ ਦੌਰਾਨ ਮੂੰਹ ਤੇ ਗਲੇ ਦੇ ਪੱਠੇ ਅਤੇ ਗਲੇ ਦਾ ਬਾਹਰਲਾ/ ਮੂਹਰਲਾ ਸ਼ਰਾਈਐਂਗਲ ਪੂਰੀ ਤਰ੍ਹਾਂ ਫਾੜਿਆ ਗਿਆ ਸੀ ਅਤੇ ਪੱਠਿਆਂ ਵਿਚ ਖ਼ੂਨ ਦੇ ਟੁਕੜੇ ਮੌਜੂਦ ਸਨ। ਬਾਹਰੀ ਸਿਰ ਲਹੂ ਨਾੜੀ ਅਤੇ ਅੰਦਰਲੀ ਗਰਦਨ ਦੀ ਨਾੜੀ ਖੱਬੇ ਪਾਸਿਓਂ ਟੁੱਟੀ ਪਾਈ ਗਈ। ਰੀੜ ਦੀ ਹੱਡੀ ਦਾ ਤੀਜਾ ਮਣਕਾ ਖੱਬੇ ਪਾਸਿਓਂ ਟੁੱਟਿਆ ਪਾਇਆ ਗਿਆ ਇਕ ਗੋਲੀ ਗਰਦਨ-ਰੀੜ ਦੀ ਹੱਡੀ ਦੇ ਖੱਸੇ ਹਿੱਸੇ ਵਿਚ ਜੜੀ ਪਾਈ ਗਈ ਜਿਹੜੀ ਕਿ ਕੱਢ ਦਿੱਤੀ ਗਈ।



(4)ਖੱਬੇ ਗਿੱਟੇ ਦੇ ਅੰਦਰਲੇ ਪਾਸੇ ਤੇ ਕਿਸੇ ਹਥਿਆਰ ਦਾ ਜ਼ਖਮ ਮੌਜੂਦ ਸੀ। ਡਾਕਟਰ ਦੇ ਵਿਚਾਰ ਅਨੁਸਾਰ ਮੌਤ ਦਾ ਕਾਰਨ ਸ਼ੌਕ/ਸਦਮੇ ਖ਼ੂਨ ਦੇ ਜ਼ਿਆਦਾ ਵਹਿ ਜਾਣ ਕਾਰਨ ਹੋਈ ਜਿਵੇਂ ਕਿ ਜ਼ਖਮ ਨੰਬਰ 3 ਜਿਹੜਾ ਕਿ ਗੋਲੀ ਲੱਗਣ ਨਾਲ ਹੋਇਆ ਸੀ , ਮੌਤ ਲਈ ਕਾਫ਼ੀ ਸੀ। ਜ਼ਖਮ ਅਤੇ ਮੌਤ ਵਿਚਲੀ ਦੇਰੀ ਦਾ ਸੰਭਵ ਸਮਾਂ ਲਗਭਗ 4 ਘੰਟੇ ਸੀ ਅਤੇ ਮੌਤ ਦੇ ਪੋਸਟਮ ਮਾਰਟਮ ਦਾ ਸਮਾਂ 8 ਘੰਟੇ ਸੀ।

52. ਮਿਤੀ 4 ਫਰਵਰੀ, 1986 ਨੂੰ ਰਾਤ 10 ਵਜੇ ਡਾਕਟਰ ਵੀ.ਕੇ. ਖੁਲਰ ਮੈਡੀਕਲ ਅਫ਼ਸਰ, ਸਿਵਲ ਹਸਪਤਾਲ ਨਕੋਦਰ ਨੇ ਵਧੀਕ ਡਿਪਟੀ ਕਮਿਸ਼ਨਰ ਜਲੰਧਰ ਦੇ ਹੁਕਮਾਂ ਤੇ ਇਕ ਅਣਪਛਾਤੀ ਲਾਸ਼ ਦਾ ਪੋਸਟ ਮਾਰਟਮ ਕੀਤਾ ਅਤੇ ਨਿਮਨ ਦਰਜ ਜ਼ਖਮ ਪਾਏ।

(1) ਖੱਬੀ ਪਸਲੀ ਦੀ ਵਿਚਕਾਰਲੀ ਲਾਇਨ ਤੋਂ ਜਿੱਥੋਂ ਕਿ ਜ਼ਖਮ ਕੀਤਾ ਗਿਆ ਸੀ ਦੇ ਵਿਚਕਾਰਲੇ ਪਾਸੇ 1 ਸੈਂਟੀਮੀਟਰ 75 ਸੈਂਟੀਮੀਟਰ ਦਾ ਚੀਰਿਆ ਹੋਇਆ ਜ਼ਖਮ ਪਾਇਆ ਗਿਆ।

(2) ਸਰੀਰ ਦੇ ਚੀਰ-ਫਾੜ ਦੌਰਾਨ, ਜ਼ਖਮ ਸਬ ਕਟਨੇਸੀਆ ਫੇਸੀਆਂ ਦੇ ਵਿਚਾਲੇ ਪੱਠਿਆਂ ਵਿਚੋਂ ਲੰਘ ਰਿਹਾ ਸੀ। ਮਹਾਂਪਸਲੀ ਦੇ ਮੋੜ ਤੇ ਇਕ ਚੀਰਾ ਸੀ। ਚੀਰੇ ਦਾ ਮਾਪ 1 ਸੈਂਟੀਮੀਟਰ 75 ਸੈਂਟੀਮੀਟਰ ਸੀ। ਜਖ਼ਮ ਪੱਸਲੀਆਂ ਵਿਚਕਾਰਲੇ ਪੱਠਿਆਂ ਦੇ ਵਿਚਕਾਰੋਂ ਲੰਘ ਰਿਹਾ ਸੀ ਅਤੇ ਗੋਲੀ, ਸਕੇਪੁਲਾ, ਸਪਾਈਨ ਰੀੜ ਦੀ ਹੱਡੀ ਦੇ ਮੀਡੀਅਮ ਐਂਗਲ 'ਤੇ ਸਬ ਸਕੇਪੁਲਾ ਦੇ ਪਿੱਛੇ ਲੱਗੀ ਹੋਈ ਸੀ। ਦੋਵੇਂ ਫੇਫੜੇ ਝਿੱਲੀ ਖੋਲ ਇਕ ਲੀਟਰ ਖ਼ੂਨ ਨਾਲ ਭਰੇ ਹੋਏ ਸਨ। ਖੱਬੇ ਫੇਫੜੇ ਦਾ ਉਪਰਲਾ ਮਾਸ ਵਧਿਆ ਮਾਸ ਮਗਰਲੇ ਪਾਸਿਓਂ ਚੀਰਿਆ ਹੋਇਆ ਸੀ। ਅੱਖਾਂ ਅੱਧੀਆਂ ਖੁੱਲ੍ਹੀਆਂ ਸਨ ਅਤੇ ਬਦਲੇ ਦੀ ਭਾਵਨਾ ਉਜਾਗਰ ਸੀ। ਡਾਕਟਰ ਦੇ ਵਿਚਾਰ ਅਨੁਸਾਰ ਜ਼ਖਮ ਦੇ ਸਿੱਟੇ ਵਜੋਂ ਮੌਤ ਦਾ ਕਾਰਨ ਸਦਮਾ ਤੇ ਖ਼ੂਨ ਦਾ ਜ਼ਿਆਦਾ ਵਹਿਣਾ ਸੀ ਜੋ ਕਿ ਆਮ ਅਵਸਥਾ ਵਿਚ ਮੌਤ ਹੋਣ ਲਈ ਕਾਫ਼ੀ ਹੈ। ਜਖ਼ਮ ਹਥਿਆਰਾਂ ਦੁਆਰਾ ਕੀਤੇ ਗਏ ਸਨ ।

53. ਨਿਮਨ ਦਰਜ ਆਮ ਜਨਤਾ 'ਚੋਂ ਹੇਠ ਲਿਖੇ ਵਿਅਕਤੀ ਜਖ਼ਮੀ ਹੋਏ ਅਤੇ ਉਨ੍ਹਾਂ ਦਾ ਡਾਕਟਰੀ ਮੁਆਇਨਾ ਕਰਵਾਇਆ ਗਿਆ।

1. ਬਖਸ਼ੀਸ਼ ਸਿੰਘ ਪੁੱਤਰ ਸਵਰਨ ਸਿੰਘ
2. ਬਲਬੀਰ ਸਿੰਘ ਪੁੱਤਰ ਸੌਦਾਗਰ ਸਿੰਘ
3. ਰੌਸ਼ਨ ਸਿੰਘ ਪੁੱਤਰ ਸੰਤਾ ਸਿੰਘ
4. ਜਸਵਿੰਦਰ ਸਿੰਘ ਪੁੱਤਰ ਨਿਰੰਜਨ ਸਿੰਘ
5. ਬਿੱਕਰ ਸਿੰਘ ਪੁੱਤਰ ਜੋਗਿੰਦਰ ਸਿੰਘ
6. ਤਰਸੇਮ ਸਿੰਘ ਪੁੱਤਰ ਲਾਲ ਸਿੰਘ
7. ਹਰਜਿੰਦਰ ਪਾਲ ਪੁੱਤਰ ਲਾਲ ਸਿੰਘ
8. ਲਖਬੀਰ ਸਿੰਘ ਪੁੱਤਰ ਬੰਤਾ ਸਿੰਘ

ਡਾਕਟਰ ਅਜੇ ਸਾਹਨੀ, ਐਮਰਜੰਸੀ ਮੈਡੀਕਲ ਅਫ਼ਸਰ, ਸਿਵਲ ਹਸਪਤਾਲ, ਜਲੰਧਰ ਨੇ ਬਖਸ਼ੀਸ਼ ਸਿੰਘ ਪੁੱਤਰ ਸਵਰਨ ਸਿੰਘ ਨਿਵਾਸੀ ਪਿੰਡ ਬਲੂਕਾਂ ਦਾ ਡਾਕਟਰੀ ਮੁਆਇਨਾ ਕੀਤਾ ਅਤੇ ਨਿਮਨ ਦਰਜ ਜ਼ਖ਼ਮ ਪਾਏ :-

1. ਨੱਕ ਦੀ ਜਾੜ੍ਹ ਤੇ 2x1 ਸੈਂਟੀਮੀਟਰ ਦੀ ਰਗੜ ਸੀ।

2. ਇਕ ਸਿੱਧਾ ਜ਼ਖਮੀ ਚੀਰਿਆ 2x1 ਸੈਂਟੀਮੀਟਰ ਦਾ ਰੋਗ ਭਰਮੀ ਦੇ ਸੱਜੇ ਪਾਸੇ ਬਿਲਕੁਲ ਸਬ ਕੋਸਟਲ ਰੀਜ਼ਨ ਦੇ ਥੱਲੇ ਵਖਫਿਆ ਵਿਚ ਰਤਵਾਹ ਜਾਰੀ ਪਾਇਆ ਗਿਆ, ਐਕਸਰੇ ਦੀ ਸਲਾਹ ਦਿੱਤੀ ਗਈ। ਪੇਟ ਤੇ ਛਾਤੀ ਪੀ.ਏ. ਦੀ ਸਲਾਹ ਤੇ ਸਰਜਨ ਦੇ ਵਿਚਾਰ ਤੇ।

3. ਮੱਥੇ ਦੇ ਖੱਬੇ ਪਾਸੇ ਭਰਵੱਟੇ ਤੇ 4 ਸੈਂਟੀਮੀਟਰ ਉਪਰ 6x4 ਸੈਂਟੀਮੀਟਰ ਦੀ ਗੁੱਝੀ ਸੱਟ।

ਜ਼ਖ਼ਮ ਨੰ. 1 ਤੇ 3 ਸਾਧਾਰਨ ਘੋਸ਼ਿਤ ਕੀਤੇ ਗਏ ਅਤੇ ਜ਼ਖ਼ਮ ਨੰ. 2 ਸਰਜਨ ਦੇ ਵਿਚਾਰਾਂ ਦੀ ਦੇਖ ਰੇਖ ਅਧੀਨ ਅਤੇ ਐਕਸਰੇ ਲਈ ਰੱਖਿਆ ਗਿਆ। ਜ਼ਖ਼ਮ ਜਿਹੜੇ ਕਿ ਡਾਕਟਰ ਦੁਆਰਾ ਦੱਸੇ ਗਹੇ, ਸੰਭਵ 12 ਘੰਟਿਆਂ ਦੇ ਮਿਆਦ ਉਪਰੰਤ ਦੱਸੇ ਗਏ ਜ਼ਖ਼ਮ ਨੰ. 1 ਤੇ 3 ਜ਼ਖਮ ਖੁੱਡੇ ਹਥਿਆਰ ਨਾਲ ਕੀਤੇ ਗਏ ਅਤੇ ਜਖ਼ਮ ਨੰ. 2 ਘਾਤਕ ਹਥਿਆਰ ਨਾਲ ਕੀਤਾ ਗਿਆ।

54. ਉਸੀ ਦਿਨ ਰਾਤ 7.45 ਤੇ ਇਸੀ ਡਾਕਟਰ ਨੇ ਬਲਬੀਰ ਸਿੰਘ ਪੁੱਤਰ ਸੌਦਾਗਰ ਸਿੰਘ ਪਿੰਡ ਸੱਲ ਜਾਗੀਰ ਅਤੇ ਉਸ ਵਿਚ ਨਿਮਨ ਦਰਜ ਜ਼ਖਮ ਪਾਏ :-

1. ਛਾਤੀ ਦੇ ਸਾਹਮਣੇ ਸੱਜੇ ਪਾਸੇ, ਸੱਸੀ ਪਸਲੀ ਤੋਂ 10 ਸੈਂਟੀਮੀਟਰ ਥੱਲੇ 1 ਸੈਂਟੀਮੀਟਰ X75 ਸੈਂਟੀਮੀਟਰ ਦਾ ਬਿੰਨਵਾਂ ਜ਼ਖਮ ਪਾਇਆ ਗਿਆ। ਛਾਤੀ ਦੇ ਐਕਸਰੇ ਲਈ ਸਲਾਹ ਦਿੱਤੀ ਅਤੇ ਪੀ.ਏ. ਦੀ ਸਲਾਹ ਮੰਗੀ ਗਈ। ਜ਼ਖਮ ਤੋਂ ਖ਼ੂਨ ਵਹਿ ਰਿਹਾ ਸੀ।

ਜ਼ਖਮ ਐਕਸਰੇ ਰਿਪੋਰਟ ਤੇ ਆਧਾਰਤ ਸੀ। ਜ਼ਖਮ ਦਾ ਸੰਭਾਵੀ ਸਮਾਂ 12 ਘੰਟਿਆਂ ਦੇ ਵਿਚ ਵਿਚ ਸੀ ਅਤੇ ਘਾਤਕ ਹਥਿਆਰ ਨਾਲ ਕੀਤਾ ਗਿਆ ਸੀ।

55. ਡਾਕਟਰ ਅਜੇ ਸਾਹਨੀ ਨੇ ਸ੍ਰੀ ਰੋਸ਼ਨ ਸਿੰਘ ਪੁੱਤਰ ਸੰਤਾ ਸਿੰਘ ਵਾਸੀ ਪਿੰਡ ਮਾਮੂਵਾਲ ਦਾ ਉਸੀ ਦਿਨ ਰਾਤ 8.20 ਤੇ ਕਾਨੂੰਨੀ ਤੌਰ 'ਤੇ ਡਾਕਟਰੀ ਮੁਆਇਨਾ ਕੀਤਾ ਅਤੇ ਉਸ ਵਿਚ ਨਿਮਨ ਦਰਜ ਜ਼ਖਮ ਪਾਏ :-

1. ਖੱਬੀ ਬਾਂਹ ਦੇ ਵਿਚਕਾਰ 9X3 ਸੈਂਟੀਮੀਟਰ ਫੈਲੀ ਹੋਈ ਸੋਜਿਸ਼ ਪਾਈ ਗਈ। ਐਕਸਰੇ ਦੀ ਸਲਾਹ ਦਿੱਤੀ ਗਈ।

2. ਖੱਬੀ ਬਾਂਹ ਤੇ 6X2 ਇੰਚ ਦੀ ਫੈਲੀ ਹੋਈ ਸੋਜਿਸ਼ ਪਾਈ ਗਈ। ਐਕਸਰੇ ਦੀ ਸਲਾਹ ਦਿੱਤੀ ਗਈ।

3. ਠੋਡੀ ਦੇ ਖੱਬੇ ਪਾਸੇ ਸਾਹਮਣੇ 7X6 ਸੈਂਟੀਮੀਟਰ ਫੈਲੀ ਹੋਈ ਸੋਜਿਸ਼ ਪਾਈ ਗਈ ਅਤੇ ਐਕਸਰੇ ਦੀ ਸਲਾਹ ਦਿੱਤੀ ਗਈ।

4. ਖੱਬੇ ਗਿੱਟੇ ਤੇ ਫੈਲੀ ਹੋਈ ਸੋਜਿਸ਼ ਪਾਈ ਗਈ। ਹਰਕਤ ਦਰਦ ਭਰੀ ਸੀ। ਐਕਸਰੇ ਦੀ ਸਲਾਹ ਦਿੱਤੀ ਗਈ।

5. ਸੱਜੇ ਗਿੱਟੇ ਦੇ ਦਰਦ ਦੀ ਸ਼ਿਕਾਇਤ, ਐਕਸਰੇ ਲਈ ਸਲਾਹ ਦਿੱਤੀ ਗਈ।

ਜ਼ਖਮ ਦੀ ਕਿਸਮ ਐਕਸਰੇ ਰਿਪੋਰਟ ਤੇ ਆਧਾਰਿਤ ਸੀ ਅਤੇ ਡਾਕਟਰ ਦੇ ਵਿਚਾਰ ਵਿਚ ਜ਼ਖ਼ਮ 12 ਘੰਟਿਆਂ ਵਿਚ ਦਿੱਤੇ ਗਏ ਹਨ ਅਤੇ ਖੁੰਡੇ ਹਥਿਆਰ ਦਾ ਇਸਤੇਮਾਲ ਕੀਤਾ ਗਿਆ ਸੀ।

56. ਉਸੀ ਦਿਨ ਰਾਤ 7.55 ਤੇ ਉਸੀ ਡਾਕਟਰ ਨੇ ਜਸਵਿੰਦਰ ਸਿੰਘ ਪੁੱਤਰ ਨਿਰੰਜਨ ਸਿੰਘ ਵਾਸੀ ਪਿੰਡ ਨੂਰਪੁਰ ਚੱਕ ਦਾ ਡਾਕਟਰੀ ਮੁਆਇਨਾ ਕੀਤਾ ਅਤੇ ਨਿਮਨ ਦਰਜ ਜ਼ਖਮ ਪਾਏ :-

1. ਅੰਡਕੋਸ਼ ਦੇ ਦੋਵੇਂ ਪਾਸਿਆਂ ਦੀ ਚਮੜੀ ਚੀਰੀ ਗਈ ਅਤੇ ਦੋਨੋਂ ਪਤਾਲੂ ਖੋਲ੍ਹੇ ਗਏ, ਅੰਡਕੋਸ਼ ਦੇ ਜ਼ਖਮ ਅਤੇ ਜੰਘ ਵਿਚ ਡੂੰਘਾ ਜ਼ਖਮ ਅਤੇ ਖ਼ੂਨ ਨਿਕਲ ਰਿਹਾ ਸੀ। ਪੇਡੂ ਦੇ ਐਕਸਰੇ ਅਤੇ ਸਰਜਨ ਦੇ ਵਿਚਾਰਾਂ ਲਈ ਕਿਹਾ ਗਿਆ।

2. ਮੋਢੇ ਦੇ ਜੋੜ ਦੇ ਸੱਜੇ ਪਾਸੇ 6x1 ਸੈਂਟੀਮੀਟਰ ਜ਼ਖਮ ਚਮੜੀ ਜਿਨ੍ਹਾਂ ਡੂੰਘਾ

3. ਮੱਥੇ ਦੇ ਖੱਬੇ ਪਾਸੇ 2 ਡਾਇਆ ਮੀਟਰ ਫੈਲੀ ਸੋਜਿਸ਼ ਐਕਸਰੇ ਲਈ ਕਿਹਾ ਗਿਆ। ਜ਼ਖਮ ਨੰ. 1 ਦਾ ਐਕਸਰੇ ਕੀਤਾ ਜਾਣਾ ਸੀ ਅਤੇ ਸਰਜਨ ਦੀ ਰਾਏ ਲੋੜੀਂਦੀ ਸੀ, ਜ਼ਖਮ ਨੰ. 2 ਸਾਧਾਰਨ ਸੀ ਅਤੇ ਜ਼ਖਮ ਨੰ. 3 ਐਕਸਰ ਰਿਪੋਰਟ ਤੇ ਆਧਾਰਤ ਸੀ। ਡਾਕਟਰ ਦੀ ਸਲਾਹ ਵਿਚ, ਸਾਰੇ ਜ਼ਖਮ 12 ਘੰਟਿਆਂ ਦੇ ਸਮੇਂ ਦੌਰਾਨ ਮਿਲੇ ਸਨ ਅਤੇ ਜ਼ਖਮ ਨੰ. 1 ਅਤੇ 3 ਖੁੰਡੇ ਹਥਿਆਰ ਨਾਲ ਕੀਤਾ ਗਏ ਸਨ ਅਤੇ ਜ਼ਖਮ ਨੰ. 2 ਤਿੱਖੇ ਹਥਿਆਰ ਨਾਲ ਕੀਤੇ ਗਏ ਸਨ।

57. ਡਾ. ਪਾਲ ਸਿੰਘ ਮੈਡੀਕਲ ਅਫ਼ਸਰ, ਸਿਵਲ ਹਸਪਤਾਲ ਨਕੋਦਰ ਨੇ 4 ਫਰਵਰੀ, 1986 ਨੂੰ ਰਾਤ 10 ਵਜੇ, ਨੇ ਸ੍ਰੀ ਬਿੱਕਰ ਸਿੰਘ ਪੁੱਤਰ ਜੋਗਿੰਦਰ ਸਿੰਘ ਵਾਸੀ ਤਲਵੰਡੀ ਸੰਘਰਾ ਦਾ ਕਾਨੂੰਨੀ ਤੌਰ 'ਤੇ ਡਾਕਟਰੀ ਮੁਆਇਨਾ ਕੀਤਾ ਅਤੇ ਨਿਮਨ ਦਰਜ ਜ਼ਖਮ ਪਾਏ :-

1. ਖੱਬੀ ਬਾਂਹ ਦੇ ਪੋਸਟਰਿਓ ਦੇ ਹੇਠਲੇ ਹਿੱਸੇ ਤੇ ਨਿਤੰਭ ਵਾਲੇ ਪਾਸੇ ਤੇ 1x1/2x1/2 ਸੈਂਟੀਮੀਟਰ ਦਾ ਜ਼ਖਮ ਪਾਇਆ ਗਿਆ। ਵਿਚਲੀ ਹੱਠੀ ਟੁੱਟੀ ਪਾਈ। ਐਕਸਰੇ ਲਈ ਸਲਾਹ ਦਿੱਤੀ ਗਈ।

2. ਸੱਜੀ ਬਾਂਹ ਦੇ ਉਪਰਲੇ ਹਿੱਸੇ 1/3 ਹਿੱਸੇ ਤੇ 4x2 ਸੈਂਟੀਮੀਟਰ ਦਾ ਲਾਲ ਗੁੱਝੀ ਸੱਟ।

ਡਾਕਟਰ ਦੇ ਵਿਚਾਰ ਵਿੱਚ ਜ਼ਖਮ ਨੰ. 2 ਸਾਧਾਰਨ ਕਿਸਮ ਦਾ ਸੀ ਅਤੇ ਜਖ਼ਮ ਨੰ. 1 ਪਰੇਖਣ ਅਧੀਨ ਰੱਖਿਆ ਗਿਆ। ਦੋਨੋਂ ਜ਼ਖਮ ਖੁੰਡੇ ਹਥਿਆਰ ਨਾਲ ਕੀਤੇ ਗਏ ਸਨ ਅਤੇ ਇਹ ਜ਼ਖਮ ਤਾਜ਼ੇ ਹੀ ਹੋਏ ਜਾਪਦੇ ਸਨ।

ਉਸੀ ਦਿਨ ਸ਼ਾਮ ਨੂੰ 6.10 ਤੇ ਉਪਰੋਕਤ ਡਾਕਟਰ ਨੇ ਤਰਸੇਮ ਸਿੰਘ ਪੁੱਤਰ ਲਾਲ ਸਿੰਘ ਵਾਸੀ ਨੂਰਪੁਰ ਦਾ ਡਾਕਟਰੀ ਮੁਆਇਨਾ ਕੀਤਾ ਅਤੇ ਨਿਮਨ ਦਰਜ ਜ਼ਖਮ ਪਾਏ :-

1. ਖੱਬੇ ਪੱਟ ਦੇ ਸਾਹਮਣੇ 6 ਸੈਂਟੀਮੀਟਰ ਹੇਠਾਂ ਕੁੱਲ੍ਹੇ, ਵਾਲੇ ਪਾਸੇ ਗੋਲੀ ਦਾ 2x1 ਸੈਂਟੀਮੀਟਰ ਦਾ ਜ਼ਖਮ। ਐਕਸਰੇ ਲਈ ਸਲਾਹ ਦਿੱਤੀ ਗਈ। ਤਾਜ਼ਾ ਜੰਮਿਆ ਹੋਇਆ ਖ਼ੂਨ ਮੌਜੂਦ ਸੀ।

2. ਵਿਚਕਾਰਲੇ ਮੈਲਓਲਸ ਤੇ ਸੋਜਸ਼ ਅਤੇ ਐਕਸਰੇ ਲਈ ਸਲਾਹ ਦਿੱਤੀ ਗਈ। ਦੋਨੋਂ ਜ਼ਖਮ ਧਿਆਨ ਅਧੀਨ ਰੱਖੇ ਗਏ। ਡਾਕਟਰ ਅਨੁਸਾਰ, ਜ਼ਖਮ ਤਾਜ਼ੇ ਸਨ। ਜ਼ਖ਼ਮ ਨੰ. 2 ਖੁੰਡੇ ਹਥਿਆਰ ਨਾਲ ਕੀਤਾ ਗਿਆ ਸੀ ਜਦਕਿ ਜ਼ਖਮ ਨੰ. 1 ਗੋਲੀ ਨਾਲ ਕੀਤਾ ਗਿਆ ਸੀ।

ਐਕਸਰੇ ਰਿਪੋਰਟ ਪ੍ਰਾਪਤ ਹੋਣ ਤੇ ਅਪਾਰਦਸ਼ੀ ਗੋਲੀ ਦਾ ਪਰਛਾਵਾਂ ਖੱਬੇ ਪੱਟ ਤੇ ਇੰਟਰ ਟਰੇਹੇਨਟਰਿਕ ਰੀਜ਼ਨ ਵਿਚ ਮੌਜੂਦ ਸੀ। ਜ਼ਖਮ ਨੰ. 2, ਸਾਧਾਰਨ ਕਿਸਮ ਦਾ ਸੀ। ਡਾਕਟਰ ਗੋਲੀ ਦੀ ਕਿਸਮ ਨਿਸ਼ਚਿਤ ਨਹੀਂ ਕਰ ਸਕਿਆ।

58. ਡਾ. ਵੀ.ਕੇ. ਖੁੱਲਰ, ਮੈਡੀਕਲ ਅਫ਼ਸਰ, ਸਿਵਲ ਹਸਪਤਾਲ ਨਕੋਦਰ ਨੇ 4 ਫਰਵਰੀ, 1986 ਨੂੰ 4.50 ਸ਼ਾਮ ਤੇ ਹਰਜਿੰਦਰ ਪਾਲ ਪੁੱਤਰ ਸਵਰਨ ਦਾਸ, ਵਾਸੀ ਚੱਕ ਕਲਾਂ ਦਾ ਕਾਨੂੰਨੀ ਤੌਰ 'ਤੇ ਡਾਕਟਰੀ ਮੁਆਇਨਾ ਕੀਤਾ ਅਤੇ ਨਿਮਨ ਦਰਜ ਜ਼ਖਮ ਪਾਏ ਗਏ :-

1. ਇਸ ਤੇ ਡਾਕਟਰੀ ਮੁਆਇਨੇ ਤੇ ਪੈਰ ਦੇ ਖੱਬੇ ਪਾਸੇ 2x5 ਸੈਂਟੀਮੀਟਰ ਦਾ ਡੂੰਘਾ ਜ਼ਖਮ ਪਾਇਆ ਗਿਆ। ਇਹ ਕਾਫ਼ੀ ਡੂੰਘਾ ਸੀ ਅਤੇ ਇਸ ਦੇ ਆਲੇ ਦੁਆਲੇ ਦੀ ਸਾਰੀ ਜਗ੍ਹਾ ਤੇ ਸੋਜਿਸ਼ ਆਈ ਹੋਈ ਸੀ। ਖੱਬੇ ਹੱਥ ਦਾ ਹਿਲਣਾ-ਜੁਲਣਾ ਰੁਕ ਗਿਆ ਸੀ ਅਤੇ ਐਕਸਰੇ ਦਾ ਮਸ਼ਵਰਾ ਦਿੱਤਾ ਗਿਆ।

2. ਸੱਜੀ ਹਥੇਲੀ ਦੇ ਸਮੁੱਚੇ ਹਿੱਸੇ ਦੇ ਉਤਲੇ ਪਾਸੇ ਦੀ ਸੋਜਿਸ਼ ਤੇ ਕਰਸਾਈ ਨੂੰ ਫੈਲਾ ਦਿੱਤਾ। ਹੱਥ ਦੀ ਗਤੀ ਸੀਮਿਤ ਹੋ ਗਈ ਸੀ ਅਤੇ ਐਕਸਰੇ ਦੀ ਸਲਾਹ ਦਿੱਤੀ ਗਈ ਸੀ।

3. ਸੱਜੀ ਲੱਤ ਦੇ ਪਿੱਛੇ, ਇਸ ਦੇ ਉਪਰਲੇ 1/3 ਹਿੱਸੇ ਤੇ 2 ਸੈਂਟੀਮੀਟਰ x 5 ਸੈਂਟੀਮੀਟਰ ਦੀ ਲਾਲ ਰੰਗ ਦੀ ਰਗੜ ਮੌਜੂਦ ਸੀ।

4. ਖੱਬੇ ਹੱਥ ਦੇ ਜੋੜ ਦੇ ਸਾਹਮਣੇ ਵਾਲੇ ਹਿੱਸੇ ਤੇ 1.5 ਸੈਂਟੀਮੀਟਰ x 1 ਸੈਂਟੀਮੀਟਰ ਦੀ ਲਾਲ ਰੰਗ ਦੀ ਗੁੱਝੀ ਸੱਟ ਸੀ।

ਡਾਕਟਰ ਦੇ ਵਿਚਾਰ ਵਿਚ, ਜ਼ਖਮ 6 ਘੰਟਿਆਂ ਦੇ ਸਮੇਂ ਦੌਰਾਨ ਖੁੰਡੇ ਹਥਿਆਰ ਨਾਲ ਕੀਤੇ ਗਏ ਸਨ। ਜ਼ਖਮ ਨੰ. 2, ਗੰਭੀਰ ਕਿਸਮ ਦਾ ਸੀ- ਐਕਸਰੇ ਵਿਚ ਸੱਜੇ ਹੱਥ ਦੀ ਚੀਚੀ ਉਂਗਲੀ ਤੋਂ ਨੇੜੇ ਦੀ ਹੱਡੀ ਦਾ ਫਰੈਕਚਰ ਮੌਜੂਦ ਸੀ। ਹੋਰ ਜ਼ਖਮ ਸਾਧਾਰਨ ਕਿਸਮ ਦੇ ਸਨ।

59. ਉਪਰੋਕਤ ਦਰਜ ਮਿਤੀ ਨੂੰ ਸ਼ਾਮ 5.05 ਤੇ ਉਸੀ ਡਾਕਟਰ ਨੇ ਲਖਬੀਰ ਸਿੰਘ ਪੁੱਤਰ ਬੰਤਾ ਸਿੰਘ ਵਾਸੀ ਨਿਤਨਾ ਦਾ ਮੁਆਇਨਾ ਕੀਤਾ ਅਤੇ ਨਿਮਨ ਦਰਜ ਜ਼ਖਮ ਪਾਏ :-

ਸੱਜੇ ਗਿੱਟੇ ਦੇ ਜੋੜ ਤੇ 2.5x1 ਸੈਂਟੀਮੀਟਰ ਦਾ ਗੋਲੀ ਦਾ ਜ਼ਖਮ (ਚੀਰਿਆ ਹੋਇਆ ਜ਼ਖ਼ਮ) ਪਾਇਆ। ਸਾਰੇ ਹਿੱਸੇ ਤੇ ਸੋਜ਼ ਸੀ ਅਤੇ ਦਰਦ ਹੋ ਰਿਹਾ ਸੀ। ਜੋੜ ਦੇ ਹਿੱਸੇ ਦੀ ਹਰਕਤ ਦੇ ਰੋਕ ਲਗਾਈ ਗਈ ਸੀ। ਵੱਡੇ ਐਕਸਰੇ ਦੀ ਸਲਾਹ ਦਿੱਤੀ ਗਈ। ਜ਼ਖ਼ਮ ਗੋਲੀਆਂ ਨਾਲ 6 ਘੰਟਿਆਂ ਦੇ ਸਮੇਂ ਵਿਚ ਕੀਤਾ ਗਿਆ ਸੀ। ਜ਼ਖਮ ਸਾਧਾਰਨ ਕਿਸਮ ਦਾ ਸੀ। ਜਿਸ ਤਰ੍ਹਾਂ ਕਿ ਐਕਸਰੇ ਰਿਪੋਰਟ ਨੰ. 141, ਮਿਤੀ 5 ਫਰਵਰੀ, 1986 ਵਿਚ ਦਰਸਾਇਆ ਗਿਆ ਹੈ। ਡਾ. ਡੀ.ਪੀ. ਕਪੂਰ ਨੇ ਗੋਲੀ ਕੱਢੀ ਅਤੇ ਪੁਲਿਸ ਦੇ ਹਵਾਲੇ ਕੀਤੀ। ਜ਼ਖਮੀ ਨੂੰ 8 ਦਿਨ ਹਸਪਤਾਲ ਵਿਚ ਰੱਖਿਆ ਗਿਆ ਅਤੇ 12 ਫਰਵਰੀ, 1986 ਨੂੰ ਛੁੱਟੀ ਦਿੱਤੀ ਗਈ। ਡਾਕਟਰ ਦੀ ਸਲਾਹ ਵਿਚ ਜ਼ਖਮ 6 ਘੰਟਿਆਂ ਦੇ ਸਮੇਂ ਦੌਰਾਨ ਘਾਤਕ ਹਥਿਆਰ (ਗੋਲੀ) ਨਾਲ ਕੀਤਾ ਗਿਆ ਸੀ। ਜ਼ਖਮ ਸਾਧਾਰਨ ਕਿਸਮ ਦਾ ਸੀ।

(ਬਾਕੀ ਅਗਲੇ ਅੰਕ 'ਚ)

# ਖਾਲੜਾ ਦੀ ਸ਼ਹਾਦਤ ਲਈ ਵੀ ਦੋਸ਼ੀ ਹੈ ਬਾਦਲ ਐਂਡ ਪਾਰਟੀ

**ਪ੍ਰੋ. ਬਲਵਿੰਦਰਪਾਲ ਸਿੰਘ**
9815700916

ਕੀ ਜਸਵੰਤ ਸਿੰਘ ਖਾਲੜਾ ਦੀ ਸ਼ਹਾਦਤ ਲਈ ਤੇ ਹੋਰ ਪੰਥਕ ਦੁਖਾਤਾਂ ਲਈ ਪ੍ਰਕਾਸ਼ ਸਿੰਘ ਬਾਦਲ ਦੋਸ਼ੀ ਹਨ ਜਾਂ ਸਮੁੱਚੀ ਅਕਾਲੀ ਲੀਡਰਸ਼ਿਪ। ਇਹਨਾਂ ਸੁਆਲਾਂ ਦੀ ਹਕੀਕਤ ਵਿਚ ਜਾਣਨ ਲਈ ਉਸ ਸਮੇਂ ਦੀ ਅਕਾਲੀ ਲੀਡਰਸ਼ਿਪ ਦਾ ਕਿਰਦਾਰ ਤੇ ਸਟੇਟ ਉਪਰ ਰਾਜ ਕਰਨ ਵਾਲਿਆਂ ਦਾ ਕਿਰਦਾਰ ਘੋਖਣਾ ਪਵੇਗਾ। ਟਕਸਾਲੀ ਆਗੂ ਜਥੇਦਾਰ ਕੁਲਦੀਪ ਸਿੰਘ ਵਡਾਲਾ ਨੇ ਭਾਵੇਂ ਨਕੋਦਰ ਗੁਰੂ ਗ੍ਰੰਥ ਸਾਹਿਬ ਬੇਅਦਬੀ ਕਾਂਡ ਤੇ ਗੋਲੀ ਕਾਂਡ ਦਾ ਮੁੱਦਾ ਚੁੱਕਿਆ, ਪਰ ਉਹਨਾਂ ਦੀ ਅਕਾਲੀ ਸਰਕਾਰਾਂ ਵਿਚ ਦਾਲ ਨਾ ਗਲ ਸਕੀ। ਨਕੋਦਰ ਗੋਲੀ ਕਾਂਡ ਤੋਂ ਬਾਅਦ ਛੇ ਜ਼ਖਮੀ ਸਿੱਖ ਨੌਜਵਾਨ ਸਿਵਲ ਹਸਪਤਾਲ ਵਿਚ ਦਾਖਲ ਸਨ। ਉਹਨਾਂ ਵਿਚੋਂ ਇਕ ਨਿਤਨੇਮੀ ਸਿੱਖ ਬਜ਼ੁਰਗ ਬਾਪੂ ਰੋਸ਼ਨ ਸਿੰਘ ਜੋ ਪੁਲੀਸ ਡਾਗਾਂ ਨਾਲ ਭੰਨੇ ਪਏ ਸਨ, ਨੇ ਦੱਸਿਆ ਇਕ ਵਹਿਸ਼ੀ ਪੁਲੀਸ ਅਫਸਰ ਨੇ ਹਰਮਿੰਦਰ ਸਿੰਘ ਸ਼ਾਮ ਚੁਰਾਸੀ, ਜੋ ਖਾਲਸਾ ਕਾਲਜ ਜਲੰਧਰ ਦਾ ਐਮਐਸਸੀ ਦਾ ਵਿਦਿਆਰਥੀ ਸੀ ਤੇ ਸਿੱਖ ਸਟੂਡੈਂਟਸ ਫੈਡਰੇਸ਼ਨ ਜਲੰਧਰ ਜ਼ਿਲੇ ਦਾ ਕਨਵੀਨਰ ਸੀ,ਉਸ ਦੇ ਸਾਹਮਣੇ ਮਾਰਿਆ। ਉਹ ਕੰਧ ਟੱਪ ਕੇ ਆਰੇ ਵਾਲੀ ਥਾਂ ਲੁਕ ਗਏ ਸਨ, ਉਥੇ ਵੀ ਪੁਲੀਸ ਨੇ ਪਿੱਛਾ ਕਰਕੇ ਉਸ ਦੇ ਮੂੰਹ ਵਿੱਚ ਰਿਵਾਲਵਰ ਰੱਖ ਕੇ ਗੋਲੀ ਮਾਰੀ ਸੀ। ਉਹ ਉਥੇ ਗੁਰੂ ਗਰੰਥ ਸਾਹਿਬ ਬੇਅਦਬੀ ਦੇ ਪ੍ਰਤੀਕਰਮ ਵਜੋਂ ਰੋਸ ਪ੍ਰਗਟਾਵਾ ਕਰਨ ਆਏ ਸਨ।

ਕਿਹਾ ਜਾਂਦਾ ਹੈ ਕਿ ਸੁਰਜੀਤ ਸਿੰਘ ਬਰਨਾਲੇ ਦੀ ਸਰਕਾਰ ਸਮੇਂ ਡਿਪਟੀ ਕਮਿਸ਼ਨਰ ਦਰਬਾਰਾ ਸਿੰਘ ਗੁਰੂ ਨੇ ਇਹ ਆਰਡਰ ਦਿੱਤੇ ਸਨ। ਉਸ ਸਮੇਂ ਕੁਲਦੀਪ ਸਿੰਘ ਵਡਾਲਾ ਐਮਐਲਏ ਸਨ, ਉਹ ਸਿਵਲ ਹਸਪਤਾਲ ਆਏ। ਜ਼ਖਮੀ ਸਿੰਘਾਂ ਦੀ ਸੇਵਾ ਉਪਰ ਬੈਠੇ ਸਿੱਖਾਂ ਨੇ ਵਡਾਲਾ ਕੋਲ ਖਾਸਾ ਰੋਸ ਕੀਤਾ। ਸਿੱਖ ਬਜ਼ੁਰਗ ਅਨੁਸਾਰ ਮੈਂ ਵੀ ਵਡਾਲਾ ਜੀ ਨੂੰ ਬੇਨਤੀ ਕੀਤੀ ਕਿ ਨਕੋਦਰ ਗੋਲੀ ਕਾਂਡ ਦੇ ਜ਼ਿੰਮੇਵਾਰ ਪੁਲੀਸ ਅਫ਼ਸਰ ਕੇਸ ਦਰਜ ਕਰਕੇ ਸਸਪੈਂਡ ਕਰਨੇ ਚਾਹੀਦੇ ਹਨ ਜਿਹਨਾਂ ਸ਼ਾਂਤਮਈ ਸਿੱਖਾਂ ’ਤੇ ਗੋਲੀ ਚਲਾਈ। ਵਡਾਲਾ ਜੀ ਕਹਿਣ ਲੱਗੇ ਕਿ ਜਾਂਚ ਕਰਾਂਵਾਂਗੇ। ਮੈਂ ਕਿਹਾ ਜਾਂਚ ਤਾਂ ਦੋਸ਼ੀ ਅਫਸਰਾਂ ਦੇ ਹੱਕ ਵਿਚ ਭੁਗਤੇਗੀ। ਵਡਾਲਾ ਜੀ ਕਹਿਣ ਲੱਗੇ ਚਿੰਤਾ ਨਾ ਕਰੋ, ਮੈਂ ਸੰਘਰਸ਼ ਕਰਾਂਗਾ। ਇਹ ਮੇਰੀ ਜ਼ਿੰਮੇਵਾਰੀ ਹੈ। ਪਰ ਬਾਅਦ ਵਿਚ ਵਡਾਲਾ ਦੀ ਹਕੂਮਤ ਵਿਚ ਦਾਲ ਨਾ ਗਲ ਸਕੀ। ਬਹੁਤੇ ਅਕਾਲੀ ਲੀਡਰ ਮੌਕਾਪ੍ਰਸਤ ਹਨ। ਜੇ ਇਸੇ ਸੰਦਰਭ ਵਿਚ ਜਸਵੰਤ ਸਿੰਘ ਖਾਲੜਾ ਦੀ ਸ਼ਹਾਦਤ ਨੂੰ ਵਿਚਾਰੀਏ ਤਾਂ ਸਿਮਰਨਜੀਤ ਸਿੰਘ ਮਾਨ ਤੋਂ ਸਿਵਾਇ ਕਿਸੇ ਅਕਾਲੀ ਲੀਡਰ ਨੇ ਮਨੁੱਖੀ ਅਧਿਕਾਰਾਂ ਲਈ ਅਵਾਜ਼ ਨਹੀਂ ਉਠਾਈ। ਇਹ ਵੱਖਰਾ ਵਿਸ਼ਾ ਹੈ ਕਿ ਉਹ ਕੌਮ ਨੂੰ ਇਕਮੁੱਠ ਕਿਉਂ ਨਹੀ ਕਰ ਸਕੇ।



ਸਰਦਾਰ ਗੁਰਤੇਜ ਸਿੰਘ ਨੇ ਹਰਚੰਦ ਸਿੰਘ ਲੌਂਗੋਵਾਲ, ਜਥੇਦਾਰ ਗੁਰਚਰਨ ਸਿੰਘ ਟੌਹੜਾ ਤੇ ਪ੍ਰਕਾਸ਼ ਸਿੰਘ ਬਾਦਲ ਨੂੰ ਜੂਨ 84 ਸਾਕੇ ਲਈ ਦੋਸ਼ੀ ਦੱਸਿਆ। ਇਹਨਾਂ ਦੀਆਂ ਕੇਂਦਰ ਨੂੰ ਲਿਖੀਆਂ ਚਿੱਠੀਆਂ ਦਾ ਅਕਾਲੀ ਦਲ ਦੇ ਲੈਟਰਪੈਡ ਉਤੇ ਛਪਣਾ, ਕਈ ਕਿਤਾਬਾਂ ਦਾ ਹਿੱਸਾ ਬਣਨਾ ਤੇ ਅਕਾਲੀਆਂ ਵਲੋਂ ਕੋਈ ਨੋਟਿਸ ਨਾ ਲੈਣਾ ਇਹ ਸਿੱਧ ਕਰਦਾ ਹੈ ਕਿ ਇਹ ਚਿੱਠੀਆਂ ਇਨ੍ਹਾਂ ਨਕਲੀ ਨੀਲੇ ਸ਼ਾਹ ਅਸਵਾਰਾਂ ਦੀਆਂ ਹੀ ਹਨ। ਇਸ ਬਾਰੇ ਵਿਸਥਾਰਕ ਜਾਣਕਾਰੀ ਲਈ ਮਹਿੰਦਰ ਸਿੰਘ ਪੱਤਰਕਾਰ ਦੀ ‘ਨੀਂਹ ਰੱਖੀ ਗਈ’ ਅਤੇ ਗੁਰਤੇਜ ਸਿੰਘ ਆਈਏਐਸ ਦੀ ‘ਚੱਕਰਵੀਊ’ ਕਿਤਾਬ ਪੜ੍ਹੀ ਜਾ ਸਕਦੀ ਹੈ।

ਟੌਹੜਾ-ਬਾਦਲ ਤੇ ਤਲਵੰਡੀ ਸਿਰਦਾਰ ਕਪੂਰ ਸਿੰਘ ਜੀ ਪਾਸੋਂ ਪੁੱਛਣ ਲੱਗੇ ਕਿ ਕੌਮ ਦੀ ਚੜ੍ਹਦੀਕਲਾ ਕਿਵੇਂ ਹੋ ਸਕਦੀ ਹੈ? ਸਿਰਦਾਰ ਕਪੂਰ ਸਿੰਘ ਦਾ ਜੁਆਬ ਸੀ ‘ਜੇ ਤੁਸੀ ਤਿੰਨੇ ਮਰ ਜਾਓ’।

ਸ਼ਾਇਦ ਸਿਰਦਾਰ ਸਾਹਿਬ ਇਸ ਮੀਸਣੀ ਲੀਡਰਸ਼ਿਪ ਦੀ ਨਸ ਨਸ ਤੋਂ ਵਾਕਫ ਸਨ ਅਤੇ ਉਨ੍ਹਾਂ ਨੂੰ ਇਹਨਾਂ ਤੋਂ ਕੌਮ ਦੇ ਹੋਣ ਵਾਲੇ ਭਾਰੀ ਨੁਕਸਾਨ ਦਾ ਪੂਰਾ ਅੰਦਾਜ਼ਾ ਸੀ। ਇਹ ਚਰਚਾ ਪੰਥਕ ਹਲਕਿਆਂ ਵਿਚ ਆਮ ਹੈ। ਪੰਜਾਬ ਵਿੱਚ ਸੰਨ 1985 ਵਿੱਚ ਬਰਨਾਲੇ ਦੀ ਅਕਾਲੀ ਸਰਕਾਰ ਬਣੀ, 1997 ਵਿੱਚ ਬਾਦਲ ਦੀ ਅਕਾਲੀ ਸਰਕਾਰ ਬਣੀ, 2007 ਤੋਂ ਫੇਰ ਬਾਦਲ ਦੀ ਸਰਕਾਰ ਬਣੀ ਪਰ ਘੱਲੂਘਾਰਾ ਜੂਨ-84 ਦਾ ਹੋਵੇ, ਨਵੰਬਰ-84 ਹੋਵੇ ਜਾਂ 1984 ਤੋਂ 1995 ਤੱਕ ਹੋਈ ਸਿੱਖ ਨਸਲਕੁਸ਼ੀ ਹੋਵੇ, ਅਕਾਲੀਆਂ ਨੇ ਇਸ ਸਬੰਧੀ ਸਾਰੇ ‘ਚੈਪਟਰ’ ਬੰਦ ਕਰ ਦਿੱਤੇ ਅਤੇ ਕਦੀ ਵੀ ਮੂੰਹ ਨਹੀਂ ਖੋਲ੍ਹਿਆ।

ਜੇ ਬਾਦਲ ਜਸਵੰਤ ਸਿੰਘ ਖਾਲੜੇ ਦੀ ਗ੍ਰਿਫਤਾਰੀ ਤੇ ਚੁੱਪ ਸਨ ਤਾਂ ਪੈਂਤੜਾ ਜਥੇਦਾਰ ਗੁਰਚਰਨ ਸਿੰਘ ਟੌਹੜੇ ਦਾ ਕੋਈ ਵੱਖਰਾ ਨਹੀਂ ਸੀ। ਬਾਦਲ-ਟੌਹੜੇ ਦੀ ਆੜੀ ਕਿਸੇ ਨੂੰ ਭੁੱਲੀ ਨਹੀਂ। ਭ੍ਰਿਸ਼ਟ ਸੱਤਾਧਾਰੀ ਇਸ ਮਨੁੱਖੀ ਅਧਿਕਾਰਾਂ ਬਾਰੇ ਆਏ ਸਕੈਂਡਲ ਨੂੰ ਦਬਾਉਣਾ ਚਾਹੁੰਦੇ ਸਨ ਪਰ ਖਾਲੜਾ ਸ਼ਹਾਦਤ ਦੀ ਚਰਖੜੀ ’ਤੇ ਚੜ੍ਹਨ ਲਈ ਤਿਆਰ ਸਨ। ਜ਼ਮੀਰ ਮਾਰੂ ਚੁੱਪ ਖਾਲੜਾ ਨੂੰ ਮਨਜ਼ੂਰ ਨਹੀਂ ਸੀ। ਇਸ ਗ੍ਰਿਫਤਾਰੀ ਬਾਰੇ ਬਾਦਲ ਦਲ ਦਾ ਚੁੱਪ ਪੈਂਤੜਾ ਇਸ ਲਈ ਸੀ ਕਿ ਉਹ ਦਿੱਲੀ ਦੀ ਸਿਰਜੀ ਸੰਵਿਧਾਨ ਦੇ ਉਲਟ ਅਖੌਤੀ ਰਾਸ਼ਟਰਵਾਦੀ ਸਿਆਸਤ ਕਰਨਾ ਚਾਹੁੰਦੇ ਸਨ। ਪੰਜਾਬ ਦਾ ਮੀਡੀਆ ਇਸੇ ਰਾਸ਼ਟਰਵਾਦੀ ਪੈਂਤੜੇ ਤੇ ਸੀ ਕਿ ਖਾਲੜਾ ਨੂੰ ਖਾੜਕੂਵਾਦ ਨਾਲ ਇਕਮਿਕ ਕੀਤਾ ਜਾ ਸਕੇ, ਜਦ ਕਿ ਖਾਲੜਾ ਸਿਰਫ ਮਨੁੱਖੀ ਅਧਿਕਾਰਾਂ ਲਈ ਲੜ ਰਹੇ ਸਨ। ਇਹ ਗੱਲ ਨਾ ਬਾਦਲ ਦੀ ਸਿਆਸਤ ਨੂੰ ਵਾਰਾ ਖਾਂਦੀ ਸੀ, ਨਾ ਜਥੇਦਾਰ ਟੌਹੜਾ ਨੂੰ। ਉਹ ਨਹੀਂ ਚਾਹੁੰਦੇ ਸਨ ਕਿ ਜਸਵੰਤ ਸਿੰਘ ਖਾਲੜਾ ਪੰਥ ਤੇ ਪੰਜਾਬ ਦੇ ਸਿਆਸੀ ਮੰਚ ’ਤੇ ਉਭਰੇ। ਜੇ ਟੌਹੜਾ ਵੀ ਬੁਲੰਦ ਅਵਾਜ਼ ਨਾਲ ਖਾਲੜਾ ਦੇ ਹੱਕ ਵਿਚ ਖੜ੍ਹਦੇ ਤਾਂ ਮਨੁੱਖੀ ਅਧਿਕਾਰਾਂ ਦੀ ਲਹਿਰ ਖਾਲੜੇ ਦਾ ਕਤਲ ਨਹੀਂ ਸੀ ਹੋਣਾ। ਉਹ ਪੰਜਾਬ ਦੀ ਹਿੰਦੂ ਵੋਟ ਦਾ ਸਮਰਥਨ ਚਾਹੁੰਦੇ ਸਨ। ਇਹ ਦੋਸ਼ੀ ਇਸ ਲਈ ਹਨ ਕਿ ਇਹ ਲੋਕ ਮਨੁੱਖੀ ਅਧਿਕਾਰਾਂ ‘ਤੇ ਸਟੈਂਡ ਨਹੀਂ ਲੈ ਸਕੇ। ਇਹਨਾਂ ਇਸ ਪੈਂਤੜੇ ਤੋਂ ਪੰਥ ਨਾਲ ਅਤੇ ਮਨੁੱਖੀ ਅਧਿਕਾਰਾਂ ਨਾਲ ਦਗਾ ਕੀਤਾ ਹੈ।

## ਭਾਰਤੀ ਰਾਸ਼ਟਰਪਤੀ ਦੇ ਫੇਸਬੁੱਕ ਪੇਜ਼ ਉਤੇ ਗੁਰਬਾਣੀ ਦੀ ਬੇਅਦਬੀ ਵਾਲੀ ਵੀਡਿਓ

**ਨਵੀਂ ਦਿੱਲੀ/ਏਟੀ ਨਿਊਜ਼ :**
ਭਾਰਤ ਦੇ ਰਾਸ਼ਟਰਪਤੀ ਰਾਮਨਾਥ ਕੋਵਿੰਦ ਦੇ ਫ਼ੇਸਬੁੱਕ ਪੇਜ ‘ਤੇ ਗੁਰੂ ਨਾਨਕ ਸਾਹਿਬ ਦੀ ਰਚਨਾ ਜਪੁਜੀ ਸਾਹਿਬ ‘ਤੇ ਨ੍ਰਿਤ ਕਰਦੀ ਹੋਈ ਬੀਬੀ ਦੀ ਵੀਡੀਉ ਪਾਏ ਜਾਣ ਕਾਰਨ ਸਿੱਖ ਸੰਗਤ ਵਿਚ ਰੋਸ ਪਾਇਆ ਜਾ ਰਿਹਾ ਹੈ। ਭਾਰਤ ਦੇ ਰਾਸ਼ਟਰਪਤੀ ਰਾਮਨਾਥ ਕੋਵਿੰਦ ਦੇ ਫ਼ੇਸਬੁੱਕ ਪੇਜ ‘ਤੇ 1 ਅਪ੍ਰੈਲ ਨੂੰ ਰਾਤ ਦੇ 8 ਵੱਜ ਕੇ 1 ਮਿੰਟ ‘ਤੇ ਤਕਰੀਬਨ ਡੇਢ ਮਿੰਟ ਦੀ ਵੀਡੀਉ ਅਪਲੋਡ ਕੀਤੀ ਗਈ ਜਿਸ ਵਿਚ ਇਕ ਬੀਬੀ ਨੰਗੇ ਸਿਰ ਸਟੇਜ ‘ਤੇ ਭਾਰਤ ਨਾਇਅਮ ਦਾ ਨ੍ਰਿਤ ਕਰਦੀ ਹੈ, ਨਾਲ ਹੀ ਗੁਰੂ ਨਾਨਕ ਸਾਹਿਬ ਵਲੋਂ ਉਚਾਰਣ ਕੀਤੀ ਪ੍ਰਥਮ ਬਾਣੀ ਜਪੁ ਜੀ ਸਾਹਿਬ ਦੀ ਪਹਿਲੀ ਪਉੜੀ ਦਾ ਗਾਇਣ ਵੀ ਹੋ ਰਿਹਾ ਹੈ। ਦੱਸਿਆ ਜਾ ਰਿਹਾ ਹੈ ਕਿ ਇਹ ਚਿੱਲੀ ਦੇ ਸੈਟੀਆਂਗੋ ਵਿਖੇ ਇੰਡੀਅਨ ਕਮਨਿਊਟੀ ਐਂਡ ਫ਼ਰੈਂਡਜ਼ ਆਫ਼ ਇੰਡੀਆ ਦੇ ਬੈਨਰ ਹੇਠ ਹੋਏ ਪ੍ਰੋਗਰਾਮ ਦੀ ਵੀਡਿਓ ਹੈ। ਸਾਜ ਵਜਾਉਣ ਵਾਲਾ ਵਿਅਕਤੀ ਅਤੇ ਗੁਰਬਾਣੀ ਗਾਇਣ ਉਤੇ ਨਾਚ ਕਰਨ ਵਾਲੀ ਬੀਬੀ ਦੋਵੇਂ ਹੀ ਨੰਗੇ ਸਿਰ ਦਿਖਾਈ ਦੇ ਰਹੀ ਹੈ। ਵੱਖ-ਵੱਖ ਧਰਮਾਂ, ਸਭਿਆਚਾਰਾਂ, ਬੋਲੀਆਂ ਦੇ ਦੇਸ਼ ਦੇ ਰਾਸ਼ਟਰਪਤੀ ਦੇ ਫੇਸਬੁੱਕ ਪੇਜ ‘ਤੇ ਸਿੱਖ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲੀ ਵੀਡੀਉ ਦਾ ਅਪਲੋਡ ਹੋਣਾ ਅਫ਼ਸੋਸਜਨਕ ਹੈ। ਦਰਬਾਰ ਏ ਖ਼ਾਲਸਾ ਜਥੇਬੰਦੀ ਵਲੋਂ ਰਾਸ਼ਟਰਪਤੀ ਨੂੰ ਮੇਲ ਕਰਦੇ ਹੋਏ ਉਕਤ ਵੀਡੀਉ ਨੂੰ ਤੁਰੰਤ ਫ਼ੇਸਬੁਕ ਤੋਂ ਹਟਾਉਣ ਦੀ ਮੰਗ ਕੀਤੀ ਗਈ ਹੈ।


A-ONE EXPRESS

ਸਾਨੂੰ ਤਜ਼ਰਬੇਕਾਰ ਡਰਾਈਵਰਾਂ ਅਤੇ ਓਨਰ ਅਪਰੇਟਰਾਂ ਦੀ ਲੋੜ ਹੈ

- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨਾਰਥ-ਈਸਟ, ਸਾਊਥ-ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖ਼ਾਹ ਸਮੇਂ ਸਿਰ
- 50% ਹੁੱਕ ਡਰਾਪ
- ਨਵੇਂ 2015, 2016 ਅਤੇ 2017 ਮਾਡਲ ਦੇ ਟਰੱਕ ਚਲਾਓ, ਬਰੇਕ ਡਾਊਨ ਤੋਂ ਬਚੋ ਤੇ ਚੰਗੇ ਪੈਸੇ ਕਮਾਓ
- Excellent Payment
- Easy Aboard ELD Logbook



MC NO. # 464630

6120 Faith Home Rd Ceres, CA 95307

TAX ID #32-0065398

ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ ’ਤੇ ਸੰਪਰਕ ਕਰੋ

TOLL FREE 888.725.7441 OFFICE : 209.537.0975 FAX : 209.537.0375

# ਪੰਜਾਬ ਵਿਚ ਆਪਣੀ ਹੀ ਔਲਾਦ ਹੱਥੋਂ ਰੁਲ ਰਿਹਾ ਬੁਢਾਪਾ



***ਅੱਜ ਕੱਲ੍ਹ ਬਹੁਤੇ ਪਤੀ ਪਤਨੀ ਨੌਕਰੀ ਪੇਸ਼ਾ ਹਨ। ਉਹਨਾਂ ਕੋਲ ਤਾਂ ਆਪਣੇ ਬੱਚੇ ਸੰਭਾਲਣ ਦਾ ਟਾਈਮ ਨਹੀਂ, ਬਜ਼ੁਰਗ ਕਿੱਥੋਂ ਸੰਭਾਲਣੇ ਹਨ। ਪਰ ਜਿਹੜੇ ਲੋਕ ਨੌਕਰੀ ਨਹੀਂ ਕਰਦੇ, ਉਹ ਵੀ ਆਪਣੇ ਮਾਂ ਬਾਪ ਨੂੰ ਸੰਭਾਲਣ ਤੋਂ ਇਨਕਾਰੀ ਹਨ। ਜਿਹੜਾ ਵੀ ਬੰਦਾ ਆਪਣੇ ਮਾਪਿਆਂ ਨੂੰ ਬਿਰਧ ਘਰ ਸੁੱਟ ਕੇ ਆਉਂਦਾ ਹੈ, ਉਸ ਨੂੰ ਚਾਹੀਦਾ ਕਿ ਉਹ ਬਿਰਧ ਘਰ ਨੂੰ ਵੱਧ ਤੋਂ ਵੱਧ ਦਾਨ ਦੇਵੇ, ਉੱਥੇ ਪੱਖੇ, ਕੂਲਰ ਅਤੇ ਏ.ਸੀ. ਫਿੱਟ ਕਰਵਾਏ। ਕਿਉਂਕਿ ਸਮਾਂ ਆਉਣ 'ਤੇ ਉਸਦੀ ਔਲਾਦ ਨੇ ਵੀ ਉਸ ਨੂੰ ਉੱਥੇ ਹੀ ਪਹੁੰਚਾਉਣਾ ਹੈ।***

**ਬਲਰਾਜ ਸਿੰਘ ਸਿੱਧੂ**
(ਸੀਨੀਅਰ ਪੁਲੀਸ ਅਫਸਰ)

ਪੰਜਾਬ ਵਿਚ ਅੱਜ ਬੁਢਾਪਾ ਆਪਣੀ ਹੀ ਔਲਾਦ ਹੱਥੋਂ ਰੁਲ ਰਿਹਾ ਹੈ। ਬਜ਼ੁਰਗਾਂ ਦੀ ਹਾਲਤ ਬਦ ਤੋਂ ਬਦਤਰ ਹੁੰਦੀ ਜਾ ਰਹੀ ਹੈ। ਗਰੀਬਾਂ ਦੀ ਤਾਂ ਚਲੋ ਮੰਨਿਆਂ ਆਰਥਿਕ ਮਜਬੂਰੀ



ਹੋ ਸਕਦੀ ਹੈ, ਪਰ ਇੱਥੇ ਤਾਂ ਚੰਗੇ ਭਲੇ ਰੱਜੇ-ਪੁੱਜੇ ਘਰਾਂ ਦੇ ਬਜ਼ੁਰਗ ਰੋਟੀ ਤੋਂ ਆਤੁਰ ਹੋਏ ਪਏ ਹਨ। ਮਹਿੰਗੇ ਭਾਅ ਖਰੀਦੇ ਵਿਦੇਸ਼ੀ ਕੁੱਤਿਆਂ ਦੀ ਉਹਨਾਂ ਨਾਲੋਂ ਵੱਧ ਸੇਵਾ ਹੁੰਦੀ ਮੈਂ ਆਪਣੀ ਅੱਖੀਂ ਵੇਖੀ ਹੈ। ਜਿਸ ਬੰਦੇ ਨੇ ਸਾਰੀ ਉਮਰ ਕਮਾਈਆਂ ਕਰ ਕੇ ਕਰੋੜਾਂ-ਅਰਬਾਂ ਦੀ ਜਾਇਦਾਦ ਬਣਾਈ ਹੁੰਦੀ ਹੈ, ਉਹ ਪਿਛਲੀ ਉਮਰੇ ਰੋਟੀ ਦੀ ਬੁਰਕੀ ਤੋਂ ਵੀ ਮੁਹਤਾਜ਼ ਹੋ ਜਾਂਦਾ ਹੈ। ਜਿੰਨਾ ਚਿਰ ਬੰਦੇ ਦੇ ਹੱਡਾਂ ਵਿਚ ਜਾਨ ਰਹਿੰਦੀ ਹੈ, ਉਹ ਸਾਰਿਆਂ ਨੂੰ ਚੰਗਾ ਲੱਗਦਾ ਹੈ, ਉਸਦੀ ਕੋਈ ਆਦਤ ਬੁਰੀ ਨਹੀਂ ਲੱਗਦੀ। ਪਰ ਜਦੋਂ ਹੀ ਉਹ ਨਕਾਰਾ ਹੋ ਕੇ ਮੰਜੇ 'ਤੇ ਪੈ ਜਾਂਦਾ ਹੈ, ਉਸਦੀ ਖਾਂਸੀ ਵੀ ਬੁਰੀ ਲੱਗਣ ਲੱਗ ਜਾਂਦੀ ਹੈ। ਸਾਡੇ ਮਹਿਕਮੇ ਦੇ ਇੱਕ ਅਫਸਰ ਨੇ ਸਾਰੀ ਉਮਰ ਰੱਜ ਕੇ ਕਮਾਈ ਕੀਤੀ। ਰਿਟਾਇਰਮੈਂਟ ਤੋਂ ਬਾਅਦ ਉਸ ਨੂੰ ਕੋਈ ਅਜਿਹੀ ਬਿਮਾਰੀ ਚਿੰਬੜ ਗਈ ਕਿ ਉਸ ਦੇ ਸਰੀਰ ਵਿਚੋਂ ਬਦਬੋ ਆਉਣ ਲੱਗ ਪਈ। ਉਸ ਦੀ ਹੋਣਹਾਰ ਔਲਾਦ, ਉਸ ਨੂੰ ਉਸ ਦੀ ਹੀ ਉਸਾਰੀ ਹੋਈ ਹਜ਼ਾਰ ਗਜ਼ ਦੀ ਕੋਠੀ ਵਿੱਚੋਂ ਚੁੱਕ ਕੇ ਮੋਟਰ ਵਾਲੇ ਕੋਠੇ ਵਿਚ ਸੁੱਟ ਆਈ, ਜਿੱਥੇ ਵਿਚਾਰਾ ਬੁਰੇ ਹਾਲੀਂ ਮਰਿਆ।

ਜੇ ਕਿਸੇ ਦੇ ਦੋ-ਤਿੰਨ ਪੁੱਤਰ ਹੋਣ ਤਾਂ ਬੁੱਢੇ ਵਾਰੇ ਮਾਪਿਆਂ ਦੀਆਂ ਵੰਡੀਆਂ ਪੈ ਜਾਂਦੀਆਂ ਹਨ। ਉਹਨਾਂ ਵਿਚ ਤਲਾਕ ਵਰਗੇ ਹਾਲਾਤ ਪੈਦਾ ਕਰ ਦਿੱਤੇ ਜਾਂਦੇ ਹਨ। ਮਾਂ ਨੂੰ ਇਕ ਭਰਾ ਲੈ ਜਾਂਦਾ ਹੈ ਤੇ ਪਿਉ ਨੂੰ ਦੂਸਰਾ। ਦੋਵੇਂ ਵਿਚਾਰੇ ਮਿਲਣ ਲਈ ਵੀ ਤਰਸ ਜਾਂਦੇ ਹਨ। ਇਹੀ ਉਮਰ ਆਦਮੀ ਤੀਵੀਂ ਵਿਚ ਬੈਠ ਕੇ ਦੁਖ-ਸੁਖ ਫਰੋਲਣ ਦੀ ਹੁੰਦੀ ਹੈ। ਪਰ ਪੁੱਤਰਾਂ ਦੀ ਦੁਸ਼ਮਣੀ ਕਾਰਨ ਉਹਨਾਂ ਨੂੰ ਆਪਸ ਵਿਚ ਮਿਲਣ ਦਾ ਹੱਕ ਵੀ ਨਹੀਂ ਰਹਿੰਦਾ। ਮਾਪਿਆਂ ਦੀ ਸੇਵਾ ਨਾ ਕਰਨੀ ਅਤੇ ਉਹਨਾਂ ਨੂੰ ਪਿਛਲੀ ਉਮਰੇ ਬਿਰਧ ਘਰ ਵਿਚ ਛੱਡ ਆਉਣਾ, ਪੱਛਮੀ ਦੇਸ਼ਾਂ ਦੀ ਪਰੰਪਰਾ ਹੈ। ਇਸ ਦਾ ਕਾਰਨ ਇਹ ਹੈ ਕਿ ਉੱਥੇ ਪਰਿਵਾਰਕ ਰਿਸ਼ਤੇ ਬਹੁਤੇ ਮਜ਼ਬੂਤ ਨਹੀਂ ਹਨ। ਜਵਾਨ ਹੁੰਦੇ ਹੀ ਬੱਚੇ ਘਰ ਛੱਡ ਕੇ ਚਲੇ ਜਾਂਦੇ ਹਨ। ਇਸ ਕਾਰਨ ਉਹ ਬੁਢਾਪੇ ਵਿੱਚ ਆਪਣੇ ਮਾਂ ਬਾਪ ਨੂੰ ਨਹੀਂ ਸੰਭਾਲਦੇ। ਪਰ ਸਾਡਾ ਸੱਭਿਆਚਾਰ ਹੋਰ ਹੈ। ਇੱਥੇ ਮਾਪੇ ਆਪਣੇ ਬੱਚਿਆਂ ਨੂੰ ਕੀ, ਬੱਚਿਆਂ ਦੇ ਬੱਚਿਆਂ ਨੂੰ ਵੀ ਸੰਭਾਲਦੇ ਹਨ। ਇਸ ਲਈ ਬੁਢਾਪੇ ਵਿਚ ਉਹਨਾਂ ਦੀ ਸੇਵਾ ਕਰਨੀ ਬੱਚਿਆਂ ਦਾ ਫਰਜ਼ ਹੈ।

ਅੱਜ ਕੱਲ੍ਹ ਬਹੁਤੇ ਪਤੀ ਪਤਨੀ ਨੌਕਰੀ ਪੇਸ਼ਾ ਹਨ। ਉਹਨਾਂ ਕੋਲ ਤਾਂ ਆਪਣੇ ਬੱਚੇ ਸੰਭਾਲਣ ਦਾ ਟਾਈਮ ਨਹੀਂ, ਬਜ਼ੁਰਗ ਕਿੱਥੋਂ ਸੰਭਾਲਣੇ ਹਨ। ਪਰ ਜਿਹੜੇ ਲੋਕ ਨੌਕਰੀ ਨਹੀਂ ਕਰਦੇ, ਉਹ ਵੀ ਆਪਣੇ ਮਾਂ ਬਾਪ ਨੂੰ ਸੰਭਾਲਣ ਤੋਂ ਇਨਕਾਰੀ ਹਨ। ਜਿਹੜਾ ਵੀ ਬੰਦਾ ਆਪਣੇ ਮਾਪਿਆਂ ਨੂੰ ਬਿਰਧ ਘਰ ਸੁੱਟ ਕੇ ਆਉਂਦਾ ਹੈ, ਉਸ ਨੂੰ ਚਾਹੀਦਾ ਕਿ ਉਹ ਬਿਰਧ ਘਰ ਨੂੰ ਵੱਧ ਤੋਂ ਵੱਧ ਦਾਨ ਦੇਵੇ, ਉੱਥੇ ਪੱਖੇ, ਕੂਲਰ ਅਤੇ ਏ.ਸੀ. ਫਿੱਟ ਕਰਵਾਏ। ਕਿਉਂਕਿ ਸਮਾਂ ਆਉਣ 'ਤੇ ਉਸਦੀ ਔਲਾਦ ਨੇ ਵੀ ਉਸ ਨੂੰ ਉੱਥੇ ਹੀ ਪਹੁੰਚਾਉਣਾ ਹੈ। ਆਖਰ ਬੱਚੇ ਆਪਣੇ ਮਾਂ ਬਾਪ ਦੀ ਹੀ ਰੀਸ ਕਰਦੇ ਹਨ।

ਜੇ ਕਿਸੇ ਨੂੰ ਆਪਣੇ ਮਾਪਿਆਂ ਵਿਚੋਂ ਬਦਬੋ ਆਉਂਦੀ ਹੋਵੇ ਤਾਂ ਉਸ ਨੂੰ ਇਕ ਵਾਰ ਭਗਤ ਪੂਰਨ ਸਿੰਘ ਪਿੰਗਲਵਾੜੇ ਦੀ ਜ਼ਿਆਰਤ ਜ਼ਰੂਰ ਕਰਨੀ ਚਾਹੀਦੀ ਹੈ। ਉੱਥੇ ਜਾ ਕੇ ਪਤਾ ਲੱਗਦਾ ਹੈ ਕਿ ਬਜ਼ੁਰਗਾਂ ਦੀ ਸੇਵਾ ਕਿਵੇਂ ਕੀਤੀ ਜਾਂਦੀ ਹੈ। ਸਾਡੇ ਲਈ ਆਪਣੇ ਮਾਪੇ ਸੰਭਾਲਣੇ ਔਖੇ ਹਨ, ਪਰ ਉਹ ਹਜ਼ਾਰਾਂ ਬੇਗਾਨੇ ਮਾਪੇ ਸੰਭਾਲਦੇ ਹਨ। ਉੱਥੇ ਸੈਂਕੜੇ ਅਜਿਹੇ ਬਜ਼ੁਰਗ ਹਨ ਜਿਹਨਾਂ ਨੂੰ ਆਪਣੇ ਆਪ ਦੀ ਹੋਸ਼ ਨਹੀਂ। ਉਹ ਉਹਨਾਂ ਦਾ ਮਲ ਮੂਤਰ ਬਿਨਾਂ ਮੱਥੇ ਵੱਟ ਪਾਇਆਂ ਸਾਫ ਕਰਦੇ ਹਨ। ਇਸ ਲਈ ਸਾਨੂੰ ਚਾਹੀਦਾ ਹੈ ਕਿ ਜੇ ਅਸੀਂ ਬੇਗਾਨੇ ਸੰਭਾਲਣ ਜੋਗੇ ਨਹੀਂ, ਘੱਟੋ ਘੱਟ ਆਪਣੇ ਬਜ਼ੁਰਗ ਤਾਂ ਸੰਭਾਲੀਏ। ਡੰਗਰਾਂ ਵਾਲੇ ਕੋਠੇ ਵਿਚ ਮਲ ਮੂਤਰ ਨਾਲ ਲਿੱਬੜੇ ਬਜ਼ੁਰਗ ਦੇ ਮਰਨ 'ਤੇ ਸੰਘ ਪਾੜ ਕੇ ਰੋਣ ਅਤੇ ਉਸ ਦੇ ਭੋਗ 'ਤੇ ਲੱਡੂ ਜਲੇਬੀਆਂ ਦੇ ਲੰਗਰ ਲਾਉਣ ਦਾ ਪਾਖੰਡ ਕਰਨ ਦੀ ਬਜਾਏ ਉਸ ਦੀ ਜਿਉਂਦੇ ਜੀਅ ਰੱਜ ਕੇ ਟਹਿਲ ਸੇਵਾ ਕਰਨੀ ਚਾਹੀਦੀ ਹੈ।

HOTHI FREIGHTLINES
HOTHI FREIGHTLINES
ਸਾਨੂੰ ਓਨਰ ਅਪਰੇਟਰ ਅਤੇ ਡਰਾਈਵਰਾਂ ਦੀ ਲੋੜ ਹੈ।
• California to Michigan, New Jersey Florida & Texas • Dedicated Load (ਪੱਕੇ ਲੋਡ)

• ਪੈਸਿਆਂ ਦਾ ਭੁਗਤਾਨ ਆਪ ਸਾਨੂੰ ਲੋਡ ਡਲਿਵਰ ਕਰਕੇ ਪੇਪਰ ਦਿਉ ਅਤੇ ਆਪਣੇ ਪੈਸੇ ਲਉ।
• ਸਾਡੇ ਡਿਸਪੈਚਰ ਪੰਜਾਬੀ ਅਤੇ ਇੰਗਲਿਸ਼ ਬੋਲਦੇ ਹਨ।
ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ
ਗੁਰਜੀਤ ਸਿੰਘ ਹੋਠੀ (408) 332-9355
248 South Hillview Dr Milpitas CA 95035

ਅੰਮ੍ਰਿਤਸਰ ਟਾਈਮਜ਼ Weekly Punjabi Newspaper
Corporate Office
4127 Bay Street, Suite 8
Fremont, CA 94538
Email: asrtimes@gmail.com
ਵਧੇਰੇ ਜਾਣਕਾਰੀ ਤੇ ਖਬਰਾਂ ਲਈ ਸੰਪਰਕ
Tel: (510) 240-5949 • Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157 • (510) 677-2777 Jai Singh
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

# ਕਰਤਾਰਪੁਰ ਲਾਂਘਾ : ਮੋਦੀ ਸਰਕਾਰ ਨੇ ਖਾਲਿਸਤਾਨ ਦਾ ਬਹਾਨਾ ਬਣਾ ਕੇ ਪਾਕਿ ਨਾਲ ਰੋਕੀ ਗੱਲਬਾਤ

- **ਪਾਕਿਸਤਾਨ ਨੇ ਮੋਦੀ ਸਰਕਾਰ ਦੇ ਸਟੈਂਡ 'ਤੇ ਦੁੱਖ ਪ੍ਰਗਟਾਇਆ**
- **ਗੋਪਾਲ ਸਿੰਘ ਚਾਵਲਾ ਤੇ ਹੋਰ ਖਾਲਿਸਤਾਨੀਆਂ ਨੂੰ ਕੋਰੀਡੋਰ ਕਮੇਟੀ 'ਚ ਪਾਉਣ ਕਰਕੇ ਭਾਰਤ ਨਰਾਜ਼**

*ਵਿਸ਼ੇਸ਼ ਰਿਪੋਰਟ*

ਪਾਕਿਸਤਾਨ ਸਥਿਤ ਗੁਰਦੁਆਰਾ ਕਰਤਾਰਪੁਰ ਸਾਹਿਬ ਲਈ ਭਾਰਤ ਤੋਂ ਵਿਸ਼ੇਸ਼ ਕੋਰੀਡੋਰ ਬਣਾਉਣ ਦਾ ਮਾਮਲਾ ਫਿਲਹਾਲ ਲਟਕਦਾ ਦਿਖਾਈ ਦੇ ਰਿਹਾ ਹੈ। ਕਰਤਾਰਪੁਰ ਖੁੱਲ੍ਹੇ ਲਾਂਘੇ ਬਾਰੇ ਮੋਦੀ ਸਰਕਾਰ ਨੇ ਖਾਲਿਸਤਾਨ ਦਾ ਬਹਾਨਾ ਬਣਾ ਕੇ ਪਾਕਿ ਨਾਲ ਗੱਲਬਾਤ ਰੱਦ ਕਰਨ ਦਾ ਫ਼ੈਸਲਾ ਕੀਤਾ ਹੈ। ਕਾਰਨ ਇਹ ਹੈ ਕਿ ਦੋ ਦਿਨ ਪਹਿਲਾਂ ਪਾਕਿਸਤਾਨ ਸਰਕਾਰ ਨੇ ਇਸ ਕੋਰੀਡੋਰ ਦੇ ਨਿਰਮਾਣ ਤੇ ਗੁਰਦੁਆਰੇ ਵਿਚ ਗੁਰੂ ਨਾਨਕ ਜੀ ਦੇ 550ਵੇਂ ਪ੍ਰਕਾਸ਼ ਪੁਰਬ 'ਤੇ ਹੋਣ ਵਾਲੇ ਪ੍ਰੋਗਰਾਮ ਦੀ ਮੈਨੇਜਮੈਂਟ ਲਈ ਜਿਹੜੀ ਕਮੇਟੀ ਬਣਾਈ ਹੈ, ਉਸ ਵਿਚ ਗੋਪਾਲ ਸਿੰਘ ਚਾਵਲਾ ਤੋਂ ਇਲਾਵਾ ਖ਼ਾਲਿਸਤਾਨ ਹਮਾਇਤੀਆਂ ਮਨਿੰਦਰ ਸਿੰਘ, ਬਿਸ਼ਨ ਸਿੰਘ ਅਤੇ ਕੁਲਜੀਤ ਸਿੰਘ ਨੂੰ ਸ਼ਾਮਲ ਕੀਤਾ ਹੈ। ਭਾਰਤ ਨੇ ਇਨ੍ਹਾਂ ਲੋਕਾਂ ਨੂੰ ਸ਼ਾਮਲ ਕਰਨ 'ਤੇ ਗੰਭੀਰ ਚਿੰਤਾ ਪ੍ਰਗਟਾਉਂਦੇ ਹੋਏ ਪਾਕਿਸਤਾਨ ਤੋਂ ਸਫ਼ਾਈ ਮੰਗੀ ਹੈ।

ਵਿਦੇਸ਼ ਮੰਤਰਾਲੇ ਨੇ ਨਵੀਂ ਦਿੱਲੀ ਸਥਿਤ ਪਾਕਿਸਤਾਨ ਦੇ ਡਿਪਟੀ ਹਾਈ ਕਮਿਸ਼ਨਰ ਸਈਅਦ ਹੈਦਰ ਸ਼ਾਹ ਨੂੰ ਬੁਲਾ ਕੇ ਆਪਣੇ ਫ਼ੈਸਲੇ ਦੇ ਬਾਰੇ ਦੱਸ ਦਿੱਤਾ ਹੈ। ਸ਼ਾਹ ਨੂੰ ਕਿਹਾ ਗਿਆ ਕਿ ਪਾਕਿਸਤਾਨ ਨੂੰ ਇਹ ਦੱਸਣਾ ਚਾਹੀਦਾ ਹੈ ਕਿ ਪਿਛਲੀ ਬੈਠਕ ਵਿਚ ਭਾਰਤ ਵਲੋਂ ਸਪੱਸ਼ਟ ਤੌਰ 'ਤੇ ਖ਼ਾਲਿਸਤਾਨ ਹਮਾਇਤੀਆਂ ਨੂੰ ਇਸ ਸਮੁੱਚੇ ਕੋਰੀਡੋਰ ਤੋਂ ਅਲੱਗ ਰੱਖਣ ਦੀ ਮੰਗ ਦੇ ਬਾਵਜੂਦ ਇਸ ਤਰ੍ਹਾਂ ਕਿਉਂ ਕੀਤਾ ਗਿਆ? ਪਾਕਿਸਤਾਨ ਦੀ ਸਫ਼ਾਈ ਦੇ ਬਾਅਦ ਹੀ ਅੱਗੇ ਦਾ ਕਦਮ ਚੁੱਕਿਆ ਜਾਵੇਗਾ। ਭਾਰਤ ਨੇ ਇਹ ਤਜਵੀਜ਼ ਵੀ ਦਿੱਤੀ ਹੈ ਕਿ ਕੋਰੀਡੋਰ ਨਾਲ ਜੁੜੇ ਤਕਨੀਕੀ ਮੁੱਦਿਆਂ 'ਤੇ ਵਿਚਾਰ ਕਰਨ ਲਈ ਤਕਨੀਕੀ ਟੀਮ ਦੀ ਬੈਠਕ ਅਪ੍ਰੈਲ ਦੇ ਮੱਧ ਵਿਚ ਬੁਲਾਈ ਜਾ ਸਕਦੀ ਹੈ। ਤਕਨੀਕੀ ਟੀਮ ਦੀ ਬੈਠਕ ਕੋਰੀਡੋਰ ਨਾਲ ਜੁੜੇ ਢਾਂਚਾਗਤ ਵਿਕਾਸ ਲਈ ਹੋਣੀ ਹੈ ਜਿਸ ਵਿਚ ਯਾਤਰੀਆਂ ਦੀ ਸਹੂਲਤ, ਉਨ੍ਹਾਂ ਦੇ ਆਉਣ-ਜਾਣ ਦੇ ਰਸਤੇ ਆਦਿ ਬਾਰੇ ਫ਼ੈਸਲਾ ਹੋਣਾ ਹੈ।

**ਪਾਕਿਸਤਾਨ ਨੇ ਦੁੱਖ ਪ੍ਰਗਟਾਇਆ :** ਪਾਕਿਸਤਾਨ ਨੇ ਭਾਰਤ ਦੇ ਇਸ ਫੈਸਲੇ 'ਤੇ ਦੁਖ ਪ੍ਰਗਟਾਉਂਦੇ ਹੋਏ ਕਿਹਾ ਕਿ 14 ਮਾਰਚ ਦੀ ਬੈਠਕ ਵਿਚ ਦੋਵੇਂ ਧਿਰਾਂ ਦਰਮਿਆਨ ਇਹ ਤੈਅ ਹੋਇਆ ਸੀ ਕਿ ਹੋਰ ਲਟਕਦੇ ਮੁੱਦਿਆਂ 'ਤੇ ਵਟਾਂਦਰੇ ਲਈ ਦੋ ਅਪ੍ਰੈਲ ਨੂੰ ਬੈਠਕ ਹੋਵੇਗੀ। ਹੁਣ ਭਾਰਤ ਨੇ ਆਖ਼ਰੀ ਸਮੇਂ ਵਿਚ ਅਤੇ ਖ਼ਾਸ ਤੌਰ 'ਤੇ 19 ਮਾਰਚ ਨੂੰ ਇਸ ਬਾਰੇ ਤਕਨੀਕੀ ਟੀਮ ਦੀ ਬੈਠਕ ਤੋਂ ਬਾਅਦ ਇਸ ਨੂੰ ਰੱਦ ਕਰ ਦਿੱਤਾ ਹੈ ਜੋ ਸਮਝ ਤੋਂ ਬਾਹਰ ਹੈ। ਪਾਕਿਸਤਾਨ ਦੇ ਵਿਦੇਸ਼ ਮੰਤਰਾਲੇ ਦੇ ਬੁਲਾਰੇ ਡਾਕਟਰ ਮੁਹੰਮਦ ਫ਼ੈਸਲ ਨੇ ਕਿਹਾ ਕਿ ਪਾਕਿਸਤਾਨ ਨਾਲ ਸਲਾਹ ਕੀਤੇ ਬਿਨਾਂ ਬੈਠਕ ਨੂੰ ਇਕਤਰਫ਼ਾ ਰੱਦ ਕਰਨਾ ਮੰਦਭਾਗਾ ਹੈ।

**ਕਦੋਂ ਰੱਖਿਆ ਨੀਂਹ ਪੱਥਰ :** ਇੱਥੇ ਜ਼ਿਕਰਯੋਗ ਹੈ ਕਿ ਉਪ ਰਾਸ਼ਟਰਪਤੀ ਵੈਂਕਈਆ ਨਾਇਡੂ ਅਤੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ 26 ਨਵੰਬਰ, 2018 ਨੂੰ ਗੁਰਦਾਸਪੁਰ ਵਿਚ ਕਰਤਾਰਪੁਰ ਕਾਰੀਡੋਰ ਦਾ ਨੀਂਹ ਪੱਥਰ ਰੱਖਿਆ ਸੀ। ਭਾਰਤ ਸਰਕਾਰ 195 ਕਰੋੜ ਰੁਪਏ ਦੀ ਲਾਗਤ ਨਾਲ ਉੱਥੇ ਸ਼ਰਧਾਲੂਆਂ ਲਈ ਆਰਾਮਗਾਹ ਤੇ ਹੋਰ ਸਹੂਲਤਾਂ ਬਣਾ ਰਹੀ ਹੈ ਜਦ ਕਿ 125 ਕਰੋੜ ਰੁਪਏ ਦੀ ਲਾਗਤ ਨਾਲ 4.2 ਕਿਲੋਮੀਟਰ ਲੰਬਾ ਵਿਸ਼ਵ ਪੱਧਰੀ ਸੜਕ ਬਣਾਈ ਜਾ ਰਹੀ ਹੈ। ਭਾਰਤ ਨੇ ਕਿਹਾ ਕਿ ਸਤੰਬਰ 2019 ਤਕ ਇਹ ਸਾਰਾ ਕੰਮ ਪੂਰਾ ਕਰ ਲਿਆ ਜਾਵੇਗਾ ਤਾਂ ਜੋ ਨਵੰਬਰ 2019 ਵਿਚ ਹਜ਼ਾਰਾਂ ਸ਼ਰਧਾਲੂਆਂ ਨੂੰ ਕਰਤਾਰਪੁਰ ਗੁਰਦੁਆਰੇ ਜਾਣ ਦਾ ਮੌਕਾ ਮਿਲ ਸਕੇ।



**ਕੌਣ ਹੈ 'ਖਾਲਿਸਤਾਨੀ' ਗੋਪਾਲ ਸਿੰਘ ਚਾਵਲਾ :** ਭਾਰਤ ਸਰਕਾਰ ਵੱਲੋਂ ਪਾਕਿਸਤਾਨੀ ਕਮੇਟੀ ਵਿਚ ਕੁਝ ਨਾਵਾਂ ਉੱਤੇ ਇਤਰਾਜ਼ ਕੀਤਾ ਗਿਆ ਹੈ। ਇਨ੍ਹਾਂ ਵਿਚ ਸਿੱਖ ਆਗੂ ਗੋਪਾਲ ਸਿੰਘ ਚਾਵਲਾ ਦੇ ਨਾਂ ਉੱਤੇ ਵੀ ਇਤਰਾਜ਼ ਕੀਤਾ ਗਿਆ ਹੈ। ਗੋਪਾਲ ਸਿੰਘ ਚਾਵਲਾ ਪਿਛਲੇ ਸਮੇਂ ਤੋਂ ਸੁਰਖ਼ੀਆਂ ਵਿਚ ਚਲੇ ਆ ਰਹੇ ਹਨ। ਉਹਨਾਂ ਦੀਆਂ ਭਾਰਤੀ ਪੰਜਾਬ ਦੇ ਮੰਤਰੀ ਨਵਜੋਤ ਸਿੱਧੂ ਨਾਲ ਤਸਵੀਰਾਂ ਉੱਤੇ ਵੀ ਵਿਵਾਦ ਹੋਇਆ ਸੀ। ਇਸ ਮੌਕੇ ਇਹ ਸੁਆਲ ਅਹਿਮ ਬਣ ਜਾਂਦੇ ਹਨ ਕਿ ਇਹ ਗੋਪਾਲ ਸਿੰਘ ਚਾਵਲਾ ਕੌਣ ਹਨ। ਉਹ ਨਨਕਾਣਾ ਸਾਹਿਬ ਦੇ ਵਾਸੀ ਹਨ ਅਤੇ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕੀ ਕਮੇਟੀ ਦੇ ਜਨਰਲ ਸਕੱਤਰ ਹਨ।

ਭਾਰਤੀ ਮੀਡੀਆ ਵਿੱਚ ਗੋਪਾਲ ਸਿੰਘ ਚਾਵਲਾ ਨਾਲ ਪਾਕਿਸਤਾਨ ਦੇ ਫੌਜ ਮੁਖੀ ਕਮਰ ਜਾਵੇਦ ਬਾਜਵਾ ਨਾਲ ਫੋਟੋ ਆਈ ਤਾਂ ਇਸ ਬਾਰੇ ਭਾਰਤੀ ਮੀਡੀਆ ਨੇ ਬਹੁਤ ਰੌਲਾ ਪਾਇਆ ਸੀ। ਇਸ 'ਤੇ ਪ੍ਰਤੀਕਰਮ ਉਠਾਉਂਦਿਆਂ ਗੋਪਾਲ ਸਿੰਘ ਚਾਵਲਾ ਨੇ ਕਿਹਾ ਸੀ ਕਿ ਮੈਂ ਆਪਣੇ ਮੁਲਕ ਦੇ ਫੌਜ ਮੁਖੀ ਨਾਲ ਮਿਲਿਆ ਹਾਂ, ਮੈਂ ਕਿਸੇ ਇਸਰਾਇਲ ਜਾਂ ਇੰਡੀਆ ਦੇ ਫੌਜੀ ਨੂੰ ਤਾਂ ਨਹੀਂ ਮਿਲਿਆ।

ਉਹਨਾਂ ਦਾ ਕਹਿਣਾ ਹੈ ਕਿ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕੀ ਕਮੇਟੀ ਨੇ ਲਗਾਤਾਰ ਕਰਤਾਰਪੁਰ ਸਾਹਿਬ ਦੇ ਲਾਂਘੇ ਦੀ ਵਕਾਲਤ ਕੀਤੀ ਹੈ ਅਤੇ ਇਸ ਸਮਾਗਮ ਵਿੱਚ ਉਨ੍ਹਾਂ ਦੀ ਭਾਈਵਾਲੀ ਸੁਭਾਵਿਕ ਹੈ। ਇੱਕ ਵੀਡੀਓ ਵਿੱਚ ਉਹ ਗੁਰਦੁਆਰਾ ਨਨਕਾਣਾ ਸਾਹਿਬ ਤੋਂ ਬੋਲ ਰਹੇ ਹਨ ਕਿ ਪਾਕਿਸਤਾਨ ਵਿੱਚ ਸਿੱਖਾਂ ਦੀ ਮੁਕੱਦਸ ਥਾਂ ਉੱਤੇ ਦਮਦਮੀ ਟਕਸਾਲ ਤੋਂ ਲੈ ਕੇ ਮਰਦਮਸ਼ੁਮਾਰੀ ਵਾਲੇ ਆਪਣੇ ਬੈਨਰ ਲਗਾ ਸਕਦੇ ਹਨ, ਕਿਉਂਕਿ ਇਸ ਥਾਂ ਉੱਤੇ ਹਰ ਕਿਸੇ ਨੂੰ ਆਪਣੀ ਗੱਲ ਕਹਿਣ ਦਾ ਹੱਕ ਹੈ।

ਉਹ ਦਾਅਵਾ ਕਰਦੇ ਹਨ, "ਜਿੰਨੀ ਸਿੱਖ ਪੰਥ ਨੂੰ ਆਜ਼ਾਦੀ ਪਾਕਿਸਤਾਨ ਵਿੱਚ ਹੈ, ਉਹ ਦੁਨੀਆਂ ਵਿੱਚ ਹੋਰ ਕਿਤੇ ਨਹੀਂ ਹੈ। ਜੇ ਹਿੰਦੋਸਤਾਨ ਨੇ ਇਸੇ ਮਾਮਲੇ ਵਿੱਚ ਸਾਡੇ ਨਾਲ ਜਿੱਦ ਕਰਨੀ ਹੈ ਤਾਂ ਇਸੇ ਤਰ੍ਹਾਂ ਦੀ ਆਜ਼ਾਦੀ ਸਿੱਖਾਂ ਨੂੰ ਉੱਥੇ ਦੇ ਦੇਵੇ।" ਇਸ ਤੋਂ ਬਾਅਦ ਉਹ ਕੁਝ ਚੋਣਵੀਂਆਂ ਘਟਨਾਵਾਂ ਦੇ ਹਵਾਲੇ ਨਾਲ ਹਿੰਦੋਸਤਾਨ ਵਿੱਚ ਸਿੱਖਾਂ ਖ਼ਿਲਾਫ਼ ਹੁੰਦੇ ਜ਼ੁਲਮ ਦੀ ਗੱਲ ਕਰਦਾ ਹੋਇਆ ਸਾਰੇ ਮਸਲਿਆਂ ਦੇ ਹੱਲ ਵਜੋਂ ਆਜ਼ਾਦ ਖਾਲਿਸਤਾਨ ਦੀ ਮੰਗ ਕਰਦਾ ਹੈ।

ਉਹ ਮਰਦਮਸ਼ੁਮਾਰੀ ਦੀ ਹਮਾਇਤ ਕਰਦਾ ਹੋਇਆ ਲੋੜ ਪੈਣ ਉੱਤੇ 'ਸਿਰ ਵਾਰਨ' ਦਾ ਵਾਅਦਾ ਕਰਦਾ ਹੈ। ਖਾਲਿਸਤਾਨ ਦੀ ਗੱਲ ਕਰਦੇ ਹੋਏ ਉਹ ਆਖਦੇ ਹਨ ਕਿ ਖਾਲਿਸਤਾਨ ਅਤੇ ਪਾਕਿਸਤਾਨ ਇੱਕੋ ਮੁਲਕ ਹੋਵੇਗਾ। ਉਹ ਸਿੱਖ-ਮੁਸਲਮਾਨ ਦੀ ਸਾਂਝ ਦੇ ਕਈ ਹਵਾਲੇ ਦਿੰਦੇ ਹਨ। ਉਨ੍ਹਾਂ ਦੀ ਆਖ਼ਰੀ ਦਲੀਲ ਹੈ ਕਿ ਜੇ ਮੁਸਲਮਾਨਾਂ, ਈਸਾਈਆਂ, ਹਿੰਦੂਆਂ ਅਤੇ ਯਹੂਦੀਆਂ ਦੇ ਮੁਲਕ ਹਨ ਤਾਂ ਸਿੱਖਾਂ ਦਾ ਵੀ ਮੁਲਕ ਹੋਣਾ ਚਾਹੀਦਾ ਹੈ। ਜਦੋਂ ਉਨ੍ਹਾਂ ਨੂੰ ਇਹੋ ਜਿਹੇ ਹਵਾਲਿਆਂ ਨਾਲ ਹਿੰਦੂ-ਸਿੱਖ ਦੀ ਸਾਂਝ ਬਾਬਤ ਪੁੱਛਿਆ ਗਿਆ ਤਾਂ ਉਨ੍ਹਾਂ ਜੁਆਬ ਦਿੱਤਾ, "ਹਿੰਦੂ ਵੀ ਸਾਡੇ ਭਰਾ ਹਨ ਪਰ ਅਸੀਂ ਹਿੰਦੂ ਨਹੀਂ ਹਾਂ। ਜਿਵੇਂ ਮੁਸਲਮਾਨ ਸਾਡੇ ਭਰਾ ਹਨ ਪਰ ਅਸੀਂ ਮੁਸਲਮਾਨ ਨਹੀਂ ਹਾਂ।"

ਉਹ ਅਕਾਲ ਤਖ਼ਤ ਨੂੰ ਯਰਗਮਾਲ ਬਣਾ ਲਏ ਜਾਣ ਦੀ ਬਾਤ ਪਾਉਂਦਾ ਹੋਇਆ ਸਿੱਖ ਮਸਲਿਆਂ ਵਿੱਚ ਆਰ.ਐੱਸ.ਐੱਸ. ਅਤੇ ਰਾਅ (ਰੀਸਰਚ ਐਂਡ ਅਨੈਲੇਸਿਸ ਵਿੰਗ) ਦੀ ਦਖ਼ਲਅੰਦਾਜ਼ੀ ਬਾਰੇ ਗੱਲ ਕਰਦਾ ਹੈ। ਗੋਪਾਲ ਸਿੰਘ ਚਾਵਲਾ ਨੇ ਦੱਸਿਆ ਕਿ ਉਨ੍ਹਾਂ ਦੇ ਪੁਰਖ਼ੇ ਸਰਹੱਦੀ ਸੂਬੇ (ਖੈਬਰ ਪਖ਼ਤੂਨਖਵਾ) ਦੇ ਰਹਿਣ ਵਾਲੇ ਸਨ ਜਿੱਥੇ ਉਨ੍ਹਾਂ ਦਾ ਪਿੰਡ ਤੋਰਾਬੜੀ, ਜ਼ਿਲਾ ਕੁਹਾਟ ਅਤੇ ਤਹਿਸੀਲ ਹੰਗੂ ਸੀ। ਉਨ੍ਹਾਂ ਦੇ ਜ਼ਿਆਦਾਤਰ ਰਿਸ਼ਤੇਦਾਰ ਸੰਨ 1947 ਦੀ ਵੰਡ ਦੌਰਾਨ ਹਿਜ਼ਰਤ ਕਰ ਕੇ ਭਾਰਤ ਵਿੱਚ ਆ ਗਏ ਸਨ ਪਰ ਉਨ੍ਹਾਂ ਦੇ ਦਾਦਾ ਸੰਤ ਸਿੰਘ ਨੇ ਪਾਕਿਸਤਾਨ ਵਿੱਚ ਰਹਿਣ ਦਾ ਫ਼ੈਸਲਾ ਕੀਤਾ ਸੀ। ਗੋਪਾਲ ਸਿੰਘ ਚਾਵਲਾ ਦਾ ਕਹਿਣਾ ਹੈ ਕਿ ਪਾਕਿਸਤਾਨ ਵਿੱਚ ਸਿੱਖਾਂ ਦੀ ਆਬਾਦੀ ਤਕਰੀਬਨ 20 ਹਜ਼ਾਰ ਹੈ ਜੋ ਮੁਲਕ ਦੀ ਤਕਰੀਬਨ 20 ਕਰੋੜ ਆਬਾਦੀ ਦਾ ਦਸ ਹਜ਼ਾਰਵਾਂ ਹਿੱਸਾ ਹੈ। ਇਸ ਨਿਗੂਣੀ ਗਿਣਤੀ ਵਾਲੀ ਬਰਾਦਰੀ ਦੀ ਪਾਕਿਸਤਾਨ ਵਿੱਚ ਚੰਗੀ ਹੈਸੀਅਤ ਹੈ।

ਸੰਨ 1971 ਵਿੱਚ ਗੋਪਾਲ ਸਿੰਘ ਚਾਵਲਾ ਦਾ ਨਾਨਕਾ ਪਰਿਵਾਰ ਖੈਬਰ ਪਖ਼ਤੂਨਖਵਾ ਤੋਂ ਆ ਕੇ ਨਨਕਾਣਾ ਸਾਹਿਬ ਵਸਿਆ। ਗੋਪਾਲ ਚਾਵਲਾ ਦਾ ਜਨਮ ਖੈਬਰ ਪਖ਼ਤੂਨਖਵਾ ਵਿੱਚ ਹੋਇਆ ਸੀ ਪਰ ਉਨ੍ਹਾਂ ਦਾ ਪਰਿਵਾਰ ਬਾਅਦ ਵਿੱਚ ਨਨਕਾਣਾ ਸਾਹਿਬ ਵਸ ਗਿਆ। ਉਨ੍ਹਾਂ ਦੇ ਦੱਸਣ ਮੁਤਾਬਕ ਇਸ ਵੇਲੇ ਨਨਕਾਣਾ ਸਾਹਿਬ ਵਿੱਚ ਤਕਰੀਬਨ 250 ਤੋਂ ਜ਼ਿਆਦਾ ਸਿੱਖ ਪਰਿਵਾਰ ਹਨ।

ਗੋਪਾਲ ਸਿੰਘ ਦੀ ਦਸਵੀਂ ਤੱਕ ਦੀ ਪੜ੍ਹਾਈ ਖੈਬਰ ਪਖ਼ਤੂਨਖਵਾ ਦੇ ਆਪਣੇ ਪਿੰਡ ਵਿੱਚ ਹੋਈ ਅਤੇ ਹੋਮੋਪੈਥਿਕ ਡਾਕਟਰੀ ਦੀ ਚਾਰ ਸਾਲਾ ਪੜ੍ਹਾਈ ਉਨ੍ਹਾਂ ਨੇ ਫ਼ੈਸਲਾਬਾਦ (ਪੁਰਾਣਾ ਲਾਇਲਪੁਰ) ਤੋਂ ਕੀਤੀ। ਉਹ ਹੁਣ ਪੇਸ਼ੇ ਵਜੋਂ ਡਾਕਟਰੀ ਕਰਦੇ ਹਨ ਅਤੇ ਉਨ੍ਹਾਂ ਦੇ ਤਿੰਨ ਬੱਚੇ ਹਨ। ਗੋਪਾਲ ਸਿੰਘ ਚਾਵਲਾ ਪਾਕਿਸਤਾਨ ਵਿਚ ਹੋਣ ਵਾਲੀਆਂ ਘੱਟ ਗਿਣਤੀ ਭਾਈਚਾਰੇ ਦੀਆਂ ਸਰਗਰਮੀਆਂ ਵਿਚ ਖੁੱਲ੍ਹ ਕੇ ਹਿੱਸਾ ਲੈਂਦੇ ਹਨ।

**ਬਾਕੀ ਸਫ਼ਾ 30 'ਤੇ**



# ਸਾਹਿਤਕਾਰ ਪ੍ਰਵਾਨਾ ਦੀ ਪੁਸਤਕ 'ਚੋਣਵੀਆਂ ਇਤਿਹਾਸਕ ਰਚਨਾਵਾਂ' ਉਤੇ ਵਿਚਾਰ-ਗੋਸ਼ਟੀ



**ਯੂਨੀਅਨ ਸਿਟੀ/ਏਟੀ ਨਿਊਜ਼ :** ਯੂਨੀਅਨ ਸਿਟੀ ਲਾਇਬ੍ਰੇਰੀ ਵਿਖੇ ਪ੍ਰਸਿੱਧ ਸਾਹਿਤਕਾਰ ਪ੍ਰਮਿੰਦਰ ਸਿੰਘ ਪ੍ਰਵਾਨਾ ਦੀ ਇਤਿਹਾਸਕ ਪੁਸਤਕ 'ਚੋਣਵੀਆਂ ਇਤਿਹਾਸਕ ਰਚਨਾਵਾਂ' (ਇਤਿਹਾਸ) ਉਤੇ ਗੋਸ਼ਟੀ ਬੜੇ ਹੀ ਖੁਸ਼ਗਵਾਰ ਮਾਹੌਲ ਵਿਚ ਸੰਪੰਨ ਹੋਈ। ਇਸ ਮੌਕੇ ਸਾਹਿਤਕ ਭਾਈਚਾਰਾ, ਕਾਰੋਬਾਰੀਆਂ ਅਤੇ ਪਤਵੰਤਿਆਂ ਨੇ ਹਾਜ਼ਰੀ ਭਰੀ। ਲੇਖਕ ਪ੍ਰਵਾਨਾ ਵਲੋਂ ਸ਼ਹੀਦ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਰਾਜਗੁਰੂ ਅਤੇ ਸੁਖਦੇਵ ਨੂੰ ਯਾਦ ਕਰਦਿਆਂ ਸ਼ਹੀਦ ਭਗਤ ਸਿੰਘ ਦੇ 6 ਅਪ੍ਰੈਲ 1929 ਦੇ ਲੇਖ ਦਾ ਹਵਾਲਾ ਦਿੰਦਿਆਂ ਦੱਸਿਆ ਕਿ ਸੰਨ 1857-1947 ਦੇ ਲੰਮੇ ਸੰਘਰਸ਼ ਵਿਚ ਆਜ਼ਾਦੀ ਪ੍ਰਵਾਨਿਆਂ ਨੇ ਸੁਪਨਾ ਵੇਖਿਆ ਸੀ ਕਿ ਸਮਾਜ ਵਿਚ ਕੋਈ ਭੁੱਖਾ ਨਾ ਰਹੇ, ਹਰ ਇਕ ਨੂੰ ਸਿੱਖਿਆ ਮਿਲੇ, ਬਿਮਾਰ ਦਾ ਇਲਾਜ ਹੋਵੇ, ਕਿਸਾਨ ਮਜ਼ਦੂਰ ਨੂੰ ਮਿਹਨਤ ਦਾ ਮੁੱਲ ਮਿਲੇ, ਮਨੁੱਖ ਹੱਥੋਂ ਮਨੁੱਖ ਦੀ ਲੁੱਟ ਨਾ ਹੋਵੇ, ਜਾਤ ਪਾਤ ਧਰਮ ਤੇ ਵਿਤਕਰਾ ਨਾ ਹੋਵੇ, ਫਿਰਕਾਪ੍ਰਸਤੀ ਨਾ ਹੋਵੇ, ਅੰਧ ਵਿਸ਼ਵਾਸ ਖਤਮ ਹੋਵੇ। ਸਮਾਜ ਦੀ ਸੋਚ ਵਿਗਿਆਨਕ ਅਤੇ ਸਿਹਤਮੰਦ ਹੋਵੇ। ਸ਼ਹੀਦਾਂ ਦਾ ਜੋ ਇਹ ਸੁਪਨਾ ਸੀ, ਪੂਰਾ ਨਹੀਂ ਹੋਇਆ। ਸਿੱਖ ਪੰਥ ਬਾਰੇ ਉਨ੍ਹਾਂ ਕਿਹਾ ਕਿ ਸਿੱਖ ਧਰਮ ਦੀਆਂ ਲਾਸਾਨੀ ਸ਼ਹੀਦੀਆਂ ਦੀ ਕੋਈ ਮਿਸਾਲ ਨਹੀਂ। ਬੀਬੀ ਮਨਜੀਤ ਕੌਰ ਸੈਕਰਾਮੈਂਟੋ ਵਲੋਂ ਪੁਸਤਕ ਉਤੇ ਪਰਚਾ ਪੜ੍ਹਦਿਆਂ ਕਿਹਾ ਗਿਆ ਕਿ ਲੇਖਕ ਨੇ ਬੜੇ ਹੀ ਅਲੋਕਾਰੀ ਢੰਗ ਨਾਲ ਵਕਤ ਦੀ ਨਬਜ਼ ਪਛਾਣੀ ਹੈ। ਗੁਰ ਇਤਿਹਾਸ ਨੂੰ ਬੜੇ ਸੰਜਮ, ਸਾਦਗੀ ਤੇ ਮਾਸੂਮੀਅਤ ਨਾਲ ਪੇਸ਼ ਕਰਕੇ ਪੁਰਾਣੀ ਅਤੇ ਨਵੀਂ ਪੀੜ੍ਹੀ ਦੀ ਚਿਰੋਕਣੀ ਲੋੜ ਪੂਰੀ ਕੀਤੀ ਹੈ। ਅਜਿਹੀਆਂ ਪੁਸਤਕਾਂ ਨਵੀਂ ਪੀੜ੍ਹੀ ਨੂੰ ਗੁਰੂ ਇਤਿਹਾਸਕ ਨਾਲ, ਆਪਣੇ ਵਿਰਸੇ ਨਾਲ ਜੋੜਨ ਵਿਚ ਬੇਹੱਦ ਕਾਰਗਾਰ ਸਾਬਤ ਹੁੰਦੀਆਂ ਹਨ। ਉਨ੍ਹਾਂ ਵਲੋਂ ਛਾਪੇਖਾਨੇ ਦੀਆਂ ਕੁਤਾਹੀਆਂ ਵੱਲ ਵੀ ਇਸ਼ਾਰਾ ਕੀਤਾ ਗਿਆ। ਉਨ੍ਹਾਂ 'ਬੀੜਾ ਚੁੱਕੀ ਰੱਖਿਆ' ਮੁਹਾਵਰੇ ਦੀ ਵਰਤੋਂ ਕਰਨ ਦੇ ਅਹਿਮ ਨੁਕਤੇ ਨੂੰ ਵੀ ਉਭਾਰਿਆ ਗਿਆ ਕਿ ਬੀੜਾ ਤੋਂ ਭਾਵ ਤਮਾਕੂ ਹੈ। ਰਾਜੇ ਦੇ ਹੁਕਮ ਨੂੰ ਮੰਨਣ ਦਾ ਸਬੂਤ ਦੇਂਦਿਆਂ, ਤਸ਼ਤਰੀ ਵਿਚੋਂ ਤਮਾਕੂ ਭਾਵ ਬੀੜਾ ਚੁੱਕ ਕੇ ਜ਼ਿੰਮੇਵਾਰੀ ਨਿਭਾਉਣ ਦਾ ਪ੍ਰਣ ਦਿੱਤਾ ਜਾਂਦਾ ਸੀ। ਇਹ ਰਸਮ ਮੁਹਾਵਰਾ ਬਣ ਗਈ। ਉਨ੍ਹਾਂ ਇਸ ਮੁਹਾਵਰੇ ਦੀ ਵਰਤੋਂ ਨਾ ਕਰਨ ਲਈ ਕਿਹਾ। ਪ੍ਰਵਾਨਾ ਵਲੋਂ ਸਾਰਥਿਕ ਸੁਝਾਅ ਖਿੜੇ ਮੱਥੇ ਮੰਨਦਿਆਂ ਕੁਝ ਨੁਕਤਿਆਂ ਦੇ ਜਵਾਬ ਵਿਚ ਸਪੱਸ਼ਟੀਕਰਨ ਵੀ ਦਿੱਤਾ ਗਿਆ। ਵਿਚਾਰ ਚਰਚਾ ਵਿਚ ਸ਼ਾਮਲ ਹੋਏ ਅਵਤਾਰ ਸਿੰਘ ਧਾਮੀ, ਰਾਏ ਸਿੰਘ, ਲਾਲ ਸਿੰਘ ਭੱਟੀ (ਢੋਲੀ), ਅਵਤਾਰ ਸਿੰਘ ਮਿਸ਼ਨਰੀ ਦੇ ਨਾਮ ਵਰਣਨਯੋਗ ਹਨ। ਜਸਦੀਪ ਸਿੰਘ ਫਰੀਮੌਂਟ, ਗੁਰਦਿਆਲ ਸਿੰਘ ਨੂਰਪੁਰੀ, ਤਰਸੇਮ ਸਿੰਘ ਸੁੰਮਨ, ਅਮਰਜੀਤ ਸਿੰਘ ਜੌਹਨ, ਡਾ. ਕਪਿਲਾ ਨੇ ਕਵਿਤਾ ਪਾਠ ਵਿਚ ਸ਼ਮੂਲੀਅਤ

ਬਾਕੀ ਸਫ਼ਾ 30 'ਤੇ

# ਸੈਕਰਾਮੈਂਟੋ ਪੀਸੀਐਸ ਵਲੋਂ 18 ਮਈ ਨੂੰ ਹੋਣ ਜਾ ਰਹੇ 30ਵੇਂ ਸੱਭਿਆਚਾਰਕ ਮੇਲੇ ਸਬੰਧੀ ਮੀਟਿੰਗ



**ਸੈਕਰਾਮੈਂਟੋ/ਏਟੀ ਨਿਊਜ਼ :** ਸੈਕਰਾਮੈਂਟ ਪੀਸੀਐਸ. ਵਲੋਂ 30 ਮਾਰਚ 2019 ਦਿਨ ਸ਼ਨੀਵਾਰ ਨੂੰ 3 ਵਜੇ ਮਾਊਂਟ ਮਾਈਕ ਪੀਜ਼ਾ ਵਿਖੇ ਪ੍ਰੇਮ ਚੁੰਬਰ ਦੀ ਪ੍ਰਧਾਨਗੀ ਹੇਠ 30ਵੇਂ ਸੱਭਿਆਚਾਰਕ ਮੇਲੇ ਸਬੰਧੀ ਵਿਚਾਰ ਵਟਾਂਦਰਾ ਕਰਨ ਲਈ ਮੀਟਿੰਗ ਹੋਈ। ਇਹ ਮੇਲਾ 18 ਮਈ ਦਿਨ ਸ਼ਨੀਵਾਰ ਨੂੰ 3 ਵਜੇ ਸ਼ੈਲਡਨ ਹਾਈ ਸਕੂਲ ਵਿਖੇ ਹੋ ਰਿਹਾ ਹੈ। ਮੀਟਿੰਗ ਵਿਚ ਇਕ ਅਹਿਮ ਫੈਸਲਾ ਲਿਆ ਗਿਆ ਕਿ ਵਿਸਾਖੀ ਮੇਲੇ ਨੂੰ ਤੇ ਤੀਆਂ ਦੇ ਮੇਲੇ ਨੂੰ ਇਕੱਠਿਆਂ ਕਰਕੇ ਇਕ ਮੇਲਾ ਮਨਾਇਆ ਜਾਵੇਗਾ ਜੋ ਕਿ ਜੂਨ ਜਾਂ ਜੁਲਾਈ 'ਚ ਕਰਵਾਇਆ ਜਾਵੇਗਾ। ਇਸ ਦਾ ਨਾਂ ਸੱਭਿਆਚਾਰਕ ਮੇਲਾ ਹੋਵੇਗਾ। ਦੋਹਾਂ ਮੇਲਿਆਂ ਦੇ ਕਲਾਕਾਰ ਇਕ ਹੀ ਮੇਲੇ 'ਚ ਆਪਣੀ ਕਲਾ ਦੇ ਜੌਹਰ ਦਿਖਾਇਆ ਕਰਨਗੇ ਤੇ ਮੇਲੇ ਦੀ ਦੂਗਣੀ ਰੌਣਕ ਹੋਇਆ ਕਰੇਗੀ।

ਮੀਟਿੰਗ ਵਿਚ ਸਭ ਤੋਂ ਪਹਿਲਾਂ ਪਿਛਲੇ ਸਾਲ ਦਾ ਹਿਸਾਬ ਕਿਤਾਬ ਦਿੱਤਾ ਗਿਆ। ਮੇਲੇ ਨੂੰ ਖੂਬਸੂਰਤ ਤੇ ਪ੍ਰਭਾਵਸ਼ਾਲੀ ਢੰਗ ਨਾਲ ਮਨਾਉਣ ਲਈ ਸੁਝਾਅ ਵੀ ਮੰਗੇ ਗਏ। ਬੁਲਾਰਿਆਂ ਨੇ ਕਿਹਾ ਕਿ ਸਾਡਾ ਇਕੋ ਹੀ ਮਕਸਦ ਹੈ, ਕਿ ਭਾਵੇਂ ਅਸੀਂ ਹਜ਼ਾਰਾਂ ਮੀਲ ਆਪਣੀ ਧਰਤੀ ਤੋਂ ਦੂਰ ਬੈਠੇ ਹਾਂ ਪਰ ਅਸੀਂ ਆਪਣੇ ਬੱਚਿਆਂ ਨੂੰ, ਏਥੋਂ ਦੀ ਕਮਿਊਨਿਟੀ ਨੂੰ ਆਪਣੇ ਵਿਰਸੇ ਅਤੇ ਸੱਭਿਆਚਾਰ ਨਾਲ ਜੋੜਨ ਦਾ ਉਪਰਾਲਾ ਕਰ ਰਹੇ ਹਾਂ। ਇਸ ਮੇਲੇ 'ਚ ਗੀਤ-ਸੰਗੀਤ ਤੇ ਗਿੱਧਾ ਭੰਗੜਾ, ਡਿਊਟ ਸੌਂਗ ਤੇ ਸਕਿੱਟ ਪੇਸ਼ ਕੀਤੇ ਜਾਣਗੇ। ਮੇਲੇ ਦੀ ਕੋਈ ਫੀਸ ਨਹੀਂ ਹੈ ਅਤੇ ਸਕਿਓਰਿਟੀ ਦਾ ਬਹੁਤ ਵਧੀਆ ਪ੍ਰਬੰਧ ਹੁੰਦਾ ਹੈ।

ਅਖ਼ੀਰ ਵਿਚ ਸੁਸਾਇਟੀ ਦੇ ਫਾਊਂਡਰ ਰਛਪਾਲ ਫਰਵਾਲਾ ਨੇ ਸਾਰਿਆਂ ਦਾ ਧੰਨਵਾਦ ਕੀਤਾ। ਉਨ੍ਹਾਂ ਸਮੁੱਚੇ ਭਾਈਚਾਰੇ ਨੂੰ ਅਪੀਲ ਕੀਤੀ ਪਿਛਲੇ ਸਾਲ ਦੀ ਤਰ੍ਹਾਂ ਇਸ ਵਾਰ ਵੀ 30ਵੇਂ ਮੇਲੇ 'ਚ ਪਹੁੰਚ ਕੇ ਆਨੰਦ ਮਾਨਣ ਦੇ ਨਾਲ-ਨਾਲ ਕਲਾਕਾਰਾਂ ਦੀ ਕੀਤੀ ਮਿਹਨਤ ਲਈ ਉਨ੍ਹਾਂ ਦੀ ਹੌਂਸਲਾ ਅਫ਼ਜਾਈ ਕੀਤੀ ਜਾਵੇ। ਮੀਟਿੰਗ ਵਿਚ ਮੈਂਬਰ ਸੁਖਰਾਜ ਔਲਖ, ਤੀਰਥ ਸਹੋਤਾ, ਪਰਮਜੀਤ ਢਿੱਲੋਂ, ਅਜੈਬ ਕਾਹਲੋਂ, ਦੇਬੀ ਗਿੱਲ, ਵਰਿੰਦਰ ਸੰਘੇੜਾ, ਕਮਲ ਬੰਗਾ, ਬਲਦੇਵ ਗਰੇਵਾਲ, ਮਾਧੋ ਚਾਹਲ, ਇੰਦਰਜੀਤ ਸਿੰਘ, ਸੁਭਾਸ਼ ਚੰਦਰ, ਪ੍ਰੇਮ ਚੁੰਬਰ, ਜਰਨੈਲ ਮੰਡੇਰ, ਰਛਪਾਲ ਫਰਵਾਲਾ ਤੇ ਸਮੂਹ ਇਸਤਰੀ ਵਿੰਗ ਹਾਜ਼ਰ ਸਨ।

# ਦਸਤਾਰਧਾਰੀ ਪੁਲਿਸ ਇੰਸਪੈਕਟਰ ਢਿੱਲੋਂ ਨੂੰ ਲੀਡਰਸ਼ਿਪ ਐਵਾਰਡ ਮਿਲੇਗਾ

**ਸਰੀ/ਏਟੀ ਨਿਊਜ਼ :** ਕੈਨੇਡਾ ਦੇ ਦਸਤਾਰਧਾਰੀ ਪੁਲਿਸ ਅਫ਼ਸਰ ਬਲਤੇਜ ਸਿੰਘ ਢਿੱਲੋਂ ਨੂੰ ਸਾਲ 2018-19 ਲਈ 'ਕਮਿਊਕੇਸ਼ਨ ਅਤੇ ਲੀਡਰਸ਼ਿਪ ਕੌਮਾਂਤਰੀ ਐਵਾਰਡ ਦਿਤੇ ਜਾਣ ਦਾ ਫ਼ੈਸਲਾ ਕੀਤਾ ਗਿਆ ਹੈ। ਪਿਛਲੇ ਲੰਮੇ ਸਮੇਂ ਤੋਂ ਕੈਨੇਡਾ ਦੀ ਪੁਲਿਸ ਵਿਚ ਡਿਊਟੀ ਕਰਦਿਆਂ ਉਨ੍ਹਾਂ ਨੂੰ ਅਪਣੇ ਚੁਣੌਤੀ ਭਰੇ ਜੀਵਨ ਵਿਚ ਕਈ ਔਕੜਾਂ ਦਾ ਸਾਹਮਣਾ ਕਰਨ ਪਿਆ ਸੀ। ਮਲੇਸ਼ੀਆ ਵਿਚ ਜਨਮੇ ਢਿੱਲੋਂ 16 ਸਾਲਾਂ ਉਪਰੰਤ ਕੈਨੇਡਾ ਪਰਵਾਸ ਕਰ ਗਏ ਸਨ, ਇਥੇ ਆਉਣ ਮਗਰੋਂ ਉਨ੍ਹਾਂ ਵਲੋਂ ਪੁਲਿਸ ਮਹਿਕਮੇ ਵਿਚ ਸੇਵਾਵਾਂ ਨਿਭਾਉਣ ਦੀ ਇੱਛਾ ਨਾਲ ਲੋੜੀਂਦੇ ਮਾਪਦੰਡ ਪੂਰੇ ਕਰਨ ਦੇ ਬਾਵਜੂਦ ਦਸਤਾਰਧਾਰੀ ਹੋਣ ਕਾਰਨ ਪੁਲਿਸ ਵਿਚ ਔਕੜਾਂ ਦਾ ਸਾਹਮਣਾ ਕਰਨ ਪਿਆ। ਸਾਲ 1990 ਤੋਂ ਪੁਲਿਸ ਸੇਵਾਵਾਂ ਨਿਭਾਉਂਦਿਆਂ ਚੁਣੌਤੀਆਂ ਨਾਲ ਜੂਝਣ ਕਾਰਨ ਉਹ ਜਲਦੀ ਚਰਚਿਤ ਹੋ ਗਏ। ਸਰੀ ਸ਼ਹਿਰ ਦੇ ਵਸਨੀਕ ਅਤੇ ਹੁਣ ਪੁਲਿਸ ਇੰਸਪੈਕਟਰ ਵਜੋਂ ਸੇਵਾਵਾਂ ਨਿਭਾ ਰਹੇ ਬਲਤੇਜ ਸਿੰਘ ਦਾ ਜੀਵਨ ਜਿਥੇ ਕਿ ਆਪਣੇ ਆਪ ਵਿਚ ਇਕ ਮਿਸਾਲ ਹੈ, ਉਥੇ ਸਮੁੱਚੇ ਪੰਜਾਬੀ ਭਾਈਚਾਰੇ ਲਈ ਵੀ ਮਾਣ ਵਾਲੀ ਗੱਲ ਹੈ।


CAPITAL ACCOUNTING & TAX SERVICES
HELPING PEOPLE FOR THEIR TRUCKING NEEDS
(IRP) Plates-48 States-Same Day
ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।
ਟਰੱਕਿੰਗ ਦੀ ਦੁਨੀਆ ਵਿਚ ਨਵਾਂ ਕਦਮ
• ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।
• ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।
Same Day Plates Same Day Plates Same Day Plates


Kuldeep Singh Kang


Sewa Singh Bhinder

ਸੱਤ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ

TRUCKING SERVICES AVAILABLE
- IRP License Plates
- IFTA-Fuel Tax Returns
- MC (ICC) Authority, US DOT #
- UCR Permits, BOC-3 Filing
- CA#, MCP, EPN Enrollment
- BIT-Enrollment
- NM Permit, KYU#, NY HUT Permit
- Oregon Permit, Oregon Bonds
- Highway Use Tax (2290)
- Trailer Plates, Title Transfer
- Tax Exemption

BUSINESS SERVICES AVAILABLE
- Tax Services : Individual, Small Business
- Computerized Accounting
- Financial Statement
- Monthly Sales Tax Reports
- Payroll Services



CALIFORNIA DMV LIV. # 40524
PH : 530-669-5780 Fax : 530-669-5775
Cell : 530-908-9386 Cell : 530-405-6020
ਇਹ ਦਫ਼ਤਰ ਡੀ.ਐਮ.ਵੀ. ਸ਼ਾਪਿੰਗ ਸੈਂਟਰ ਵਿਚ ਹੈ।
825 East Street, Suite 110 Woodland, CA 95776



When tired of all treatments for any disease at any age Try
HOMEOPATHIC
Experienced Consultant Physician since 1973
American Red Cross



ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ
We sell homeopathic medicines
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ,
ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ
7021 Village Parkway Dublin CA 94568
GURDIP SINGH SANDHU
DHMS-Gold Medalist, BAMS, MDEH. - INDIA
Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA
Office: 408.729.6691
Cell: 408.687.1899
email: homeomedicine@yahoo.com
www.homeopathyatoz.com
ਡਾ. ਸੰਧੂ ਦੇ ਸਿਹਤ ਵਿਗਿਆਨ ਸਬੰਧੀ ਲੈਕਚਰ Listen live on Radio 1170
'Jus Punjabi TV' & Face Book Every Saturday 09:00 AM, Live on 'Jus Punjabi TV' Sunday 4:00 A.M.



BSons Travel & Tax Services, Inc.
* All Airlines * International And Domestic
* Wholesale Fares Around the World
We Will Beat or Match any Fare!



Office Hours
Mon-Fri
9am-6pm
Saturday
9am-5pm
CST. REG #2092042-40
We Also Have Special Vacation Packages
President : Avtar Singh
Contact any time from anywhere
Tel 707.302.0512, 916.340.8100 • Fax 707.425.4260
Email: bsonstravel@yahoo.com
1652 West Texas St. Suite 139, Fairfield, CA 94533
4200 North Boulevard Street No. 1B, Sacramento, CA, 95834

# ਖਾਲਸਾ ਰਾਜ ਵੇਲੇ ਦੀ ਦਰਸ਼ਨੀ ਡਿਉਢੀ ਢਾਹੁਣ ’ਤੇ ਘਿਰੀ ਐਸਜੀਪੀਸੀ

ਸ.ਫਾ ਇਕ ਦੀ ਬਾਕੀ

ਸੇਵਾਦਾਰਾਂ ਦੀ ਦਹਿਸ਼ਤ ਨਾਲ ਦਰਬਾਰ ਸਾਹਿਬ ਦੀ ਦਰਸ਼ਨੀ ਡਿਉਢੀ ’ਤੇ ਇਹ ਅਪਰਾਧੀਆਂ ਵਾਲੀ ਕਾਰਵਾਈ ਕੀਤੀ।

ਰਾਤ ਦੇ ਹਨੇਰੇ ਵਿਚ ਤੋੜੀ ਇਤਿਹਾਸਕ ਡਿਉਢੀ-

ਸਿੱਖ ਸੰਗਤ ਦੇ ਸਖਤ ਵਿਰੋਧ ਦੇ ਬਾਵਜੂਦ ਰਾਤ ਦੇ ਹਨੇਰੇ ਵਿਚ ਬਾਬਾ ਜਗਤਾਰ ਸਿੰਘ ਕਾਰ ਸੇਵਾ ਵਾਲਿਆਂ ਦੇ ਜਥੇ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਮਿਲੀਭੁਗਤ ਨਾਲ ਗੁਰਦੁਆਰਾ ਦਰਬਾਰ ਸਾਹਿਬ, ਤਰਨ ਤਾਰਨ ਸਾਹਿਬ ਦੀ ਇਤਿਹਾਸਕ ਦਰਸ਼ਨੀ ਡਿਉੜੀ ਨੂੰ ਢਾਹੁਣ ਦੀ ਕਾਰਵਾਈ ਨੇ ਕਈ ਵੱਡੇ ਸਵਾਲ ਖੜ੍ਹੇ ਕੀਤੇ ਹਨ।

ਜਦੋਂ ਇਸ ਇਮਾਰਤ ਨੂੰ ਢਾਹਿਆ ਜਾ ਰਿਹਾ ਸੀ ਤਾਂ ਮੌਕੇ ‘ਤੇ ਮੌਜੂਦ ਕੁਝ ਸਥਾਨਕ ਸਿੱਖਾਂ ਨੇ ਇਸ ਦਾ ਵਿਰੋਧ ਕਰਦਿਆਂ ਅਰਜ਼ ਕੀਤੀ ਕਿ ਇਹ ਦਰਸ਼ਨੀ ਡਿਉਢੀ ਖ਼ਾਲਸਾ ਰਾਜ ਵਿਚ ਉਸਾਰੀ ਗਈ ਸੀ ਤੇ ਇਸ ਨੂੰ ਢਾਹੁਣ ਦੀ ਬਜਾਏ ਇਸ ਦੀ ਸਾਂਭ ਸੰਭਾਲ ਕਰਨੀ ਚਾਹੀਦੀ ਹੈ। ਪਰ ਉਹਨਾਂ ਦੀ ਗੱਲ ਨਾ ਸੁਣਦਿਆਂ ਦਰਸ਼ਨੀ ਡਿਉੜੀ ਨੂੰ ਢਾਹੁਣ ਦਾ ਕੰਮ ਜਾਰੀ ਰੱਖਿਆ ਗਿਆ।

ਇਹ ਖ਼ਬਰ ਜਿਵੇਂ ਹੀ ਸਿੱਖ ਜਗਤ ਵਿਚ ਫੈਲੀ ਸੰਗਤਾਂ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਖਿਲਾਫ ਰੋਹ ਵਧ ਰਿਹਾ ਹੈ ਅਤੇ ਫੇਸਬੁੱਕ ਅਤੇ ਹੋਰ ਸੋਸ਼ਲ ਮੀਡੀਆ ਸਾਧਨਾਂ ਰਾਹੀਂ ਸੰਗਤਾਂ ਇਸ ਇਮਾਰਤ ਨੂੰ ਢਾਹੁਣ ਦਾ ਵਿਰੋਧ ਕਰ ਰਹੀਆਂ ਹਨ।

ਇਸ ਸੰਬੰਧੀ ਜਦੋਂ ਬਾਬਾ ਜਗਤਾਰ ਸਿੰਘ ਨਾਲ ਫੋਨ ‘ਤੇ ਗੱਲ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਡਿਉਢੀ ਦੀ ਇਮਾਰਤ ਦਾ ਮਹਿਜ਼ ਉਪਰਲਾ ਹਿੱਸਾ ਦੁਬਾਰਾ ਬਣਾਇਆ ਜਾਣਾ ਹੈ ਅਤੇ ਉਹ ਹੀ ਤੋੜਿਆ ਗਿਆ ਹੈ ਤੇ ਬਾਕੀ ਦੇ ਢਾਂਚੇ ਨੂੰ ਨਹੀਂ ਛੇੜਿਆ ਗਿਆ। ਉਨ੍ਹਾਂ ਕਿਹਾ ਕਿ ਇਸ ਨਿਰਮਾਣ ਕਾਰਜ ਲਈ ਉਹਨਾਂ ਕੋਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪਾਸ ਕੀਤਾ ਹੋਇਆ ਮਤਾ ਵੀ ਹੈ।

ਪਰ ਜਦੋਂ ਉਹਨਾਂ ਨੂੰ ਪੁੱਛਿਆ ਗਿਆ ਕਿ ਇਕ ਸਾਲ ਪਹਿਲਾਂ ਜਦੋਂ ਦਿਨ ਵੇਲੇ ਉਹਨਾਂ ਇਸ ਇਤਾਹਸਕ ਇਮਾਰਤ ਨੂੰ ਢਾਹੁਣ ਦੀ ਕੋਸ਼ਿਸ਼ ਕੀਤੀ ਸੀ ਤਾਂ ਸੰਗਤਾਂ ਵੱਲੋਂ ਵਿਰੋਧ ਕਰਦਿਆਂ ਰੋਕ ਦਿੱਤਾ ਗਿਆ ਸੀ ਪਰ ਹੁਣ ਰਾਤ ਦੇ ਹਨੇਰੇ ਵਿਚ ਡਿਉਢੀ ਢਾਹੁਣ ਨਾਲ ਉਹਨਾਂ ਦੇ ਇਰਾਦਿਆਂ ‘ਤੇ ਜੋ ਸਵਾਲ ਖੜ੍ਹੇ ਹੋ ਰਹੇ ਹਨ, ਉਸ ਬਾਰੇ ਉਹ ਕੀ ਕਹਿਣਾ ਚਾਹੁੰਦੇ ਹਨ, ਤਾਂ ਉਹ ਕੋਈ ਸਪੱਸ਼ਟ ਜਵਾਬ ਨਾ ਦੇ ਸਕੇ ਤੇ ਫੋਨ ਕੱਟ ਦਿੱਤਾ। ਜ਼ਿਕਰਯੋਗ ਹੈ ਕਿ 30-31 ਮਾਰਚ ਦੀ ਰਾਤ ਨੂੰ ਇਸ ਡੇਰੇ ਵੱਲੋਂ ਇਤਿਹਾਸਕ ਦਰਸ਼ਨੀ ਡਿਉਢੀ ਦਾ ਉਪਰਲਾ ਹਿੱਸਾ ਢਾਹ ਦਿੱਤਾ ਗਿਆ ਸੀ ਜਿਸ ਦਾ ਸਿੱਖ ਜਗਤ ਵਿਚ ਭਾਰੀ ਵਿਰੋਧ ਹੋਇਆ ਸੀ। ਇਸ ਵਿਰੋਧ ਦੇ ਚਲਦਿਆਂ ਸ਼੍ਰੋਮਣੀ ਕਮੇਟੀ ਵੱਲੋਂ ਸ੍ਰੀ ਦਰਬਾਰ ਸਾਹਿਬ ਤਰਨਤਾਰਨ ਸਾਹਿਬ ਦੇ ਮੈਨੇਜਰ ਨੂੰ ਬਰਖਾਸਤ ਕਰ ਦਿੱਤਾ ਗਿਆ ਅਤੇ ਬਾਬਾ ਜਗਤਾਰ ਸਿੰਘ ਕਾਰ ਸੇਵਾ ਵਾਲਿਆਂ ਤੋਂ ਤਰਨਤਾਰਨ ਸਾਹਿਬ ਦੀ ਕਾਰ ਸੇਵਾ ਵਾਪਿਸ ਲੈ ਲਈ ਗਈ।

### ਬਾਬੇ ਦੇ ਚੇਲਿਆਂ ਨੇ ਕੀਤੀ ਸੰਗਤਾਂ ਨਾਲ ਖਿੱਚ-ਧੂਹ-

ਦਰਸ਼ਨੀ ਡਿਉਢੀ ਨੂੰ ਢਾਹੇ ਜਾਣ ਮੌਕੇ ’ਤੇ ਬੀਰ ਖ਼ਾਲਸਾ ਦਲ ਦੇ ਵਰਕਰ ਅਤੇ ਸਿੱਖ ਸੰਗਤਾਂ ਕੰਵਲਜੀਤ ਸਿੰਘ ਪ੍ਰਿੰਸ ਦੀ ਅਗਵਾਈ ਹੇਠ ਪੁੱਜ ਗਈਆਂ ਤੇ ਡਿਉਢੀ ਨੂੰ ਢਾਹੁਣ ਤੋਂ ਰੋਕਣ ਦੀ ਕੋਸ਼ਿਸ਼ ਕੀਤੀ। ਇਸ ’ਤੇ ਦੋਹਾਂ ਧਿਰਾਂ ਵਿਚਾਲੇ ਤਕਰਾਰ ਹੋ ਗਿਆ। ਕੰਵਲਜੀਤ ਸਿੰਘ ਨੇ ਕਿਹਾ ਕਿ ਕਾਰ ਸੇਵਾ ਵਾਲਿਆਂ ਦੀ ਫ਼ੌਜ ਨੇ ਸੰਗਤਾਂ ਦੀ ਖਿੱਚ-ਧੂਹ ਕੀਤੀ। ਇਸ ਘਟਨਾ ਖ਼ਿਲਾਫ਼ ਇਲਾਕੇ ਭਰ ਦੀਆਂ ਸਿੱਖ ਸੰਗਤਾਂ ਵਿਚ ਰੋਸ ਪਾਇਆ ਜਾ ਰਿਹਾ ਹੈ। ਇਸ ਬਾਰੇ ਜਾਣਕਾਰੀ ਮਿਲਣ ’ਤੇ ਪੁਲੀਸ ਦਰਬਾਰ ਸਾਹਿਬ ਪੁੱਜੀ ਤੇ ਸਥਿਤੀ ਨੂੰ ਸ਼ਾਂਤ ਕੀਤਾ।

**ਸਿੱਖ ਸੰਸਥਾਵਾਂ ਵੱਲੋਂ ਦਰਸ਼ਨੀ ਡਿਉਢੀ ਨੇੜੇ ਧਰਨਾ-**

ਵਿਰੋਧ ਕਰਨ ਲਈ ਜਥਾ ਸਿਰਲੱਥ ਖ਼ਾਲਸਾ ਅਤੇ ਬਾਬਾ ਬੁੱਢਾ ਇੰਟਰਨੈਸ਼ਨਲ ਗੁਰਮਤਿ ਗ੍ਰੰਥੀ ਸਭਾ ਵੱਲੋਂ ਦਰਬਾਰ ਸਾਹਿਬ ਦੇ ਸਾਹਮਣੇ ਦਰਸ਼ਨੀ ਡਿਉਢੀ ਨੇੜੇ ਧਰਨਾ ਲਾ ਕੇ ਜਾਪ ਅਤੇ ਕੀਰਤਨ ਕੀਤਾ ਗਿਆ। ਜਥੇ ਦੇ ਆਗੂ ਭਾਈ ਪਰਮਜੀਤ ਸਿੰਘ ਖਾਲਸਾ, ਭਾਈ ਪੰਜਾਬ ਸਿੰਘ, ਦਿਲਬਾਗ ਸਿੰਘ ਨੇ ਬਾਬਾ ਜਗਤਾਰ ਸਿੰਘ ਤੇ ਹੋਰਨਾਂ ਖ਼ਿਲਾਫ਼ ਪੁਲਿਸ ਕੇਸ ਦਰਜ ਕਰਨ ਦੀ ਵੀ ਮੰਗ ਕੀਤੀ।

ਕਾਰ-ਸੇਵਾ ਵਾਲੇ ਬਾਬਿਆਂ ਦਾ ਪ੍ਰਤੀਕਰਮ-

ਜਦੋਂ ਬਾਬਾ ਮਹਿੰਦਰ ਸਿੰਘ ਕਾਰ-ਸੇਵਾ ਵਾਲਿਆਂ ਦਾ ਪੱਖ ਜਾਣਨਾ ਚਾਹਿਆ ਤਾਂ ਉਹਨਾਂ ਦਾ ਕਹਿਣਾ ਸੀ ਕਿ ਇਸ ਨੂੰ ਢਾਹੇ ਜਾਣ ਦਾ ਮਤਾ ਸ਼੍ਰੋਮਣੀ ਕਮੇਟੀ ਨੇ ਆਪ ਖੁਦ ਐਲਾਨਿਆ ਸੀ ਕਿ ਇਹ ਇਮਾਰਤ ਪੁਰਾਣੀ ਹੋ ਚੁੱਕੀ ਸੀ। ਇਸੇ ਇਮਾਰਤ ਨੂੰ ਮੁਰੰਮਤ ਕਰਕੇ ਠੀਕ ਕਰ ਲੈਣ ਦੇ ਸਵਾਲ ’ਤੇ ਬਾਬਾ ਮਹਿੰਦਰ ਸਿੰਘ ਨੇ ਕਿਹਾ ਕਿ ਆਖ਼ਿਰ ਇਮਾਰਤ ਤਾਂ ਇਮਾਰਤ ਹੀ ਹੁੰਦੀ ਹੈ, ਆਪਾਂ ਘਰਾਂ ਦੀਆਂ ਇਮਾਰਤਾਂ ਵੀ ਤਾਂ ਮੁੜ ਬਣਾਉਂਦੇ ਹੀ ਹਾਂ। ਇਸ ਲਈ ਗੁਰੂ ਘਰ ਦੀ ਇਮਾਰਤ ਵੀ ਜੇਕਰ ਪੁਰਾਣੀ ਹੋ ਜਾਵੇ ਤਾਂ ਮੁੜ ਬਣਾਉਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਇਹ ਇਮਾਰਤ ਰਾਤ ਵੇਲੇ ਇਸ ਲਈ ਢਾਹੀ ਗਈ ਤਾਂ ਕਿ ਨੇੜੇ ਤੇੜੇ ਦੀਆਂ ਦੁਕਾਨਾਂ ਨੂੰ ਕੋਈ ਨੁਕਸਾਨ ਨਾ ਪਹੁੰਚੇ।

**ਸ਼੍ਰੋਮਣੀ ਕਮੇਟੀ ਵੱਲੋਂ ਕਾਰਸੇਵਾ ਵਾਲਿਆਂ ‘ਤੇ ਕਾਰਵਾਈ-**

ਡਿਉਢੀ ਢਾਹੇ ਜਾਣ ਦੀ ਖ਼ਬਰ ਜਿਉਂ ਹੀ ਮੀਡੀਆ ਵਿਚ ਵਾਇਰਲ ਹੋਈ ਦੁਨੀਆ ਭਰ ਦੀ ਸਿੱਖ ਸੰਗਤ ਵਿੱਚ ਇਸ ਘਟਨਾ ਨੂੰ ਲੈ ਕੇ ਤਿੱਖੇ ਪ੍ਰਤੀਕਰਮ ਕਰਨ ਲੱਗੀ। ਹਲਾਤ ਇਹ ਹਨ ਕਿ ਜਿੱਥੇ ਕਾਰ ਸੇਵਾ ਵਾਲੇ ਬਾਬੇ ਇਸ ਦਰਸ਼ਨੀ ਡਿਉਢੀ ਨੂੰ ਢਾਹੇ ਜਾਣ ਦੇ ਫੈਸਲੇ ਦਾ ਭਾਂਡਾ ਸ਼੍ਰੋਮਣੀ ਕਮੇਟੀ ਦੇ ਸਿਰ ’ਤੇ ਭੰਨ੍ਹ ਰਹੇ ਹਨ, ਉੱਥੇ ਦੂਜੇ ਪਾਸੇ ਸ਼੍ਰੋਮਣੀ ਕਮੇਟੀ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੂੰ ਪਤਾ ਲੱਗਣ ’ਤੇ ਉਹ ਇੰਨੇ ਭੜਕ ਗਏ ਹਨ ਕਿ ਉਨ੍ਹਾਂ ਐਲਾਨ ਕਰ ਦਿੱਤਾ ਹੈ ਕਿ ਸ਼੍ਰੋਮਣੀ ਕਮੇਟੀ ਕਾਨੂੰਨੀ ਕਾਰਵਾਈ ਕਰੇਗੀ। ਭਾਈ ਲੌਂਗੋਵਾਲ ਤੇ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਡਾ. ਰੂਪ ਸਿੰਘ ਨੇ ਸਪੱਸ਼ਟ ਕੀਤਾ ਹੈ ਕਿ ਬੀਤੇ ਸਮੇਂ ਦੌਰਾਨ ਇਸ ਦਰਸ਼ਨੀ ਡਿਉਢੀ ਦੀ ਕਾਰ ਸੇਵਾ ਸਬੰਧੀ ਸੰਗਤਾਂ ਵੱਲੋਂ ਇਤਰਾਜ਼ ਆਉਣ ਮਗਰੋਂ ਸ਼੍ਰੋਮਣੀ ਕਮੇਟੀ ਨੇ ਇਸ ’ਤੇ ਰੋਕ ਲਗਾ ਦਿੱਤੀ ਸੀ। ਇਸ ਸਬੰਧ ਵਿਚ 18 ਅਕਤੂਬਰ 2018 ਨੂੰ ਹੋਈ ਪ੍ਰਬੰਧਕ ਕਮੇਟੀ ਦੀ ਇਕੱਤਰਤਾ ਵਿਚ ਮਤਾ ਨੰ: 765 ਰਾਹੀਂ ਇਸ ਮਾਮਲੇ ਨੂੰ ਪੈਂਡਿੰਗ ਕਰ ਦਿੱਤਾ ਸੀ। ਉਨ੍ਹਾਂ ਹੈਰਾਨੀ ਪ੍ਰਗਟ ਕੀਤੀ ਕਿ ਸ਼੍ਰੋਮਣੀ ਕਮੇਟੀ ਵੱਲੋਂ ਕੋਈ ਵੀ ਫੈਸਲਾ ਨਾ ਲਏ ਜਾਣ ਬਗੈਰ ਹੀ ਮੈਨੇਜਰ ਅਤੇ ਕਾਰਸੇਵਾ ਵਾਲੇ ਬਾਬਿਆਂ ਵੱਲੋਂ ਬੀਤੀ ਰਾਤ ਡਿਉਢੀ ਢਾਹ ਦਿੱਤੀ ਗਈ। ਸ਼੍ਰੋਮਣੀ ਕਮੇਟੀ ਪ੍ਰਧਾਨ ਭਾਈ ਲੌਂਗੋਵਾਲ ਨੇ ਕਿਹਾ ਕਿ ਇਸ ਮਾਮਲੇ ’ਤੇ ਸਖ਼ਤ ਕਾਰਵਾਈ ਕਰਦਿਆਂ ਗੁਰਦੁਆਰਾ ਸਾਹਿਬ ਦੇ ਮੈਨੇਜਰ ਸ. ਪ੍ਰਤਾਪ ਸਿੰਘ ਨੂੰ ਦਫ਼ਤਰ ਦੇ ਆਰਡਰ ਰਾਹੀਂ ਮੁਅੱਤਲ ਕਰਕੇ ਜੀਂਦ ਭੇਜ ਦਿੱਤਾ ਹੈ। ਇਸ ਤੋਂ ਇਲਾਵਾ ਕਾਰਸੇਵਾ ਵਾਲੇ ਬਾਬਾ ਜਗਤਾਰ ਸਿੰਘ ਪਾਸੋਂ ਵੀ ਗੁਰਦੁਆਰਾ ਸਾਹਿਬ ਦੀਆਂ ਕਾਰ ਸੇਵਾਵਾਂ ਵਾਪਸ ਲੈ ਲਈਆਂ ਗਈਆਂ ਹਨ। ਉਹਨਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਵਾਅਦਾ ਕਰਦੀ ਹੈ ਕਿ ਸਿੱਖ ਰਹਿਤ ਮਰਿਆਦਾ ਦੇ ਨਾਲ ਡਿਉਢੀ ਦੀ ਮੁੜ ਉਸਾਰੀ ਕਰਵਾਈ ਜਾਵੇਗੀ।

ਉਨ੍ਹਾਂ ਦੱਸਿਆ ਕਿ ਇਸ ਘਟਨਾ ਦੀ ਜਾਂਚ ਕਰਨ ਲਈ ਤਿੰਨ ਮੈਂਬਰੀ ਕਮੇਟੀ ਕਾਇਮ ਕੀਤੀ ਗਈ ਹੈ, ਜਿਸ ਵਿਚ ਸ਼੍ਰੋਮਣੀ ਕਮੇਟੀ ਮੈਂਬਰ ਭਗਵੰਤ ਸਿੰਘ ਸਿਆਲਕਾ, ਭਾਈ ਰਾਮ ਸਿੰਘ ਤੇ ਗੁਰਮੀਤ ਸਿੰਘ ਬੂਹ ਨੂੰ ਸ਼ਾਮਲ ਕੀਤਾ ਗਿਆ ਹੈ।

ਜਦੋਂ ਲੌਂਗੋਵਾਲ ਨੂੰ ਇਹ ਪੁੱਛਿਆ ਗਿਆ ਕਿ ਸੰਗਤਾਂ ਦਾ ਦੋਸ਼ ਹੈ ਕਿ ਇਸ ਕਾਰਵਾਈ ਪਿੱਛੇ ਕਮੇਟੀ ਦੇ ਜਨਰਲ ਸਕੱਤਰ ਗੁਰਬਚਨ ਸਿੰਘ ਕਰਮੂੰਵਾਲਾ ਦਾ ਹੱਥ ਹੈ ਤਾਂ ਪ੍ਰਧਾਨ ਸਾਹਿਬ ਦੱਬੀ ਜੁਬਾਨ ਨਾਲ ਕਹਿ ਰਹੇ ਸਨ ਕਿਸੇ ਵੀ ਦੋਸ਼ੀ ਨੂੰ ਬਖਸ਼ਿਆ ਨਹੀਂ ਜਾਵੇਗਾ।

ਬਾਬਾ ਜਗਤਾਰ ਸਿੰਘ ਦੀਆਂ ਗੋਲਕਾਂ ਹਟਾਈਆਂ-

ਕਈ ਸਾਲਾਂ ਤੋਂ ਸ੍ਰੀ ਦਰਬਾਰ ਸਾਹਿਬ ਅੰਦਰ ਪਈਆਂ ਬਾਬਾ ਜਗਤਾਰ ਸਿੰਘ ਦੀਆਂ ਸਾਰੀਆਂ ਗੋਲਕਾਂ ਹਟਾਉਣ ਦੇ ਨਾਲ-ਨਾਲ ਕਾਰ ਸੇਵਾ ਦੇ ਲੱਗੇ ਬੋਰਡ ਉਤਾਰ ਦਿੱਤੇ ਹਨ। ਉਨ੍ਹਾਂ ਕੋਲ ਮੌਜੂਦ ਕਮਰਿਆਂ ਨੂੰ ਵੀ ਤਾਲੇ ਲਗਾ ਦਿੱਤੇ ਗਏ ਹਨ।

ਲੌਂਗੋਵਾਲ ਸਵਾਲਾਂ ਦੇ ਜਵਾਬ ਦੇਣ ਤੋਂ ਭੱਜੇ-

ਜੇਕਰ ਸ਼੍ਰੋਮਣੀ ਕਮੇਟੀ ਵਾਲਿਆਂ ਦੀ ਗੱਲ ਨੂੰ ਹੀ ਸੱਚ ਮੰਨ ਲਿਆ ਜਾਵੇ ਕਿ ਕਾਰਸੇਵਾ ਵਾਲੇ ਇਹ ਬਾਬੇ ਹੀ ਇਸ ਘਟਨਾ ਨੂੰ ਗੈਰ-ਕਨੂੰਨੀ ਢੰਗ ਨਾਲ ਅੰਜ਼ਾਮ ਦੇਣ ਦੇ ਕਸੂਰਵਾਰ ਹਨ ਤਾਂ ਫਿਰ ਕਸੂਰਵਾਰਾਂ ਦੇ ਹਵਾਲੇ ਪੰਜਾਬ ਦੇ ਹੋਰ ਗੁਰਦੁਆਰਿਆ ਦੀ ਕਾਰ ਸੇਵਾਵਾਂ ਅਜੇ ਵੀ ਕਿਉਂ ਕੀਤੀਆਂ ਹੋਈਆਂ ਹਨ। ਸ਼੍ਰੋਮਣੀ ਕਮੇਟੀ ਕਾਰਸੇਵਾ ਵਾਲੇ ਬਾਬਿਆਂ ਕੋਲੋਂ ਗੁਰਦੁਆਰਿਆਂ ਦੀਆਂ ਇਮਾਰਤਾਂ ਦੀ ਸਾਂਭ ਸੰਭਾਲ ਤਾਂ ਕਰਵਾਉਂਦੀ ਹੈ ਪਰ ਉਨ੍ਹਾਂ ਨੂੰ ਇਸ ਬਦਲੇ ਕੋਈ ਫੰਡ ਨਹੀਂ ਦਿੱਤਾ ਜਾਂਦਾ ਤੇ ਇਹ ਫੰਡ ਬਾਬਿਆਂ ਵੱਲੋਂ ਹੀ ਲੋਕਾਂ ਕੋਲੋਂ ਆਪਣੇ ਪੱਧਰ ’ਤੇ ਉਗਰਾਹਿਆ ਜਾਂਦਾ ਹੈ। ਫੰਡ ਕਿੰਨਾ ਲਗਦਾ ਹੈ ? ਤੇ ਕਿੰਨਾ ਬਾਕੀ ਬਚਦਾ ਹੈ, ਇਸ ਦਾ ਨਾ ਤਾਂ ਕਿਤੇ ਕੋਈ ਹਿਸਾਬ ਰੱਖਿਆ ਜਾਂਦਾ ਹੈ ਤੇ ਨਾ ਹੀ ਕੋਈ ਇਹ ਹਿਸਾਬ ਇਨ੍ਹਾਂ ਤੋ ਪੁੱਛਦਾ ਹੈ। ਇਹਨਾਂ ਨੂੰ ਗੁਪਤ ਫੰਡ ਕਿੱਥੋਂ ਆਉਂਦੇ ਹਨ, ਇਸ ਬਾਰੇ ਵੀ ਕਿਸੇ ਨੂੰ ਗਿਆਨ ਨਹੀਂ। ਜਦੋਂ ਇਸ ਬਾਰੇ ਸ਼੍ਰੋਮਣੀ ਕਮੇਟੀ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਆਪ ਖੁਦ ਮੰਨਿਆ ਕਿ ਸ਼੍ਰੋਮਣੀ ਕਮੇਟੀ ਅਧੀਨ ਪੈਂਦੇ ਗੁਰਦੁਆਰਿਆਂ ਦੀ ਸਾਂਭ ਸੰਭਾਲ ਲਈ ਕੋਈ ਵੱਖਰਾ ਫੰਡ ਨਹੀਂ ਰੱਖਿਆ ਜਾਂਦਾ। ਉਨ੍ਹਾਂ ਕਿਹਾ ਕਿ ਇਹ ਸਭ ਇਮਾਰਤੀ ਵਿਭਾਗ ਵਿਚ ਆਉਂਦਾ ਹੈ ਜਿਹੜਾ ਕਿ ਅਜੇ ਬਣ ਰਿਹਾ ਹੈ। ਜਦੋਂ ਭਾਈ ਲੌਂਗੋਵਾਲ ਨੂੰ ਇਹ ਪੁੱਛਿਆ ਗਿਆ ਕਿ ਕੀ ਤੁਸੀਂ ਕਾਰਸੇਵਾ ਵਾਲੇ ਬਾਬਿਆਂ ਨੂੰ ਕੋਈ ਫੰਡ ਵੀ ਦਿੰਦੇ ਹੋਂ ਤਾਂ ਉਨ੍ਹਾਂ ਕਿਹਾ ਕਿ ਅਸੀਂ ਕਈਆਂ ਨੂੰ ਇਮਾਰਤ ਬਣਾਉਣ ਵਾਲਾ ਸਮਾਨ ਦਿੰਦੇ ਹਾਂ ਤੇ ਕਈ ਬਿਨਾਂ ਮਟੀਰੀਅਲ ਲਏ ਵੀ ਇਮਾਰਤਾਂ ਬਣਾ ਦਿੰਦੇ ਹਨ। ਲੌਂਗੋਵਾਲ ਇਸ ਸਵਾਲ ’ਤੇ ਖਿਝ ਗਏ ਤੇ ਕਹਿਣ ਲੱਗੇ ਕਿ ਸਾਡੇ ਕੋਲ ਸਾਰੇ ਫੰਡ ਹਨ। ਪੂਰਾ ਬਜ਼ਟ ਹੈ। ਲੌਂਗੋਵਾਲ ਦੇ ਇਸ ਬਿਆਨ ਤੋਂ ਸਾਫ ਹੁੰਦਾ ਹੈ ਕਿ ਨਾ ਤਾਂ ਸ਼੍ਰੋਮਣੀ ਕਮੇਟੀ ਆਪਣੀਆਂ ਇਮਾਰਤਾਂ ਦੀ ਸਾਂਭ ਸੰਭਾਲ ਲਈ ਆਪਣੇ ਬਜ਼ਟ ਵਿੱਚ ਕੋਈ ਵੱਖਰਾ ਫੰਡ ਰੱਖਦੀ ਹੈ ਤੇ ਕਾਰਸੇਵਾ ਤਹਿਤ ਗੁਰਦੁਆਰਿਆਂ ਦੀਆਂ ਇਮਾਰਤਾਂ ਦੀ ਸਾਂਭ ਸੰਭਾਲ ਕਰਵਾਉਣ ਬਦਲੇ ਨਾ ਹੀ ਬਾਬਿਆਂ ਨੂੰ ਕੋਈ ਫੰਡ ਜਾਰੀ ਕੀਤਾ ਜਾਂਦਾ ਹੈ। ਪਰ ਇਸ ਦੇ ਬਾਵਜੂਦ ਗੁਰਦੁਆਰਿਆਂ ਦੀਆਂ ਇਮਾਰਤਾਂ ਲਗਾਤਾਰ ਕਾਰਸੇਵਾ ਵਾਲੇ ਬਾਬਿਆਂ ਵੱਲੋਂ ਬਣਾਈਆਂ ਜਾ ਰਹੀਆਂ ਹਨ। ਉਹ ਫੰਡ ਕਿੱਥੋਂ ਆਉਂਦਾ ਹੈ ਤੇ ਉਸ ਦਾ ਕੀ ਲਿਖਤੀ ਹਿਸਾਬ ਹੈ ? ਇਸ ਗੱਲ ਦਾ ਕਿਤੇ ਕੋਈ ਜਵਾਬ ਨਹੀਂ, ਜਦਕਿ ਕਨੂੰਨ ਕਹਿੰਦਾ ਹੈ ਕਿ ਤੁਸੀਂ ਜੇਕਰ ਕਿਸੇ ਤੋਂ ਕੋਈ ਧਾਰਮਿਕ ਜਾਂ ਸਾਮਾਜਿਕ ਕੰਮ ਕਰਨ ਲਈ ਦਾਨ ਲੈਂਦੇ ਹੋਂ ਤਾਂ ਤੁਹਾਨੂੰ ਉਸ ਦਾ ਪੂਰਾ ਹਿਸਾਬ ਰੱਖਣਾ ਪਵੇਗਾ। ਇਸ ਸਬੰਧੀ ਕ੍ਰਿਮਨਲ ਮਾਮਲਿਆਂ ਦੇ ਸੀਨੀਅਰ ਵਕੀਲ ਐਚ ਵੀ ਰਾਏ ਕਹਿੰਦੇ ਹਨ ਕਿ ਜਿਸ ਕਿਸੇ ਵੀ ਸੰਸਥਾ ਜਾਂ ਵਿਅਕਤੀ ਨੇ ਕਿਸੇ ਸਮਾਜਿਕ, ਧਾਰਮਿਕ ਜਾਂ ਕਿਸੇ ਹੋਰ ਜਨਹਿੱਤ ਕੰਮ ਲਈ ਕਿਸੇ ਤੋਂ ਦਾਨ ਲੈਣਾ ਹੁੰਦਾ ਹੈ ਤਾਂ ਉਸ ਦਾ ਰਲੀਜੀਅਸ ਐਂਡੋਮੈਂਟ ਐਕਟ ਤਹਿਤ ਪੂਰਾ ਹਿਸਾਬ ਰੱਖਣਾ ਹੁੰਦਾ ਹੈ, ਤੇ ਜਿਹੜਾ ਅਜਿਹਾ ਨਹੀਂ ਕਰਦਾ ਉਹ ਕਨੂੰਨ ਦੀ ਉਲੰਘਣਾ ਕਰਨ ’ਤੇ ਸਜ਼ਾ ਦਾ ਭਾਗੀਦਾਰ ਹੁੰਦਾ ਹੈ, ਤੇ ਅਜਿਹੇ ਮਾਮਲਿਆਂ ਵਿੱਚ ਉਕਤ ਕਨੂੰਨ ਦੇ ਨਾਲ ਨਾਲ ਆਈਪੀਸੀ ਦੀ ਧਾਰਾ 406 ਤਹਿਤ ਮਾਮਲਾ ਦਰਜ਼ ਕਰਕੇ ਮੁਲਜ਼ਮ ਨੂੰ ਅਦਾਲਤ ਰਾਹੀਂ ਸਜ਼ਾ ਦਵਾਈ ਜਾ ਸਕਦੀ ਹੈ।

ਲੌਂਗੋਵਾਲ ਦੇ ਅਸਤੀਫ਼ੇ ਦੀ ਉੱਠੀ ਮੰਗ-

ਆਮ ਆਦਮੀ ਪਾਰਟੀ (ਆਪ) ਪੰਜਾਬ ਦੀ ਵਿਧਾਇਕ ਪ੍ਰੋ. ਬਲਜਿੰਦਰ ਕੌਰ, ਕੁਲਤਾਰ ਸਿੰਘ ਸੰਧਵਾਂ, ਜੈ ਕਿਸ਼ਨ ਸਿੰਘ ਰੋੜੀ, ਅਮਰਜੀਤ ਸਿੰਘ ਸੰਦੋਆ ਤੇ ਕੁਲਵੰਤ ਸਿੰਘ ਪੰਡੋਰੀ ਨੇ ਤਰਨ ਤਾਰਨ ਦੇ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਦੀ ਪੌਣੇ 200 ਸਾਲ ਪੁਰਾਣੀ ਇਤਿਹਾਸਕ ਡਿਉਢੀ (ਪ੍ਰਵੇਸ਼ ਦਵਾਰ) ਢਾਹੇ ਜਾਣ ’ਤੇ ਅਫ਼ਸੋਸ ਜਤਾਇਆ ਹੈ। ਇਸ ਦੇ ਨਾਲ ਹੀ ‘ਆਪ’ ਵਿਧਾਇਕਾਂ ਨੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਦੇ ਤੁਰੰਤ ਅਸਤੀਫ਼ੇ ਦੀ ਮੰਗ ਕੀਤੀ। ਉਨ੍ਹਾਂ ਕਿਹਾ ਕਿ ਬਾਦਲਾਂ ਦੀ ਕਠਪੁਤਲੀ ਬਣਨ ਵਿੱਚ ਲੌਂਗੋਵਾਲ ਨੇ ਪਿਛਲੇ ਪ੍ਰਧਾਨਾਂ ਨੂੰ ਵੀ ਮਾਤ ਪਾ ਦਿੱਤੀ ਹੈ। ਉਨ੍ਹਾਂ ਕਿਹਾ ਕਿ ਦਰਸ਼ਨੀ ਡਿਉੜੀ ਢਾਹੁਣ ਲਈ ਜ਼ਿੰਮੇਵਾਰ ਸ਼੍ਰੋਮਣੀ ਕਮੇਟੀ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਸਮੇਤ ਮੈਨੇਜਰ ਤੇ ‘ਆਪਹੁਦਰੇ’ ਕਾਰ ਸੇਵਕਾਂ ਵਿਰੁੱਧ ਮੁਕੱਦਮਾ ਦਰਜ ਕੀਤਾ ਜਾਣਾ ਚਾਹੀਦਾ ਹੈ। ਇਸ ਦੇ ਨਾਲ ਹੀ ਸਮੁੱਚੇ ਮਸਲੇ ਦੀ ਹਾਈਕੋਰਟ ਦੀ ਨਿਗਰਾਨੀ ਹੇਠ ਜਾਂਚ ਹੋਣੀ ਚਾਹੀਦੀ ਹੈ।

ਕੀ ਕਹਿੰਦੇ ਹਨ ਮਾਹਿਰ ਤੇ ਸਿੱਖ ਚਿੰਤਕ-

ਬੀਬੀ ਪਰਮਜੀਤ ਕੌਰ ਖਾਲੜਾ ਨੇ ਕਿਹਾ, ਕਿ “ਪੁਰਾਤਨ ਪ੍ਰਥਾਵਾਂ ਦੇ ਨਾਲ ਡਿਉਢੀ ਦੀ ਸਾਂਭ-ਸੰਭਾਲ ਲਈ ਵਿਗਿਆਨਕ ਤਰੀਕਿਆਂ ਨੂੰ ਸ਼ਾਮਿਲ ਕੀਤੇ ਜਾਣ ਦੀ ਵੀ ਲੋੜ ਹੈ। ਇਤਿਹਾਸਕ ਇਮਾਰਤਾਂ ਨੂੰ ਮਿਟਾਇਆ ਨਹੀਂ ਜਾਣਾ ਚਾਹੀਦਾ, ਕਿਉਂਕਿ ਇਹ ਕੌਮ ਦਾ ਅਨਮੋਲ ਵਿਰਸਾ ਹਨ।”

ਸਾਂਭ-ਸੰਭਾਲ ਮਾਹਿਰ ਗੁਰਮੀਤ ਰਾਏ ਦਾ ਕਹਿਣਾ ਹੈ ਕਿ ਇਹ ਦਰਸ਼ਨੀ ਡਿਓੜੀ ਕਰੀਬ ਬਹੁਤ ਪੁਰਾਣੀ ਹੈ ਤੇ ਸਿੱਖ ਇਤਿਹਾਸ ਵਿੱਚ ਇਸਦੀਆਂ ਡੂੰਘੀਆਂ ਜੜ੍ਹਾਂ ਹਨ। ਇਸ ਲਈ ਇਸ ਨੂੰ ਸੁਰੱਖਿਅਤ ਰੱਖਣਾ ਜ਼ਰੂਰੀ ਹੈ।”

ਪੰਥਕ ਆਗੂ ਸ. ਬਲਕਰਨ ਸਿੰਘ ਬਰੈਂਪਟਨ (ਕੈਨੇਡਾ) ਵਾਸੀ ਦਾ ਮੰਨਣਾ ਹੈ ਕਿ ਇਮਾਰਤ ਦੀ ਸਾਂਭ-ਸੰਭਾਲ ਅਤੇ ਸਿੱਖ ਭਵਨ ਕਲਾ ਨਿਰਮਾਣ ਦੀ ਯਾਦਾਂ ਨੂੰ ਸਾਂਭਣਾ ਚਾਹੀਦਾ ਸੀ ਕਿਉਂਕਿ ਨਵੀਂ ਪੀੜ੍ਹੀ ਆਪਣੇ ਪਿਛੋਕੜ ਨੂੰ ਜਾਣਨਾ ਚਾਹੁੰਦੀ ਹੈ। ਉਨ੍ਹਾਂ ਦਾ ਕਹਿਣਾ ਹੈ, ਕਿ ਨਵੀਂ ਪੀੜ੍ਹੀ ਆਪਣੀ ਅਮੀਰ ਵਿਰਾਸਤ ਨੂੰ ਦੇਖਣਾ ਚਾਹੁੰਦੀ ਹੈ। ਉਨ੍ਹਾਂ ਨੇ ਕਿਹਾ ਕਿ ਡਿਉਢੀ 200 ਸਾਲ ਤੋਂ ਵੱਧ ਪੁਰਾਣੀ ਹੈ ਅਤੇ ਇਸ ਨੂੰ ਢਾਹਿਆ ਨਹੀਂ ਜਾਣਾ ਚਾਹੀਦਾ ਹੈ।

ਸਿੱਖ ਪ੍ਰਚਾਰਕ ਹਰਜਿੰਦਰ ਸਿੰਘ ‘ਸਭਰਾਅ’ ਆਖਦੇ ਹਨ ਕਿ ਸ਼੍ਰੋਮਣੀ ਕਮੇਟੀ ਅਧਿਕਾਰੀਆਂ ਅਤੇ ਬਾਬੇ ਨੇ ਰਲ ਕੇ ਇਹ ਸਾਰਾ ਕੁਝ ਕੀਤਾ ਹੈ। ਬਾਬੇ ਦੇ ਬੰਦੇ ਗਲਤੀ ਇਥੇ ਇਕ ਹੋਰ ਕਰ ਗਏ ਹਨ ਕਿ ਉਹਨਾਂ ਕੋਲ ਲਿਖਤੀ ਅਧਿਕਾਰ ਪੱਤਰ ਨਹੀਂ ਹੈ।

ਅਧਿਕਾਰ ਪੱਤਰ ਨਾ ਹੋਣ ਦੀ ਸੂਰਤ ਵਿਚ ਬਾਬੇ ਤੇ ਸਾਰਾ ਗੁਣੀਆਂ ਪਾ ਕੇ ਸ਼੍ਰੋਮਣੀ ਕਮੇਟੀ ਅਧਿਕਾਰੀ ਬਚਣ ਦਾ ਰਾਹ ਕੱਢ ਰਹੇ ਹਨ। ਰਹੀ ਗੱਲ ਸ਼੍ਰੋਮਣੀ ਕਮੇਟੀ ਵਲੋਂ ਕਾਰਵਾਈ ਦੀ ਤਾਂ ਮੈਨੇਜਰ ਮੁਅੱਤਲ ਕੀਤਾ ਹੈ ਜਿਹੜਾ ਮਾਮਲਾ ਠੰਢ ਹੋਣ ‘ਤੇ ਦੁਬਾਰਾ ਆ ਜਾਵੇਗਾ, ਕਿਉਂਕਿ ਮੈਨੇਜਰ ਵੀ ਅਸਰ-ਰਸੂਖ ਵਾਲਾ ਹੈ, ਸੋ ਥੋੜੇ ਦਿਨ ਘੁੰਮ ਫਿਰ ਕੇ ਵਾਪਸ ਆ ਜਾਏਗਾ। ਪੜਤਾਲੀਆ ਕਮੇਟੀ ਤਾਂ ਆਪਣੀ ਹੀ ਹੈ, ਇਸ ਲਈ ਮਾਮਲਾ ਲਟਕਣ ਦੇ ਆਸਾਰ ਹਨ। ਬਾਬਾ ਵੀ ਮਾਇਆਧਾਰੀ ਤੇ ਪਹੁੰਚ ਵਾਲਾ ਹੈ, ਉਹਦੀ ਵਾਅ ਵੱਲ ਨਹੀ ਵੇਖ ਸਕਦੇ ਸ਼੍ਰੋਮਣੀ ਕਮੇਟੀ ਵਾਲੇ, ਨਾਲੇ ਉੱਤੋਂ ਵੋਟਾਂ ਵੀ ਨੇ।

ਸੇਵਾ ਦੇ ਬੋਰਡ ਦੁਬਾਰਾ ਲੱਗ ਜਾਣਗੇ ਤੇ ਟੋਕਰੀਆਂ ਗੋਲਕਾਂ ਫਿਰ ਪੁਰਾਣੀ ਥਾਂ ਸੁਸ਼ੋਭਿਤ ਆ ਹੋਣਗੇ। ਕੰਵਰ ਨੌ ਨਿਹਾਲ ਸਿੰਘ ਜੀ ਦੀ ਬਣਾਈ ਯਾਦਗਾਰ ਜੋ ਸਾਨੂੰ ਸਿੱਖ ਰਾਜ ਦੀਆਂ ਸ਼ਾਨਾਂ ਯਾਦ ਕਰਵਾਉਂਦੀ ਸੀ, ਕਾਰ ਸੇਵਾ ਦੇ ਨਾਮ ’ਤੇ ਬਾਬਿਆਂ ਨੇ ਲੰਡੀ ਜਿਹੀ ਕਰ ਦਿੱਤੀ ਹੈ।

**ਸ਼੍ਰੋਮਣੀ ਕਮੇਟੀ ਕੋਲ ਸਿੱਖ ਵਿਰਾਸਤ ਨੂੰ ਸਾਂਭਣ ਲਈ ਨਿਯਮ ਹੀ ਨਹੀਂ-**

ਸ਼੍ਰੋਮਣੀ ਕਮੇਟੀ ਕੋਲ ਕੋਈ ਪੱਕੇ ਨਿਯਮ ਨਹੀਂ ਹੈ ਕਿ ਸਿੱਖ ਵਿਰਾਸਤ ਦੀ ਸਾਂਭ ਕਿਵੇਂ ਕਰਨੀ ਹੈ। ਪੁਰਾਣੀਆਂ ਇਮਾਰਤਾਂ ਦੀ ਸਮੇਂ ਮੁਤਾਬਕ ਕੋਈ ਸੂਚੀ ਤੱਕ ਉਪਲਬਧ ਨਹੀਂ ਹੈ, ਜਿਸ ਤੋਂ ਪਤਾ ਲੱਗ ਸਕੇ ਕਿ ਸ਼੍ਰੋਮਣੀ ਕਮੇਟੀ ਕਿਨ੍ਹਾਂ ਇਮਾਰਤਾਂ ਦੀ ਸੰਭਾਲ ਲਈ ਕੀ ਕਰ ਰਹੀ ਹੈ ? ਗੁਰੂ ਕਾਲ, ਮਿਸਲਾਂ, ਖ਼ਾਲਸਾ ਰਾਜ ਤੇ ਅੰਗਰੇਜ਼ੀ ਰਾਜ ਦੇ ਵੱਖ ਵੱਖ ਸਮਿਆਂ ਵਿੱਚ ਬਣੀਆਂ ਇਮਾਰਤਾਂ ਬਾਰੇ ਸ਼੍ਰੋਮਣੀ ਕਮੇਟੀ ਕੋਲ ਤਫਸੀਲ ਮੌਜੂਦ ਨਹੀਂ ਹੈ। ਨਾ ਹੀ ਸ਼੍ਰੋਮਣੀ ਕਮੇਟੀ ਨੇ ਇਮਾਰਤਾਂ ਨੂੰ ਵਿਰਾਸਤੀ ਦਰਜਾ ਦਿੱਤਾ ਹੋਇਆ ਹੈ, ਜਿਸ ਨਾਲ ਛੇੜਛਾੜ ਕਰਨ ਦੀ ਮਨਾਹੀ ਹੋਵੇ। ਕਮੇਟੀ ਕੋਲ ਪੁਰਾਤਨ ਇਮਾਰਤਾਂ ਦੀ ਸਾਂਭ ਸੰਭਾਲ ਦੇ ਕੋਈ ਪ੍ਰਬੰਧ ਨਹੀਂ ਹਨ। ਜਦੋਂ ਬਾਬਾ ਜਗਤਾਰ ਸਿੰਘ ਕਾਰ ਸੇਵਾ ਵਾਲੇ ਨੇ ਕਿਹਾ ਕਿ ਡਿਉਢੀ ਮੁਰੰਮਤ ਨਹੀਂ ਹੋ ਸਕਦੀ, ਇਹ ਢਾਹੁਣੀ ਪਵੇਗੀ ਤਾਂ ਸ਼੍ਰੋਮਣੀ ਕਮੇਟੀ ਨੇ ਮੁਰੰਮਤ ਲਈ ਮਾਹਿਰ ਲੱਭਣ ਥਾਵੇਂ ਤੋੜਨ ਦੀ ਪ੍ਰਵਾਨਗੀ ਕਿਉਂ ਦਿੱਤੀ ? ਸੰਗਤਾਂ ਦੇ ਵਿਰੋਧ ਪਿੱਛੋਂ ਡਿਉਢੀ ਢਾਹੁਣ ਦਾ ਕੰਮ ਰੁਕਣ ਬਾਅਦ ਵੀ ਅੱਠ ਮਹੀਨੇ ਬੀਤ ਗਏ ਪਰ ਸ਼੍ਰੋਮਣੀ ਕਮੇਟੀ ਨੇ ਮੁਰੰਮਤ ਦਾ ਕੰਮ ਸ਼ੁਰੂ ਕਿਉਂ ਨਹੀਂ ਕਰਵਾਇਆ ? ਜੇ ਬਾਬਾ ਜਗਤਾਰ ਸਿੰਘ ਦੇ ਸੇਵਾਦਾਰ ਸ਼੍ਰੋਮਣੀ ਕਮੇਟੀ ਦੀ ਮਰਜ਼ੀ ਤੋਂ ਬਿਨਾਂ ਡਿਉਢੀ ਤੋੜ ਗਏ ਤਾਂ ਉਨ੍ਹਾਂ ਖਿਲਾਫ ਪਰਚਾ ਕਿਉਂ ਨਾ ਕਰਵਾਇਆ ਗਿਆ ? ਬਾਬਾ ਜਗਤਾਰ ਸਿੰਘ ਹੁਣ ਤੱਕ ਗ੍ਰਿਫਤਾਰ ਕਿਉਂ ਨਹੀਂ ਕੀਤਾ ਗਿਆ ?

ਸੂਤਰਾਂ ਮੁਤਾਬਕ ਸ਼੍ਰੋਮਣੀ ਕਮੇਟੀ ਕੋਲ ਕੋਈ ਮਾਹਿਰਾਂ ਅਤੇ ਇਤਿਹਾਸਕਾਰਾਂ ਦੀ ਵਿਵਸਥਾ ਨਹੀਂ ਜੋ ਮੁਆਇਨਾ ਕਰਦੀ ਹੋਵੇ ਅਤੇ ਸਮੇਂ-ਸਮੇਂ ਤੇ ਰਿਪੋਰਟ ਦਿੰਦੀ ਹੋਵੇ। ਪੁਰਾਣੀਆਂ ਇਮਾਰਤਾਂ ਦੀ ਸੰਭਾਲ ਲਈ ਮੌਕੇ ਸਿਰ ਕੋਈ ਯਤਨ ਹੀ ਨਹੀਂ ਕੀਤੇ ਜਾਂਦੇ।

**ਕਾਰ ਸੇਵਾ ਦੇ ਬਾਬਿਆਂ ਵੱਲੋਂ ਮੁਆਫੀ**

**ਤਰਨਤਾਰਨ :** ਬਾਬਾ ਜਗਤਾਰ ਸਿੰਘ ਦੇ ਪ੍ਰਤੀਨਿਧ ਬਾਬਾ ਮਹਿੰਦਰ ਸਿੰਘ ਨੇ ਕਿਹਾ ਕਿ 30 ਮਾਰਚ ਨੂੰ ਉਕਤ ਮਤੇ ਮੁਤਾਬਿਕ ਹੀ ਕਾਰ ਸੇਵਾ ਸ਼ੁਰੂ ਕੀਤੀ ਗਈ ਸੀ ਅਤੇ ਰਾਤ ਸਮੇਂ ਸੇਵਾ ਦਾ ਮੰਤਵ ਸੰਗਤ ਨੂੰ ਕੋਈ ਪਰੇਸ਼ਾਨੀ ਨਾ ਆਉਣ ਦੇਣਾ ਸੀ। ਉਨ੍ਹਾਂ ਨੇ ਕਿਹਾ ਕਿ ਦਰਸ਼ਨੀ ਡਿਓਢੀ ਦੇ ਢਾਹੁਣ ਨਾਲ ਜੇਕਰ ਸੰਗਤਾਂ ਅੰਦਰ ਰੋਸ ਹੈ ਤਾਂ ਉਹ ਮਾਫ਼ੀ ਚਾਹੁੰਦੇ ਹਨ। ਸੇਵਾਵਾਂ ਵਾਪਸ ਲਏ ਜਾਣ ਬਾਰੇ ਬਾਬਾ ਮਹਿੰਦਰ ਸਿੰਘ ਨੇ ਕਿਹਾ ਕਿ ਤਰਨਤਾਰਨ ਦੀਆਂ ਸੇਵਾਵਾਂ ਬੰਦ ਹੋਈਆਂ ਹਨ। ਬਾਕੀ ਸਾਰੇ ਗੁਰਧਾਮਾਂ ’ਤੇ ਨਿਰੰਤਰ ਸੇਵਾ ਹੋ ਰਹੀ ਹੈ। ਜੇਕਰ ਸੰਗਤ ਚਾਹੇਗੀ ਤਾਂ ਇਸੇ ਡਿਉਢੀ ਨੂੰ ਮੁਰੰਮਤ ਕਰਕੇ ਠੀਕ ਕਰ ਦਿੱਤਾ ਜਾਵੇਗਾ ਅਤੇ ਜੇਕਰ ਮੁੜ ਉਸਾਰੀ ਕਰਨ ਦੀ ਰਾਏ ਹੋਵੇਗੀ ਤਾਂ ਸੰਪਰਦਾ ਇਸ ’ਤੇ ਵੀ ਪਹਿਰਾ ਦੇਵੇਗੀ।

## ਬੇਬੇ ਨਾਨਕੀ ਦੇ ਵਿਰਾਸਤੀ ਘਰ ਨੂੰ ਵੀ ਬਾਬਾ ਜਗਤਾਰ ਸਿੰਘ ਦੀ ‘ਸੇਵਾ’ ਨੇ ਹੀ ਮਲੀਆ-ਮੇਟ ਕੀਤਾ ਸੀ

**ਜਲੰਧਰ :** ਸਿੱਖ ਧਰਮ ਦੇ ਪਹਿਲੇ ਵਿਰਾਸਤੀ ਘਰ ਵਜੋਂ ਜਾਣੇ ਜਾਂਦੇ ਬੇਬੇ ਨਾਨਕੀ ਦੇ ਘਰ ਨੂੰ ਵੀ ਕਾਰ ਸੇਵਾ ਵਾਲੇ ਬਾਬਿਆਂ ਨੇ ਮਲੀਆ-ਮੇਟ ਕਰ ਦਿੱਤਾ ਸੀ। ਉਸ ਘਰ ਦੀ ਥਾਂ ‘ਤੇ ਨਵੀਂ ਬਣਾਈ ਗਈ ਇਮਾਰਤ ਕਿਸੇ ਕਿਲ੍ਹੇ ਦਾ ਭੁਲੇਖਾ ਪਾਉਂਦੀ ਹੈ। ਬੇਬੇ ਨਾਨਕੀ ਦੇ ਘਰ ਨੂੰ ਢਾਹੁਣ ਦੀ ‘ਸੇਵਾ’ ਵੀ ਬਾਬਾ ਜਗਤਾਰ ਸਿੰਘ ਨੇ ਹੀ ਕੀਤੀ ਸੀ, ਜਿਨ੍ਹਾਂ ਨੇ ਹਾਲ ਹੀ ਵਿਚ ਅੱਧੀ ਰਾਤ ਨੂੰ ਤਰਨ ਤਾਰਨ ਦੇ ਸ੍ਰੀ ਦਰਬਾਰ ਸਾਹਿਬ ਦੀ 180 ਸਾਲ ਪੁਰਾਣੀ ਦਰਸ਼ਨੀ ਡਿਓੜੀ ਨੂੰ ਢਾਹੁਣ ਦਾ ਬੱਜਰ ਗੁਨਾਹ ਕੀਤਾ ਹੈ। ਬੇਬੇ ਨਾਨਕੀ ਦਾ ਤਿੰਨ ਮੰਜ਼ਿਲਾ ਘਰ ਸੁਲਤਾਨਪੁਰ ਲੋਧੀ ਦੇ ਸਿੱਖਾਂ ਮੁਹੱਲੇ ਵਿਚ ਸੀ। ਇਸ ਇਤਿਹਾਸਕ ਤੇ ਵਿਰਾਸਤੀ ਘਰ ਨੂੰ ਸੰਭਾਲਣ ਦੇ ਯਤਨ ਨਾ ਤਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕੀਤੇ ਗਏ ਤੇ ਨਾ ਹੀ ਕਾਰ ਸੇਵਾ ਕਰਵਾ ਰਹੇ ਬਾਬਾ ਜਗਤਾਰ ਸਿੰਘ ਵੱਲੋਂ ਕੀਤੇ ਗਏ। ਇਤਿਹਾਸਕਾਰਾਂ ਦਾ ਮੰਨਣਾ ਹੈ ਕਿ ਬੇਬੇ ਨਾਨਕੀ ਦੇ ਘਰ ਨੂੰ ਦੇਖਣ ਲਈ ਮਹਾਰਾਜਾ ਰਣਜੀਤ ਸਿੰਘ ਵੀ ਸੁਲਤਾਨਪੁਰ ਲੋਧੀ ਆਏ ਸਨ। ਇਸ ਦੀ ਕਾਰ ਸੇਵਾ ਦਾ ਕੰਮ ਸੰਨ 2001 ਵਿਚ ਬਾਬਾ ਜਗਤਾਰ ਸਿੰਘ ਨੂੰ ਸੌਂਪ ਦਿੱਤਾ ਗਿਆ ਸੀ। ਬੇਬੇ ਨਾਨਕੀ ਵੱਲੋਂ ਆਪਣੇ ਹੱਥੀਂ ਵਿਹੜੇ



ਵਿਚ ਲਾਇਆ ਬੋਹੜ ਦਾ ਦਰੱਖਤ ਅੱਜ ਵੀ ਚਸ਼ਮਦੀਦ ਗਵਾਹ ਵਜੋਂ ਖੜ੍ਹਾ ਹੈ। ਘਰ ਦੇ ਅੰਦਰ ਅਤੇ ਬਾਹਰ ਦੋ ਪੁਰਾਤਨ ਖੂਹੀਆਂ ਵੀ ਹਨ। ਇਹ ਖੂਹੀਆਂ ਦਾ ਪਾਣੀ 90ਵਿਆਂ ਵਿਚ ਸੁੱਕ ਗਿਆ ਸੀ। ਸਾਲ 1969 ਵਿਚ ਗੁਰੂ ਨਾਨਕ ਦੇਵ ਜੀ ਦੇ ਮਨਾਏ ਗਏ 500ਵੇਂ ਪ੍ਰਕਾਸ਼ ਪੁਰਬ ਮੌਕੇ ਇਸ ਘਰ ‘ਤੇ ਨਾਜਾਇਜ਼ ਕਬਜ਼ੇ ਹੋ ਚੁੱਕੇ ਸਨ। ਉਸ ਵੇਲੇ ਦੀ ਸਰਕਾਰ ਨੇ ਇਸ ਘਰ ਨੂੰ ਖਾਲੀ ਕਰਵਾਉਣ ਦੀ ਜ਼ਹਿਮਤ ਤਕ ਨਹੀਂ ਸੀ ਉਠਾਈ। ਹੁਣ 50 ਸਾਲਾਂ ਬਾਅਦ ਜਦੋਂ ਗੁਰੂ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼ ਪੁਰਬ 12 ਨਵੰਬਰ ਨੂੰ ਮਨਾਇਆ ਜਾਵੇਗਾ ਤਾਂ ਸਿੱਖ ਸੰਗਤ ਬੇਬੇ ਨਾਨਕੀ ਦੇ ਅਸਲ ਘਰ ਦੇ ਦਰਸ਼ਨ ਨਹੀਂ ਕਰ ਸਕੇਗੀ। ਸਾਲ 2001 ਵਿਚ ਬੇਬੇ ਨਾਨਕੀ ਦੇ ਘਰ ਦੀ ਕਾਰ ਸੇਵਾ ਕਰਨ ਵਾਲੇ ਬਾਬਾ ਜਗਤਾਰ ਸਿੰਘ ਨੇ ਉਦੋਂ ਵੀ ਇਹ ਦਾਅਵਾ ਕੀਤਾ ਸੀ ਕਿ ਜਦੋਂ ਆਪਣਾ ਘਰ ਵੀ ਖਸਤਾ ਹਾਲਤ ਵਿਚ ਹੋ ਜਾਂਦਾ ਹੈ ਤਾਂ ਉਸ ਨੂੰ ਢਾਹ ਕੇ ਮਜ਼ਬੂਤ ਬਣਾਇਆ ਜਾਂਦਾ ਹੈ। ਇਸੇ ਤਰ੍ਹਾਂ ਬੇਬੇ ਨਾਨਕੀ ਦੇ ਘਰ ਨੂੰ ਵੀ ਮਜ਼ਬੂਤ ਬਣਾਇਆ ਜਾਵੇਗਾ।

ਕਾਰ ਸੇਵਾ ਤੋਂ ਬਾਅਦ ਨਵੇਂ ਬਣਾਏ ਗਏ ਘਰ ਨੂੰ ਗੇਰੂਆ ਰੰਗ ਕੀਤਾ ਗਿਆ ਹੈ ਤੇ ਘਰ ਦਾ ਬਾਹਰਲੀ ਦ੍ਰਿਸ਼ ਕਿਸੇ ਕਿਲ੍ਹੇ ਤੋਂ ਘੱਟ ਨਹੀਂ ਲਗਦਾ। ਇਸ ਮੁਹੱਲੇ ਵਿਚ ਰਹਿਣ ਵਾਲੇ ਲੋਕਾਂ ਨੂੰ ਅੱਜ ਵੀ ਇਸ ਗੱਲ ਦਾ ਡਾਹਢਾ ਦੁੱਖ ਹੈ ਕਿ ਜਦੋਂ ਬੇਬੇ ਨਾਨਕੀ ਦਾ ਘਰ ਢਾਹਿਆ ਜਾ ਰਿਹਾ ਸੀ ਤਾਂ ਉਨ੍ਹਾਂ ਦੀਆਂ ਧਾਹਾਂ ਨਿਕਲ ਰਹੀਆਂ ਸਨ ਪਰ ਇਨ੍ਹਾਂ ਕਾਰ ਸੇਵਾ ਵਾਲੇ ਬਾਬਿਆਂ ਅੱਗੇ ਕਿਸੇ ਦੀ ਪੇਸ਼ ਨਹੀਂ ਗਈ। ਸੁਲਤਾਨਪੁਰ ਲੋਧੀ ਦੇ ਲੋਕ ਅੱਜ ਵੀ ਇਤਿਹਾਸਕ ਨਿਸ਼ਾਨੀ ਮਿਟਾਉਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਜ਼ਿੰਮੇਵਾਰ ਦੱਸ ਰਹੇ ਹਨ।

ਅੰਮ੍ਰਿਤਸਰ ਟਾਈਮਜ਼
AMRITSAR TIMES
03 ਅਪ੍ਰੈਲ 2019 ਤੋਂ 09 ਅਪ੍ਰੈਲ 2019

# ਸਿੱਖ ਵਿਰਾਸਤ ਨੂੰ ਮਿਟਾਉਣ ਦੀ 'ਕਾਰਸੇਵਾ'

**- ਮਨਜੀਤ ਸਿੰਘ ਟਿਵਾਣਾ**

ਪੰਜਾਬ ਦੇ ਤਰਨਤਾਰਨ ਸਾਹਿਬ ਵਿਚ ਗੁਰਦਵਾਰਾ ਸ੍ਰੀ ਦਰਬਾਰ ਸਾਹਿਬ ਦੀ 200 ਸਾਲ ਤੋਂ ਵੱਧ ਪੁਰਾਣੀ ਦਰਸ਼ਨੀ ਡਿਉਢੀ ਨੂੰ ਮੁਰੰਮਤ ਕਰਨ ਲਈ ਕਥਿਤ ਕਾਰਸੇਵਾ ਦੇ ਨਾਮ 'ਤੇ ਢਾਹੇ ਜਾਣ ਦੀ ਖਬਰ ਨੇ ਸਿੱਖਾਂ ਨੂੰ ਝੰਜੋੜ ਕੇ ਰੱਖ ਦਿੱਤਾ ਹੈ। ਇਤਿਹਾਸਕ ਹਵਾਲਿਆਂ ਮੁਤਾਬਕ ਇਸ ਡਿਉਢੀ ਦੀ ਉਸਾਰੀ ਇਕ ਮੁਸਲਮਾਨ ਨਾਇਬ ਤਹਿਸੀਲਦਾਰ ਵਲੋਂ ਗੁਰੂ ਜੀ ਪ੍ਰਤੀ ਅਥਾਹ ਸ਼ਰਧਾ ਅਤੇ ਸਤਿਕਾਰ ਰੱਖਦਿਆਂ ਕਰਵਾਈ ਗਈ ਸੀ। ਇਸ ਤਰ੍ਹਾਂ ਇਹ ਸਿੱਖ ਧਰਮ ਦੀ ਸਾਂਝੀਵਾਲਤਾ ਤੇ ਸਰਬੱਤ ਦੇ ਭਲੇ ਵਾਲੀ ਸਿਧਾਂਤਕ ਵਿਚਾਰਧਾਰਾ ਨੂੰ ਦੂਜੇ ਧਰਮਾਂ ਦੇ ਸ਼ਰਧਾਵਾਨ ਲੋਕਾਂ ਵੱਲੋਂ ਪੇਸ਼ ਅਕੀਦਤ ਦੀ ਇਕ ਵਿਰਾਸਤ ਹੈ।

ਸਿੱਖ ਜਗਤ ਦੇ ਬਹੁਤ ਵੱਡੇ ਹਿੱਸੇ ਨੇ ਤਾਜ਼ਾ ਘਟਨਾ ਖਿਲਾਫ ਜਿਸ ਤਰ੍ਹਾਂ ਵਿਰੋਧ ਜ਼ਾਹਰ ਕੀਤਾ ਤੇ ਇਸ ਗੁਨਾਹ ਵਰਗੀ ਕਾਰਵਾਈ ਨੂੰ ਅੰਜ਼ਾਮ ਦੇਣ ਜਾ ਰਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਕਥਿਤ ਕਾਰ-ਸੇਵਾ ਵਾਲੇ 'ਬਾਬੇ' ਜਗਤਾਰ ਸਿੰਘ ਨੂੰ ਨਾ-ਸਿਰਫ ਮੁਆਫੀਆਂ ਮੰਗਣੀਆਂ ਪਈਆਂ, ਸਗੋਂ ਫਿਲਹਾਲ ਇਸ ਸਿੱਖ ਵਿਰਾਸਤੀ ਇਮਾਰਤ ਨੂੰ ਅੱਗੇ ਹੋਰ ਢਾਹੁਣ ਤੋਂ ਵੀ ਰੋਕਣਾ ਪਿਆ ਹੈ।

ਉਕਤ ਅਨਰਥ ਹੋਣ ਅਤੇ ਪੰਥਕ ਵਿਰਸਤ ਨੂੰ ਬਚਾਉਣ ਲਈ ਸੁਚੇਤ ਤੌਰ 'ਤੇ ਵਿਰੋਧ ਕਰਨ ਵਾਲੀਆਂ ਸਿੱਖ ਸੰਗਤਾਂ ਵਧਾਈ ਦੀਆਂ ਪਾਤਰ ਹਨ। ਇਸ ਦਾ ਸਿਹਰਾ ਸੋਸ਼ਲ ਮੀਡੀਆ ਜਾਂ ਸਿੱਖਾਂ ਦੀ ਨਵੀਂ ਪੀੜ੍ਹੀ ਵਿਚ ਥੋੜ੍ਹੀ-ਬਹੁਤੀ ਆਪਣੇ ਧਰਮ ਤੇ ਗੌਰਵਸ਼ਾਲੀ ਵਿਰਸੇ ਪ੍ਰਤੀ ਪੈਦਾ ਹੋ ਰਹੀ ਜਾਗਰੂਕਤਾ ਦੇ ਸਿਰ ਬੰਨੀਏ ਪਰ ਬੀਤੇ ਵਿਚ ਕਥਿਤ 'ਕਾਰ-ਸੇਵਾ' ਦੇ ਨਾਮ ਉਤੇ ਜਿਸ ਤਰ੍ਹਾਂ ਸਿੱਖ ਵਿਰਾਸਤੀ ਇਮਾਰਤਾਂ ਅਤੇ ਹੋਰ ਨਿਸ਼ਾਨੀਆਂ ਨੂੰ ਗਿਣ-ਮਿੱਥ ਕੇ ਮਲੀਆਮੇਟ ਕੀਤਾ ਗਿਆ ਹੈ, ਉਸ ਲਈ ਸਾਨੂੰ ਸਾਡੀਆਂ ਆਉਣ ਵਾਲੀਆਂ ਨਸਲਾਂ ਕਦੇ ਵੀ ਮੁਆਫ ਨਹੀਂ ਕਰਨਗੀਆਂ।

ਪਿਛਲੇ ਕਈ ਦਹਾਕਿਆਂ ਤੋਂ ਇਹ 'ਕੁਕਰਮ' ਕਥਿਤ 'ਕਾਰਸੇਵਾ' ਦੇ ਨਾਮ ਹੇਠ ਜਾਰੀ ਹੈ ਪਰ ਸਿੱਖਾਂ ਨੇ ਕਦੇ ਅਵੇਸਲੇਪਣ ਵਿਚ ਅਤੇ ਕਦੇ ਲਾਲਚ ਤੇ ਕਦੇ ਡਰ ਤਹਿਤ ਇਕ ਤਰ੍ਹਾਂ ਨਾਲ ਇਸ ਗੁਨਾਹ ਨੂੰ ਆਪਣੀ ਮੂਕ ਸਹਿਮਤੀ ਦੇ ਰੱਖੀ ਹੈ। ਖਾੜਕੂ ਲਹਿਰ ਸਮੇਂ ਵੀ ਸਿੱਖ ਸਮਾਜ ਵਿਚਲੀਆਂ ਕਈ ਅਲਾਮਤਾਂ ਖਿਲਾਫ ਜੁਝਾਰੂ ਸਿੰਘਾਂ ਨੇ ਮੋਰਚਾ ਲਾਇਆ ਪਰ ਸਿੱਖਾਂ ਦੀਆਂ ਜੜ੍ਹਾਂ ਵਿਚ ਦਾਤਰੀ ਫੇਰਨ ਦਾ ਇਹ ਕੰਮ ਉਦੋਂ ਵੀ ਬਿਨਾ ਕਿਸੇ ਰੋਕ-ਟੋਕ ਦੇ ਜਾਰੀ ਰਿਹਾ। ਹੁਣ ਤਕ ਅਸੀਂ ਮੋਟੇ ਤੌਰ ਉਤੇ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਲਾਸਾਨੀ ਸ਼ਹਾਦਤ ਨਾਲ ਸਬੰਧਿਤ ਠੰਢਾ ਬੁਰਜ, ਚਮਕੌਰ ਸਾਹਿਬ ਦੀ ਕੱਚੀ ਗੜ੍ਹੀ, ਅਨੰਦਪੁਰ ਸਾਹਿਬ ਦੇ ਕਿਲ੍ਹੇ ਦਾ ਵੱਡਾ ਹਿੱਸਾ ਜਾਂ ਤਾਂ ਸੰਗਮਰਮਰਾਂ ਹਠ ਦੱਬ ਚੁੱਕੇ ਹਾਂ ਜਾਂ ਨੇਸਤਾਨਾਬੂਦ ਕਰ ਚੁੱਕੇ ਹਾਂ। ਇਤਿਹਾਸਕ ਗੁਰਦਵਾਰਾ ਸ੍ਰੀ ਦਰਬਾਰ ਸਾਹਿਬ ਡੇਰਾ ਬਾਬਾ ਨਾਨਕ ਦੀ ਇਮਾਰਤ ਵੀ ਢਾਹੀ ਜਾ ਚੁੱਕੀ ਹੈ। ਅੰਮ੍ਰਿਤਸਰ ਵਿਖੇ ਮੌਜੂਦ ਗੁਰੂ ਅਰਜਨ ਦੇਵ ਜੀ ਦਾ ਨਿਵਾਸ ਅਸਥਾਨ, ਜਿੱਥੇ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਜਨਮ ਲਿਆ, ਉਹ ਛੋਟੀਆਂ ਇੱਟਾਂ ਵਾਲੀਆਂ ਕੋਠੜੀਆਂ ਹੁਣ ਕਿਤੇ ਨਹੀਂ ਲੱਭ ਰਹੀਆਂ। ਗੁਰਦਾਸਪੁਰ ਜ਼ਿਲ੍ਹੇ ਵਿਚ ਬਾਬਾ ਬੰਦਾ ਸਿੰਘ ਬਹਾਦਰ ਦਾ ਥੇਹ ਵੀ ਖਤਮ ਕਰ ਦਿੱਤਾ ਗਿਆ। ਨਾਨਕਸ਼ਾਹੀ ਇੱਟਾਂ ਦੀ ਬਣੀ ਬਾਬਾ ਗੁਰਦਿੱਤਾ ਜੀ ਦੀ ਯਾਦਗਾਰ ਉਪਰ ਸੀਮਿੰਟ ਨਾਲ ਪਲੱਸਤਰ ਕਰ ਕੇ ਪੁਰਾਤਨੀ ਦਿੱਖ ਦੱਬ ਦਿੱਤੀ ਗਈ। ਸੁਲਤਾਨਪੁਰ ਵਿਖੇ ਬੇਬੇ ਨਾਨਕੀ ਜੀ ਦਾ ਜੱਦੀ ਘਰ ਵੀ ਢਾਹ ਦਿੱਤਾ ਗਿਆ। ਮੋਦੀਖ਼ਾਨੇ ਵਾਲੀ ਅਸਲ ਥਾਂ ਵੀ ਢਹਿ-ਢੇਰੀ ਕਰ ਦਿੱਤੀ ਗਈ। ਦੇਸ਼ ਵੰਡ ਕਾਰਨ ਪਾਕਿਸਤਾਨ ਵਿਚ ਰਹਿ ਗਈਆਂ ਬਹੁਤ ਸਾਰੀਆਂ ਸਿੱਖ ਵਿਰਾਸਤ ਨਾਲ ਜੁੜੀਆਂ ਇਮਾਰਤਾਂ ਵੀ ਸਾਡੇ ਇਨ੍ਹਾਂ ਕਥਿਤ 'ਕਾਰ-ਸੇਵਾ' ਵਾਲਿਆਂ ਦੀਆਂ ਨਜ਼ਰਾਂ ਤੋਂ ਨਹੀ ਬਚ ਸਕੀਆਂ। 'ਸੰਗਮਰਮਰੀ ਚੋਲਾ' ਪਹਿਨ ਚੁੱਕੀਆਂ ਇਨ੍ਹਾਂ ਇਮਾਰਤਾਂ ਵਿਚ ਗੁਰੂ ਰਾਮਦਾਸ ਜੀ ਦਾ ਜਨਮ ਅਸਥਾਨ ਗੁਰਦੁਆਰਾ ਚੂਨਾ ਮੰਡੀ ਲਾਹੌਰ ਵੀ ਹੈ। ਨਨਕਾਣਾ ਸਾਹਿਬ ਵਿਚ ਗੁਰੂ ਨਾਨਕ ਦੇਵ ਜੀ ਦੇ ਜਨਮ ਸਥਾਨ ਵਾਲੇ ਗੁਰਦੁਆਰਾ ਸਾਹਿਬ ਦੀ ਪੁਰਾਤਨ ਦਿੱਖ ਨਾਲ ਵੀ ਛੇੜਛਾੜ ਕੀਤੀ ਗਈ ਹੈ। ਵੱਡਾ ਸਵਾਲ ਹੈ ਕਿ ਕਾਰਸੇਵਾ ਦੇ ਨਾਮ 'ਤੇ ਨਿੱਤ ਦਿਨ ਸਿੱਖ ਵਿਰਾਸਤੀ ਧਰੋਹਰਾਂ ਨੂੰ ਖਤਮ ਕਰ ਕੇ ਸਿੱਖਾਂ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਆਖਿਰ ਕਿਹੜਾ ਰੋਲ ਨਿਭਾ ਰਹੀ ਹੈ? ਸਵਾਲ ਇਹ ਵੀ ਪੈਦਾ ਹੁੰਦਾ ਹੈ ਕਿ ਕੀ ਸ਼੍ਰੋਮਣੀ ਕਮੇਟੀ ਉਕਤ ਪੁਰਾਤਨ ਵਿਰਾਸਤੀ ਦਰਸ਼ਨੀ ਡਿਉਢੀ ਦੀ ਮਹਾਨਤਾ ਤੋਂ ਅਣਜਾਣ ਸੀ? ਕੀ ਸ਼੍ਰੋਮਣੀ ਕਮੇਟੀ ਨੇ ਉਕਤ ਡਿਉਢੀ ਦੀ ਹਾਲਤ ਬਾਰੇ ਮਾਹਿਰਾਂ ਤੋਂ ਕੋਈ ਨਿਰੀਖਣ ਕਰਾਇਆ? ਕੀ ਉਸ ਨੂੰ ਢਾਹ ਕੇ ਨਵ-ਉਸਾਰੀ ਦੀ ਲੋੜ ਸੀ? ਇਹ ਸਵਾਲ ਤਾਂ ਵੀ ਅਹਿਮ ਹਨ ਕਿਉਂਕਿ ਸ਼੍ਰੋਮਣੀ ਕਮੇਟੀ ਕੋਲੋਂ ਕਥਿਤ 'ਕਾਰਸੇਵਾ' ਦੇ ਸਰਕਾਰੀ ਏਜੰਸੀਆਂ ਵਾਂਗ 'ਠੇਕੇ' ਲੈਣ ਲਈ ਮਾਰਾਮਾਰੀ ਹੋਣ ਦੀਆਂ ਖਬਰਾਂ ਵੀ ਹਨ। ਇਸ ਕਰ ਕੇ ਕਿਤੇ ਨਿੱਜੀ ਲਾਭ ਲਈ ਬਿਨਾ ਲੋੜ ਦੇ ਹੀ ਪੁਰਾਣੀਆਂ ਵਿਰਾਸਤੀ ਇਮਾਰਤਾਂ ਢਾਹ ਕੇ ਨਵੀਆਂ ਬਣਾਉਣ ਦਾ ਗੋਰਖਧੰਦਾ ਤਾਂ ਨਹੀਂ ਚੱਲ ਰਿਹਾ? ਕਈ ਵਿਦਵਾਨਾਂ ਦਾ ਤਾਂ ਇਹ ਵੀ ਮੱਤ ਹੈ ਕਿ ਇਹ ਕਿਸੇ ਗਹਿਰੀ ਸਾਜ਼ਿਸ਼ ਤਹਿਤ ਹੋ ਰਿਹਾ ਹੈ। ਉਨ੍ਹਾਂ ਮੁਤਾਬਕ ਇਹ ਵਰਤਾਰਾ ਸਿੱਖਾਂ ਦੇ ਇਤਿਹਾਸ ਨੂੰ ਮਿਥਿਹਾਸ 'ਚ ਬਦਲਣ ਲਈ ਕੀਤਾ ਜਾ ਰਿਹਾ ਹੈ। ਇਸ ਤਰ੍ਹਾਂ ਸਿੱਖਾਂ ਦੀਆਂ ਆਉਣ ਵਾਲੀਆਂ ਪੀੜ੍ਹੀਆਂ ਸਿੱਖ ਇਤਿਹਾਸ ਨੂੰ ਸਮਝਣ ਤੇ ਮਹਿਸੂਸ ਕਰਨ ਤੋਂ ਬੇਲਾਗ ਰਹਿ ਜਾਣ। ਬੇਸ਼ੱਕ ਸ਼੍ਰੋਮਣੀ ਕਮੇਟੀ ਵਿਦਿਅਕ ਤੇ ਮੈਡੀਕਲ ਸੰਸਥਾਵਾਂ ਖੋਲ੍ਹਣ ਸਮੇਤ ਬਹੁਤ ਸਾਰੇ ਸਮਾਜ ਸੇਵਾ ਦੇ ਕਾਰਜ ਕਰਦੀ ਹੈ। ਸਿੱਖ ਪੰਥ ਦੀ ਪ੍ਰਤੀਨਿਧ ਸੰਸਥਾ ਹੋਣ ਕਾਰਨ ਦੇਸ਼-ਵਿਦੇਸ਼ 'ਚ ਵਿਚਰ ਰਹੇ ਸਿੱਖ ਭਾਈਚਾਰੇ ਨੂੰ ਦਰਪੇਸ਼ ਮੁਸ਼ਕਲਾਂ ਵਿਚ ਵੀ ਇਹ ਅਹਿਮ ਰੋਲ ਨਿਭਾਉਂਦੀ ਹੈ ਪਰ ਇਸ ਦੀ ਬੁਨਿਆਦੀ ਜ਼ਿੰਮੇਵਾਰੀ ਸਿੱਖ ਗੁਰਧਾਮਾਂ ਦੀ ਸੇਵਾ-ਸੰਭਾਲ ਕਰਨੀ ਹੀ ਹੈ। ਅੰਗਰੇਜ਼ ਰਾਜ ਸਮੇਂ ਮਹੰਤਾਂ ਤੋਂ ਗੁਰਧਾਮਾਂ ਨੂੰ ਆਜ਼ਾਦ ਕਰਵਾਉਣ ਤੋਂ ਬਾਅਦ ਸ਼੍ਰੋਮਣੀ ਕਮੇਟੀ ਦੀ ਸਥਾਪਨਾ ਪ੍ਰਮੁੱਖ ਰੂਪ ਵਿਚ ਗੁਰਦੁਆਰਾ ਪ੍ਰਬੰਧ ਨੂੰ ਸੰਭਾਲਣ ਵੱਜੋਂ ਹੀ ਹੋਈ ਸੀ। ਆਪਣੇ ਮੂਲ ਕਾਰਜ ਪ੍ਰਤੀ ਇਸ ਦਾ ਇਹ ਅਵੇਸਲਾਪਨ ਸਿੱਖਾਂ ਨੂੰ ਬਹੁਤ ਮਹਿੰਗਾ ਪੈ ਚੁੱਕਾ ਹੈ। ਸਿੱਖ ਧਰਮ ਵਿਚ ਕਾਰਸੇਵਾ ਆਪਣੇ ਆਪ ਵਿਚ ਇਕ ਬਹੁਤ ਵੱਡਾ ਮਹਾਨ ਕਾਰਜ ਹੈ ਪਰ ਜਾਣੇ ਅਨਜਾਣੇ 'ਚ ਕਾਰਸੇਵਾ ਦੇ ਨਾਮ 'ਤੇ ਅਸੀ ਉਹ ਕੁਝ ਨਸ਼ਟ ਕਰ ਚੁੱਕੇ ਹਾਂ, ਜਿਸ ਦੀ ਭਰਪਾਈ ਨਹੀਂ ਹੋ ਸਕਦੀ। ਵਿਸ਼ਵ ਦੇ ਸਾਰੇ ਹੀ ਧਰਮਾਂ ਨੇ ਆਪਣੇ ਪੁਰਾਤਨ ਸਥਾਨਾਂ ਨੂੰ ਆਉਣ ਵਾਲੀਆਂ ਪੀੜ੍ਹੀਆਂ ਲਈ ਸੰਭਾਲ ਕੇ ਰੱਖਿਆ ਹੋਇਆ ਹੈ। ਸਾਨੂੰ ਸਮਝਣਾ ਚਾਹੀਦਾ ਹੈ ਕਿ ਪੁਰਾਤਨ ਇਮਾਰਤਾਂ ਮਹਿਜ਼ ਇੱਟਾਂ-ਸੀਮਿੰਟ ਜਾਂ ਮਿੱਟੀ ਦਾ ਸੁਮੇਲ ਹੀ ਨਹੀਂ ਹੁੰਦੀਆਂ ਹਨ, ਸਗੋਂ ਇਹਨਾਂ ਦਾ ਕਿਸੇ ਵੀ ਕੌਮ ਦੇ ਇਤਿਹਾਸ, ਵਿਚਾਰਧਾਰਾ ਤੇ ਸੱਭਿਅਤਾ ਨੂੰ ਮੂਰਤੀਮਾਨ ਕਰਨ ਨਾਲ ਵੀ ਅਟੁੱਟ ਰਿਸ਼ਤਾ ਹੁੰਦਾ ਹੈ।

# ਸਮੁੱਚੀ ਮਾਨਵਤਾ ਤੇ ਵਿਸ਼ਵ ਕਲਿਆਣ ਲਈ ਸਿੱਖੀ ਦਾ ਹੋਕਾ ਜ਼ਰੂਰੀ

**ਅਜੋਕੀ ਸਿੱਖ ਲੀਡਰਸ਼ਿਪ ਤਾਂ ਸੁਆਰਥੀ, ਲੋਭੀ, ਲਾਲਚੀ, ਪਾਖੰਡੀ, ਭ੍ਰਿਸ਼ਟ ਤੇ ਸਿੱਖੀ ਦੀ ਮਹਾਨ ਵਿਰਾਸਤ ਤੋਂ ਭੱਜੀ ਹੋਈ ਹੈ ਪਰ ਅੱਜ ਕੋਈ ਗੁਰੂ ਦਾ ਸਿੱਖ ਵੀ ਗੁਰੂ ਦੇ ਗਿਆਨ ਵਾਲੀ ਰੋਸ਼ਨੀ ਨਾਲ ਜਗਮਗਾਉਂਦਾ ਨਹੀਂ ਦਿਸਦਾ। ਇਸੇ ਕਾਰਨ ਅਸੀਂ ਮੰਗਵੀਂ ਰੋਸ਼ਨੀ ਲੈਣ ਲਈ ਤਰਲੋ-ਮੱਛੀ ਹੋ ਰਹੇ ਹਾਂ। ਮੰਨਿਆ ਕਿ ਸਿੱਖੀ ਦਾ ਮਾਰਗ ਔਖਾ ਹੈ, ਇਸ ਉਤੇ ਚੱਲਣ ਲਈ ਲਾਲਚ, ਹਉਮੈ ਤੇ ਤ੍ਰਿਸ਼ਨਾ ਦਾ ਤਿਆਗ ਕਰਨਾ ਪੈਂਦਾ ਹੈ, ਆਪਣਾ ਹੰਕਾਰ ਛੱਡਣਾ ਪੈਣਾ ਹੈ ਤੇ ਤਲਵਾਰ ਦੀ ਧਾਰ ਤੋਂ ਤੇਜ਼ ਧਾਰ ਉਤੇ ਤੁਰਨਾ ਪੈਂਦਾ ਹੈ, ਪ੍ਰੰਤੂ ਆਪਣੇ ਵਿਰਸੇ ਦੀ ਮਹਾਨਤਾ ਤੋਂ ਟੁੱਟ ਕੇ, ਅਸੀਂ ਕਿਹੜੀ ਪ੍ਰਾਪਤੀ ਕਰਾਂਗੇ? ਉਨ੍ਹਾਂ ਸਿੱਖਾਂ ਨੂੰ ਜਿਨ੍ਹਾਂ ਦੇ ਮਨ 'ਚ ਅੱਜ ਵੀ ਸਿੱਖੀ ਪ੍ਰਤੀ ਮਾੜਾ ਮੋਟਾ ਦਰਦ ਅਤੇ ਸਾਡੇ ਮਹਾਨ ਗੁਰੂਆਂ ਤੇ ਸ਼ਹੀਦਾਂ ਦੀਆਂ ਕੁਰਬਾਨੀਆਂ ਦੇ ਕਰਜ਼ੇ ਦਾ ਅਹਿਸਾਸ ਹੈ, ਉਨ੍ਹਾਂ ਨੂੰ ਕੁਝ ਸੋਚਣਾ ਪਵੇਗਾ ਕਿ ਗੁਰੂਆਂ ਦੀ ਵਰੋਸਾਈ ਇਸ ਧਰਤ ਉਤੇ ਸਿੱਖੀ ਸਿਧਾਤਾਂ ਅਤੇ ਵਿਰਸੇ ਨੂੰ 'ਮਨਫ਼ੀ' ਕਰਕੇ ਕੀ ਅਸੀਂ ਕੋਈ ਪ੍ਰਾਪਤੀ ਕਰ ਸਕਾਂਗੇ?**



**ਜਸਪਾਲ ਸਿੰਘ ਹੇਰਾਂ**





ਜਿਹੜਾ ਪੰਥ ਗਿਆਨ ਦਾ, ਕੁਰਬਾਨੀ ਦਾ, ਬਹਾਦਰੀ ਦਾ, ਦ੍ਰਿੜ੍ਹਤਾ ਦਾ, ਤਿਆਗ ਦਾ, ਚਾਨਣ ਮੁਨਾਰਾ ਸੀ ਅੱਜ ਉਸ ਨੂੰ ਮੰਗਵੀਂ ਰੋਸ਼ਨੀ ਉਹ ਵੀ ਦੁਸ਼ਮਣ ਤਾਕਤਾਂ ਤੋਂ ਲੈਣ ਦੀ ਲੋੜ ਕਿਉਂ ਪੈ ਗਈ ਹੈ? ਅੱਜ ਤੋਂ ਲੱਗਭੱਗ ਛੇ ਸਦੀਆਂ ਪਹਿਲਾਂ ਦੁਨੀਆ ਦੇ ਮਹਾਨ ਇਨਕਲਾਬੀ ਰਹਿਬਰ, ਜਗਤ ਗੁਰੂ, ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਹਾਕਮਾਂ ਦੇ ਜਬਰ-ਜ਼ੁਲਮ ਊਚ-ਨੀਚ ਤੇ ਰਿਸ਼ਵਤਖੋਰੀ ਵਿਰੁੱਧ ਅਵਾਜ਼ ਬੁਲੰਦ ਕੀਤੀ ਸੀ, ਜਿਹੜੀ ਪੂਰੇ ਬ੍ਰਹਿਮੰਡ 'ਚ ਗੂੰਜੀ ਸੀ। ਦੱਬੇ ਕੁਚਲੇ ਲੋਕਾਂ ਨੂੰ ਪਹਿਲੀ ਵਾਰ ਆਪਣੇ ਇਨਸਾਨ ਹੋਣ ਦਾ ਅਹਿਸਾਸ ਹੋਇਆ ਸੀ। ਉਨ੍ਹਾਂ ਨੂੰ ਜਾਪਿਆ ਸੀ ਕਿ ਉਹ ਵੀ ਧਾਰਮਿਕ ਰਾਜਸੀ ਆਗੂਆਂ ਵਾਂਗ ਉਨ੍ਹਾਂ ਦੇ ਬਰਾਬਰ ਦੇ ਹੀ ਧਰਤੀ ਦੇ ਜੀਵ ਹਨ। ਉਸ ਸਮੇਂ ਦੇ ਬ੍ਰਾਹਮਣ, ਕਾਜ਼ੀਆਂ ਨੂੰ ਜਿਹੜੇ ਉਦੋਂ ਧਰਤੀ ਦੇ ਰੱਬ ਸਮਝੇ ਜਾਂਦੇ ਸੀ, ਬਾਬਾ ਨਾਨਕ ਨੇ ਰਿਸ਼ਵਤੀ ਤੇ ਵੱਢੀ ਖੋਰ ਆਖ਼ ਕੇ, ਉਨ੍ਹਾਂ ਦੀ ਖ਼ੋਖਲੀ ਸਥਾਪਤੀ ਨੂੰ ਜਿਥੇ ਸਿੱਧੀ ਚੁਣੌਤੀ ਦਿੱਤੀ ਸੀ, ਉੱਥੇ ਆਮ ਲੋਕਾਂ 'ਚ ਇਸ ਜ਼ਾਲਮ ਤੇ ਭ੍ਰਿਸ਼ਟ ਟੋਲੇ ਵਿਰੁੱਧ ਖੜ੍ਹਾ ਹੋਣ ਦੀ ਹਿੰਮਤ ਪੈਦਾ ਕੀਤੀ ਸੀ। ਇਸ ਨਾਲ ਧਰਤੀ ਦੇ ਹਰ ਮਨੁੱਖ 'ਚ ਬਰਾਬਰੀ ਦਾ ਅਹਿਸਾਸ ਜਾਗਿਆ ਸੀ। ਇਸ ਧਰਤੀ ਦੇ ਇਨ੍ਹਾਂ ਮਹਾਨ ਰਹਿਬਰਾਂ ਨੇ ਅੱਜ ਤੋਂ 6 ਸਦੀਆਂ ਪਹਿਲਾਂ, ਸੁੱਤੇ ਲੋਕਾਂ ਨੂੰ ਜਗਾਇਆ ਸੀ, ਮੌਕੇ ਦੇ ਭ੍ਰਿਸ਼ਟ ਸਮਾਜਿਕ ਪ੍ਰਬੰਧ ਨੂੰ ਵੰਗਾਰਦਿਆਂ ਅਖੌਤੀ ਨੀਵੀਆਂ ਜਾਤਾਂ ਨਾਲ ਯਾਰੀ ਲਾਈ ਸੀ ਅਤੇ ਉਨ੍ਹਾਂ ਨੂੰ ਸਿਰਦਾਰੀਆਂ ਬਖ਼ਸ ਕੇ ਮਾਨਸਿਕ ਤੇ ਸਰੀਰਕ ਗੁਲਾਮੀ ਤੋਂ ਮੁਕਤ ਕਰਨ ਦਾ ਯਤਨ ਕੀਤਾ ਸੀ।

> **ਅੱਜ ਉਸ ਧਰਤੀ ਦੇ ਵਿਹੜੇ 'ਚ ਉਸ ਇਨਕਲਾਬੀ ਗੀਤ ਨੂੰ ਗਾਉਣ ਵਾਲਾ, ਸਿੱਖੀ ਦੀ ਵਾਲਹੁ ਨਿੱਕੀ, ਖੰਡਿਓ ਤਿੱਖੀ ਧਾਰ 'ਤੇ ਤੁਰਨ ਵਾਲਾ ਕੋਈ ਵਿਖਾਈ ਨਹੀਂ ਦੇ ਰਿਹਾ। ਜਿਹੜਾ ਪੰਜਾਬ 'ਗੁਰੂਆਂ ਦੇ ਨਾਮ 'ਤੇ ਜਿਊਂਦਾ ਸੀ, ਅੱਜ ਉੱਥੇ ਸਿੱਖੀ ਦੀ ਬਾਤ ਪਾਉਣੀ ਹੀ ਵਿਸਰ ਗਈ ਹੈ। ਜ਼ੁਲਮ, ਜਬਰ ਤੇ ਭ੍ਰਿਸ਼ਟਾਚਾਰ ਵਿਰੁੱਧ ਅਸੀਂ ਮੋਮਬੱਤੀਆਂ ਫੜ ਕੇ ਤੁਰਨ ਨੂੰ ਤਾਂ ਕਾਹਲੇ ਹਾਂ, ਪ੍ਰੰਤੂ ਆਪਣੇ ਉਸ ਮਹਾਨ ਇਨਕਲਾਬੀ ਵਿਰਸੇ ਦੀ ਗੱਲ, ਜਿਸ ਨੇ ਸਰਬੱਤ ਦੇ ਭਲੇ ਵਾਲਾ ਵਿਸ਼ਵ ਸਿਰਜਣਾ ਹੈ, ਉਸ ਨੂੰ ਭੁੱਲ ਵਿਸਰ ਗਏ ਹਾਂ।**

ਅੱਜ ਉਸ ਧਰਤੀ ਦੇ ਵਿਹੜੇ 'ਚ ਉਸ ਇਨਕਲਾਬੀ ਗੀਤ ਨੂੰ ਗਾਉਣ ਵਾਲਾ, ਸਿੱਖੀ ਦੀ ਵਾਲਹੁ ਨਿੱਕੀ, ਖੰਡਿਓ ਤਿੱਖੀ ਧਾਰ 'ਤੇ ਤੁਰਨ ਵਾਲਾ ਕੋਈ ਵਿਖਾਈ ਨਹੀਂ ਦੇ ਰਿਹਾ। ਜਿਹੜਾ ਪੰਜਾਬ 'ਗੁਰੂਆਂ ਦੇ ਨਾਮ 'ਤੇ ਜਿਊਂਦਾ ਸੀ, ਅੱਜ ਉੱਥੇ ਸਿੱਖੀ ਦੀ ਬਾਤ ਪਾਉਣੀ ਹੀ ਵਿਸਰ ਗਈ ਹੈ। ਜ਼ੁਲਮ, ਜਬਰ ਤੇ ਭ੍ਰਿਸ਼ਟਾਚਾਰ ਵਿਰੁੱਧ ਅਸੀਂ ਮੋਮਬੱਤੀਆਂ ਫੜ ਕੇ ਤੁਰਨ ਨੂੰ ਤਾਂ ਕਾਹਲੇ ਹਾਂ, ਪ੍ਰੰਤੂ ਆਪਣੇ ਉਸ ਮਹਾਨ ਇਨਕਲਾਬੀ ਵਿਰਸੇ ਦੀ ਗੱਲ, ਜਿਸ ਨੇ ਸਰਬੱਤ ਦੇ ਭਲੇ ਵਾਲਾ ਵਿਸ਼ਵ ਸਿਰਜਣਾ ਹੈ, ਉਸ ਨੂੰ ਭੁੱਲ ਵਿਸਰ ਗਏ ਹਾਂ। ਸਿੱਖੀ ਦਾ ਸੰਦੇਸ਼ ਤੇ ਉਪਦੇਸ਼ ਸਮੁੱਚੀ ਲੋਕਾਈ ਲਈ ਹੈ। ਨਿਤਾਣਿਆਂ ਨੂੰ ਤਾਣ, ਨਿਮਾਣਿਆਂ ਨੂੰ ਮਾਣ, ਨਿਓਟਿਆਂ ਨੂੰ ਓਟ ਅਤੇ ਨਿਥਾਵਿਆਂ ਨੂੰ ਥਾਵ ਦੇਣ ਦਾ ਨਾਅਰਾ, ਵਿਸ਼ਵ 'ਚ ਸਭ ਤੋਂ ਪਹਿਲਾਂ ਸਿੱਖ ਗੁਰੂ ਸਾਹਿਬਾਨ ਨੇ ਹੀ ਲਾਇਆ ਸੀ। ਮਲਕ ਭਾਗੋ ਦੇ ਸਾਹਮਣੇ ਭਾਈ ਲਾਲੋ ਨੂੰ ਉੱਚਾ ਰੁਤਬਾ ਦੇ ਕੇ, ਲੁਟੇਰੀ ਜਮਾਤ ਨੂੰ ਕਿਰਤ ਉਤੇ ਮਾਣ ਕਰਨ ਦਾ ਸਬਕ ਸਿਖਾਇਆ ਸੀ। ਇਸ ਮਾਰਗ ਤੋਂ ਸਾਡੀ ਕੌਮ ਥਿੜਕ ਗਈ ਜਾਪਦੀ ਹੈ, ਜਿਸ ਕਾਰਨ ਸਿੱਖੀ ਦੇ ਵਿਹੜੇ ਵਿਚ ਨਿਰਾਸਤਾ ਤੇ ਉਦਾਸੀ ਦਾ ਪ੍ਰਛਾਵਾ ਵਿਖਾਈ ਦੇਣ ਲੱਗਾ ਹੈ। ਹਾਲ ਦੀ ਘੜੀ ਇਸ ਨੂੰ ਦੂਰ ਕਰਨ ਲਈ ਕਿਸੇ ਲਹਿਰ ਦੀ ਕਿਧਰੋਂ ਵੀ ਕੋਈ ਆਹਟ ਨਹੀਂ ਸੁਣਾਈ ਦੇ ਰਹੀ ਹੈ। ਸਿੱਖੀ ਕਿਰਦਾਰ ਤੇ ਸਿੱਖ ਵਿਰਾਸਤ ਨੂੰ ਅਸੀਂ ਭੁੱਲ ਵਿਸਰ ਕਿਉਂ ਰਹੇ ਹਾਂ? ਗੁਰਬਾਣੀ ਦਾ ਇਨਕਲਾਬੀ ਸੰਕਲਪ ਹੁਣ ਸਾਨੂੰ ਸਮਝ ਆਉਣੋਂ ਕਿਉਂ ਹਟ ਗਿਆ ਹੈ? ਗੁਰਬਾਣੀ, ਅਧਿਆਤਮਕ ਅਧਾਰ ਤੇ ਪਿਛੋਕੜ ਦੇ ਬਾਵਜੂਦ, ਸਮਾਜਿਕ, ਸੱਭਿਆਚਾਰ, ਰਾਜਨੀਤਕ ਤੇ ਜਾਬਰ ਹਕੂਮਤ ਵਿਰੁੱਧ ਇਕ ਜਮਾਤੀ ਸੰਘਰਸ਼ ਹੈ ਅਤੇ ਇਸ ਮਾਰਗ ਤੋਂ ਇਲਾਵਾ ਮਾਨਵਤਾ ਦੀ ਭਲਾਈ ਤੇ ਦੁਖਿਆਰਿਆਂ ਦੇ ਦੁੱਖ ਦੂਰ ਕਰਨ ਦਾ ਹੋਰ ਕੋਈ ਰਾਹ ਨਹੀਂ ਹੈ। ਫਿਰ ਵੀ ਅਸੀਂ ਇਸ ਮਾਰਗ 'ਤੇ ਚੱਲਣ ਲਈ ਜਾਣਬੁੱਝ ਕੇ ਅੰਨ੍ਹੇ ਕਿਉਂ ਬਣ ਰਹੇ ਹਾਂ? ਪਹਿਲੀ ਪਾਤਸ਼ਾਹੀ ਦੇ ਭਾਈ ਲਾਲੋ ਨੇ ਦਸਮੇਸ਼ ਪਿਤਾ ਦੇ ਸਿਰਲੱਥ ਸੂਰਮੇ ਦੇ ਰੂਪ 'ਚ ਹੱਕ, ਸੱਚ ਤੇ ਇਨਸਾਫ਼ ਲਈ ਸ਼ਹੀਦੀਆਂ ਦਾ ਇਤਿਹਾਸ ਸਿਰਜਿਆ ਹੈ। ਸੰਸਾਰ ਦੇ ਇਤਿਹਾਸ ਵਿਚ ਅਜਿਹਾ ਸੂਰਮਾ, ਯੋਧਾ ਤੇ ਰੱਬੀ ਸ਼ਖ਼ਸੀਅਤ ਦਾ ਸੁਆਮੀ ਨਹੀਂ, ਜਿਸ ਨੇ 'ਸਰਬੰਸਦਾਨੀ' ਵਾਂਗ ਸਰਬੰਸ ਵਾਰ ਕੇ ਫਿਰ ਜ਼ਫ਼ਰਨਾਮੇ (ਜਿੱਤ ਦੀ ਚਿੱਠੀ) ਵਰਗੀ ਮਹਾਨ ਰਚਨਾ ਕੀਤੀ ਹੋਵੇ। ਅਜੋਕੀ ਸਿੱਖ ਲੀਡਰਸ਼ਿਪ ਤਾਂ ਸੁਆਰਥੀ, ਲੋਭੀ, ਲਾਲਚੀ, ਪਾਖੰਡੀ, ਭ੍ਰਿਸ਼ਟ ਤੇ ਸਿੱਖੀ ਦੀ ਮਹਾਨ ਵਿਰਾਸਤ ਤੋਂ ਭੱਜੀ ਹੋਈ ਹੈ ਪਰ ਅੱਜ ਕੋਈ ਗੁਰੂ ਦਾ ਸਿੱਖ ਵੀ ਗੁਰੂ ਦੇ ਗਿਆਨ ਵਾਲੀ ਰੋਸ਼ਨੀ ਨਾਲ ਜਗਮਗਾਉਂਦਾ ਨਹੀਂ ਦਿਸਦਾ। ਇਸੇ ਕਾਰਨ ਅਸੀਂ ਮੰਗਵੀਂ ਰੋਸ਼ਨੀ ਲੈਣ ਲਈ ਤਰਲੋ-ਮੱਛੀ ਹੋ ਰਹੇ ਹਾਂ। ਮੰਨਿਆ ਕਿ ਸਿੱਖੀ ਦਾ ਮਾਰਗ ਔਖਾ ਹੈ, ਇਸ ਉਤੇ ਚੱਲਣ ਲਈ ਲਾਲਚ, ਹਉਮੈ ਤੇ ਤ੍ਰਿਸ਼ਨਾ ਦਾ ਤਿਆਗ ਕਰਨਾ ਪੈਂਦਾ ਹੈ, ਆਪਣਾ ਹੰਕਾਰ ਛੱਡਣਾ ਪੈਣਾ ਹੈ ਤੇ ਤਲਵਾਰ ਦੀ ਧਾਰ ਤੋਂ ਤੇਜ਼ ਧਾਰ ਉਤੇ ਤੁਰਨਾ ਪੈਂਦਾ ਹੈ, ਪ੍ਰੰਤੂ ਆਪਣੇ ਵਿਰਸੇ ਦੀ ਮਹਾਨਤਾ ਤੋਂ ਟੁੱਟ ਕੇ, ਅਸੀਂ ਕਿਹੜੀ ਪ੍ਰਾਪਤੀ ਕਰਾਂਗੇ? ਉਨ੍ਹਾਂ ਸਿੱਖਾਂ ਨੂੰ ਜਿਨ੍ਹਾਂ ਦੇ ਮਨ 'ਚ ਅੱਜ ਵੀ ਸਿੱਖੀ ਪ੍ਰਤੀ ਮਾੜਾ ਮੋਟਾ ਦਰਦ ਅਤੇ ਸਾਡੇ ਮਹਾਨ ਗੁਰੂਆਂ ਤੇ ਸ਼ਹੀਦਾਂ ਦੀਆਂ ਕੁਰਬਾਨੀਆਂ ਦੇ ਕਰਜ਼ੇ ਦਾ ਅਹਿਸਾਸ ਹੈ, ਉਨ੍ਹਾਂ ਨੂੰ ਕੁਝ ਸੋਚਣਾ ਪਵੇਗਾ ਕਿ ਗੁਰੂਆਂ ਦੀ ਵਰੋਸਾਈ ਇਸ ਧਰਤ ਉਤੇ ਸਿੱਖੀ ਸਿਧਾਤਾਂ ਅਤੇ ਵਿਰਸੇ ਨੂੰ 'ਮਨਫ਼ੀ' ਕਰਕੇ ਕੀ ਅਸੀਂ ਕੋਈ ਪ੍ਰਾਪਤੀ ਕਰ ਸਕਾਂਗੇ? ਜੇ ਜਵਾਬ ਨਹੀਂ 'ਚ ਹੈ ਤਾਂ ਪੰਜਾਬ 'ਚੋਂ ਗੁਰੂ ਸਾਹਿਬਾਨ ਦੀ ਇਨਕਲਾਬੀ ਸੋਚ ਦਾ ਹੋਕਾ ਮੁੜ ਤੋਂ ਗੂੰਜਣਾ ਚਾਹੀਦਾ ਹੈ, ਜਿਹੜਾ ਇਸ ਦੇਸ਼ ਦੇ ਹੱਦਾਂ-ਬੰਨੇ ਨੂੰ ਟੱਪ ਕੇ ਪੂਰੇ ਵਿਸ਼ਵ 'ਚ ਗੂੰਜੇ। ਜਗਤ ਬਾਬਾ ਗੁਰੂ ਨਾਨਕ ਸਾਹਿਬ ਵੱਲੋਂ ਬਖਸ਼ੇ ਨਾਮ ਜਪੋ, ਕਿਰਤ ਕਰੋ, ਵੰਡ ਛਕੋ ਦੇ ਸਿਧਾਂਤ ਨੂੰ ਸਮੁੱਚੀ ਮਾਨਵਤਾ ਤੇ ਵਿਸ਼ਵ ਸਮਾਜ ਦੇ ਕਲਿਆਣ ਲਈ ਅਪਨਾਉਣ ਦੀ ਤਤਪਰਤਾ ਹੀ ਸਿੱਖ ਸਮਾਜ ਦੀ ਮੌਜੂਦਾ ਅਧੋਗਤੀ ਵਾਲੀ ਹਾਲਤ ਵਿਚੋਂ ਨਿਕਲਣ ਦਾ ਵਸੀਲਾ ਬਣ ਸਕਦੀ ਹੈ।

# ਭਾਰਤ-ਪਾਕਿ ਦੇ ਖਤਰਨਾਕ ਹਾਲਾਤ 'ਤੇ ਗੰਭੀਰ ਚਿੰਤਨ ਦੀ ਲੋੜ



**ਡਾ. ਸੁਰਿੰਦਰ ਮੰਡ**
ਤਲਵਾੜਾ (ਹੁਸ਼ਿਆਰਪੁਰ)
ਸੰਪਰਕ : 94173 24543



ਪੁਲਵਾਮਾ (ਕਸ਼ਮੀਰ) ਵਿੱਚ ਕਸ਼ਮੀਰੀ ਮੁੰਡੇ ਆਦਿਲ ਵੱਲੋਂ ਦੋ ਢਾਈ ਕਵਿੰਟਲ ਆਰਡੀਐਕਸ ਲੈ ਕੇ ਆਤਮਘਾਤੀ ਵਿਸਫੋਟ ਨਾਲ ਸੀਆਰਪੀ. ਕਾਫਲੇ ਦੇ 44 ਜਵਾਨਾਂ ਨੂੰ ਮਾਰ ਦੇਣ ਤੋਂ ਬਾਅਦ ਦਾ ਘਟਨਾਕ੍ਰਮ ਬੇਹੱਦ ਖਤਰਨਾਕ ਮੋੜ ਲੈ ਗਿਆ ਹੈ। ਭਾਰਤ ਸਰਕਾਰ ਨੇ ਇਸ ਨੂੰ ਪਾਕਿਸਤਾਨ ਵੱਲੋਂ ਕੀਤਾ ਹਮਲਾ ਆਖ ਕੇ ਰਾਤ ਨੂੰ ਬਾਲਾਕੋਟ ਅਤੇ ਹੋਰ ਥਾਂਈ ਮਸੂਦ ਅਜ਼ਹਰ ਦੀ ਜਥੇਬੰਦੀ ਜੈਸ਼-ਏ-ਮੁਹੰਮਦ ਦੇ ਟਿਕਾਣਿਆਂ ਉੱਤੇ ਕਥਿਤ ਤੌਰ 'ਤੇ ਹਵਾਈ ਹਮਲਾ ਕੀਤਾ ਤੇ ਅਗਲੇਰੇ ਦਿਨ ਪਾਕਿਸਤਾਨ ਵੱਲੋਂ ਦਿਨ ਦੀਵੀਂ 24 ਜਹਾਜ਼ਾਂ ਨਾਲ ਭਾਰਤੀ ਫੌਜ ਦੇ ਟਿਕਾਣਿਆਂ ਵੱਲ ਫੇਰਾ ਪਾ ਕੇ ਖਾਲੀ ਥਾਵਾਂ ਉਤੇ ਬੰਬ ਸੁੱਟ ਕੇ ਮੋੜਵਾਂ ਸੰਕੇਤਕ ਜਵਾਬ ਦੇਣ ਦਾ ਦਾਅਵਾ ਕੀਤਾ ਗਿਆ। ਇਸ ਕਸ਼ਮਕਸ਼ ਵਿੱਚ ਦੋਵਾਂ ਦੇਸ਼ਾਂ ਦਾ ਇਕ-ਇਕ ਲੜਾਕੂ ਜਹਾਜ਼ ਤਬਾਹ ਹੋਇਆ। ਓਧਰ ਇਕ ਭਾਰਤੀ ਪਾਇਲਟ ਅਭਿਨੰਦਨ ਫੜਿਆ ਗਿਆ ਤੇ ਮਗਰੋਂ 60 ਘੰਟਿਆਂ ਬਾਅਦ ਹੀ ਇਮਰਾਨ ਖਾਨ ਵੱਲੋਂ ਸ਼ਾਂਤੀ ਦੇ ਕਦਮ ਦੀ ਪਹਿਲ ਵਜੋਂ ਬਾਇੱਜ਼ਤ ਭਾਰਤ ਨੂੰ ਸੌਂਪ ਦਿੱਤਾ ਗਿਆ। ਨਾਲ ਫੌਜ ਵੱਲੋਂ ਅਭਿਨੰਦਨ ਦੇ ਬੇਟੇ ਦੇ ਨਾਮ ਇਕ ਜਜ਼ਬਾਤੀ ਕਿਸਮ ਦਾ ਪ੍ਰੇਮ ਪੱਤਰ ਵੀ ਭੇਜਿਆ ਗਿਆ। ਇਮਰਾਨ ਖਾਨ ਨੇ ਨਰਿੰਦਰ ਮੋਦੀ ਨੂੰ ਜੰਗ ਤੋ ਬਚਣ ਅਤੇ ਆਪਸੀ ਗੱਲਬਾਤ ਨਾਲ ਮਸਲੇ ਸੁਲਝਾਉਣ ਦਾ ਸੰਦੇਸ਼ ਵੀ ਦਿੱਤਾ। ਇਸ ਨਾਲ ਫਿਲਹਾਲ ਇਕ ਵਾਰ ਤਾਂ ਜੰਗ ਟਲ ਗਈ ਲਗਦੀ ਹੈ। ਅੰਤਰਰਾਸ਼ਟਰੀ ਬਰਾਦਰੀ, ਦੋਵਾਂ ਮੁਲਕਾਂ ਦੇ ਬਸ਼ਿੰਦਿਆਂ, ਫੌਜੀਆਂ ਦੇ ਘਰਦਿਆਂ ਅਤੇ ਬਾਰਡਰ ਦੇ ਲੋਕਾਂ ਨੇ ਸੁੱਖ ਦਾ ਸਾਹ ਲਿਆ ਹੈ। ਇਹ ਹਾਲਾਤ ਆਰਜ਼ੀ ਹੀ ਹਨ ਕਿਉਂਕਿ ਸਰਕਾਰ ਦੇ ਚਹੇਤੇ ਖਬਰਾਂ ਦੇ ਚੈਨਲਾਂ ਵੱਲੋਂ ਜੰਗ ਲਾਉਣ ਦਾ ਮਹੌਲ ਬੰਨ੍ਹਣ ਦੀਆਂ ਲਗਾਤਾਰ ਕੋਸ਼ਿਸ਼ਾਂ, ਨਰਿੰਦਰ ਮੋਦੀ ਵੱਲੋਂ ਚੋਣ ਰੈਲੀਆਂ ਵਿਚ ਫੌਜੀ ਕਾਰਵਾਈ ਦੀਆਂ ਧਮਕੀਆਂ ਅਤੇ ਜੰਮੂ ਸੈਕਟਰ ਵਿਚ ਸਰਹੱਦ ਉਤੇ ਹੋ ਰਹੀ ਦੁਵੱਲੀ ਗੋਲਾਬਾਰੀ ਤੋਂ ਲਗਦਾ ਹੈ ਕਿ ਮਹੌਲ ਕੋਈ ਵੀ ਕਰਵਟ ਲੈ ਸਕਦਾ ਹੈ। ਤੇ ਇਹ ਭਾਰਤ ਪਾਕਿਸਤਾਨ ਦੇ ਲੋਕਾਂ ਲਈ ਗੰਭੀਰ ਚਿੰਤਨ ਦਾ ਵਿਸ਼ਾ ਹੈ। ਪਾਕਿਸਤਾਨ ਨੂੰ ਪਹਿਲੀ ਕਸ਼ਮੀਰ ਨੀਤੀ ਬਦਲਣੀ ਪੈਣੀ ਹੈ। ਤੱਤੇ ਵਹਿਣ ਵਿਚ ਮਗਰੇ ਰੁੜ੍ਹਨ ਦੀ ਥਾਂ ਇਸ ਮਸਲੇ ਦੀ ਜੜ ਨੂੰ ਸਮਝਣ ਦੀ ਲੋੜ ਹੈ। ਜੜ 'ਤੇ ਸੱਟ ਮਾਰਿਆਂ ਹੀ ਨਫਰਤ ਦੇ ਦਰੱਖ਼ਤ ਨੇ ਮੁਰਝਾਉਣਾ ਹੈ। ਸਿਰਫ ਕਰੂੰਬਲਾਂ ਭੋਰਨ ਨਾਲ ਇਹ ਦਰੱਖ਼ਤ ਹੋਰ ਸੰਘਣਾ ਹੁੰਦਾ ਜਾ ਰਿਹਾ ਹੈ ਤੇ ਨਾਲ ਹੀ ਇਸ ਨਫਰਤ ਦੇ ਰੁੱਖ ਨੂੰ ਸਿੰਜਣ ਵਾਲਿਆਂ ਦੀ ਪਛਾਣ ਵੀ ਜ਼ਰੂਰੀ ਹੈ।

ਸੰਨ 1978 ਤੋਂ ਪਹਿਲਾ ਅਫ਼ਗਾਨਿਸਤਾਨ ਵਿਚ ਅੱਤਵਾਦ ਦਾ ਕੋਈ ਨਾਮ ਨਿਸ਼ਾਨ ਨਹੀਂ ਸੀ। ਉਥੋਂ ਦੀ ਖੱਬੇ ਪੱਖੀ ਸਰਕਾਰ ਨੂੰ ਖਤਮ ਕਰਨ ਲਈ ਪਾਕਿਸਤਾਨ ਦੇ ਫੌਜੀ ਸ਼ਾਸ਼ਕ ਜਿਆ-ਉਲ-ਹੱਕ ਨਾਲ ਮਿਲ ਕੇ 'ਅਲਕਾਇਦਾ' ਤੇ ਤਾਲਿਬਾਨ ਵਰਗੀਆਂ ਜੱਥੇਬੰਦੀਆਂ ਅਮਰੀਕਾ ਨੇ ਖੜ੍ਹੀਆਂ ਕੀਤੀਆਂ । ਹਥਿਆਰ ਪੈਸਾ ਅਤੇ ਟਰੇਨਿੰਗ ਦਿੱਤੀ ਪਰ ਅੱਜ ਅਮਰੀਕਾ ਤੇ ਪਾਕਿਸਤਾਨ ਖੁਦ ਇਸ ਅੱਗ ਵਿਚ ਝੁਲਸ ਰਹੇ ਹਨ। ਇਸੇ ਤਰ੍ਹਾਂ ਇਰਾਕ ਵਿਚ ਸੱਦਾਮ ਹੁਸੈਨ ਦੀ ਸਰਕਾਰ ਵੇਲੇ ਤਕ ਕੋਈ ਅੱਤਵਾਦ ਨਹੀਂ ਸੀ। ਇਰਾਕ, ਲਿਬੀਆ, ਸੀਰੀਆ ਤੇ ਇਰਾਨ ਵਿਚ ਲੱਖਾਂ ਭਾਰਤੀ ਖੁਸ਼ੀ-ਖੁਸ਼ੀ ਜਾਂਦੇ ਅਤੇ ਕੰਮ ਕਰਦੇ ਸਨ। ਅਮਰੀਕਾ ਨੇ ਆਪਣੇ ਆਪ ਨੂੰ ਇੱਕੋ ਇੱਕ ਮਹਾਂ ਸ਼ਕਤੀ ਹੋਣ ਦਾ ਭਰਮ ਪਾਲਦਿਆਂ ਇਹਨਾ ਮੁਲਕਾਂ ਦੀਆਂ ਅਸਹਿਮਤ ਸਰਕਾਰਾਂ ਨੂੰ ਖਤਮ ਕਰਨ ਦੀ ਨੀਤੀ ਅਪਣਾਈ। ਕਾਰਵਾਈ ਅਰੰਭੀ ਤੇ ਬਹਾਨੇ ਸਭ ਝੂਠ ਸਨ। ਇਰਾਕ ਅਤੇ ਲਿਬੀਆ ਦੀਆਂ ਸਰਕਾਰਾਂ ਨੂੰ ਖਤਮ ਕਰ ਦਿੱਤਾ। ਸੀਰੀਆ ਵਿਚ ਦਰਮਿਆਨ ਰੂਸ ਦੇ ਆ ਖਲੋਣ ਕਰਕੇ ਸਫਲਤਾ ਨਹੀਂ ਮਿਲੀ ਤੇ ਇਰਾਨ ਨਾਲ ਵੀ ਤਣਾਅ ਚੱਲ ਰਿਹਾ ਹੈ।

ਇਸ ਧੱਕੇਸ਼ਾਹੀ ਅਤੇ ਰਾਜਨੀਤਕ ਖਲਾਅ ਵਿਚੋਂ ਬਗਦਾਦੀ ਦੀ ਅਗਵਾਈ ਵਿਚ ਆਈਐੱਸਆਈਐੱਸ ਵਰਗੀ ਜਥੇਬੰਦੀ ਉਭਰੀ। ਇਹ ਵੱਡੀਆਂ ਮਹਾਸ਼ਕਤੀਆਂ ਨਾਲ ਸਿੱਧੀ ਫੌਜੀ ਲੜਾਈ ਵਿਚ ਕੁੱਦੀ। ਇਸ ਨੂੰ ਸੰਸਾਰ ਦੀ ਸਭ ਤੋਂ ਸਮਰੱਥ ਅਤੇ ਖਤਰਨਾਕ ਅੱਤਵਾਦੀ ਜਥੇਬੰਦੀ ਐਲਾਨਿਆ ਗਿਆ। ਕਹਿੰਦੇ ਬਗਦਾਦੀ ਅਜੇ ਵੀ ਜਿਊਂਦਾ ਹੈ।

ਹੁਣ ਤਕ ਜ਼ਾਹਿਰ ਹੈ ਕਿ ਅਲਕਾਇਦਾ, ਤਾਲਿਬਾਨ ਅਤੇ ਆਈਐੱਸ ਦਾ ਭਾਰਤ ਨਾਲ ਕੋਈ ਟਕਰਾਅ ਨਹੀਂ ਪਰ ਇਨ੍ਹਾਂ ਨਾਲ ਭਾਰਤ ਦੇ ਸਿੰਗ ਫਸਾਉਣ ਲਈ ਝੂਠੀਆਂ ਅਫ਼ਵਾਹਾਂ/ ਖਬਰਾਂ ਫੈਲਾਉਣ ਦੇ ਯਤਨ ਹੋਏ ਹਨ। ਸਾਡੇ ਲੀਡਰਾਂ ਵੱਲੋਂ ਵੀ ਕੋਈ ਕਸਰ ਨਹੀਂ ਰਹੀ, ਸ਼ੁਕਰ ਕਿ ਹਾਲੇ ਤਕ ਬਚਾਅ ਹੈ। ਮੇਰਾ ਮੰਨਣਾ ਹੈ ਕਿ ਭਾਰਤ ਕਿਸੇ ਵੱਡੇ ਮੁਲਕ ਦੇ ਚੁੱਕੇ ਚੁਕਾਏ ਅੰਤਰਰਾਸ਼ਟਰੀ ਅੱਤਵਾਦ ਨੂੰ ਖਤਮ ਕਰਨ ਦਾ ਚੈਂਪੀਅਨ ਬਣਨ ਦਾ ਭਰਮ ਨਾ ਪਾਲੇ। ਇਹ ਸ਼ਰਾਰਤ ਹੈ ਤੇ ਸਾਜਿਸ਼ ਹੈ ਮੁਲਕ ਖਿਲਾਫ। ਭਾਰਤ ਆਪਣਾ ਘਰ ਸੰਭਾਲੇ ਤੇ ਇੱਥੋਂ ਦੇ ਮਸਲਿਆਂ ਨੂੰ ਆਪਣੇ ਬੁੱਧ ਵਿਵੇਕ ਨਾਲ ਨਜਿੱਠੇ, ਆਪਣਿਆਂ ਵਾਂਗੂੰ। ਖਾਸ ਕਰਕੇ ਇਹ ਵੀ ਸਮਝੇ ਕਿ ਹਰ ਇਕ ਵਿਚ ਜਾਨ ਹੈ, ਹਰ ਇਕ ਨੂੰ ਪੀੜ ਹੁੰਦੀ ਹੈ। ਮਰਨ ਦਾ ਚਾਅ ਨਹੀਂ ਹੁੰਦਾ ਕਿਸੇ ਨੂੰ ਵੀ। ਬਸ਼ਰਤੇ ਕਿ ਜਦ ਤਕ ਜ਼ਿੰਦਗੀ ਮੌਤ ਤੋਂ ਵੀ ਬਦਤਰ ਨਾ ਲੱਗਣ ਲੱਗ ਪਵੇ।

ਕਸ਼ਮੀਰ 'ਚ ਪਹਿਲਾ ਬੰਬ ਧਮਾਕਾ ਸੰਨ 1987 ਵਿੱਚ ਹੋਇਆ ਸੀ। ਉਸ ਤੋਂ ਪਹਿਲਾਂ ਤਕ ਸਾਡੀ ਕੇਂਦਰ ਸਰਕਾਰ ਦੀ ਕਸ਼ਮੀਰ ਨੀਤੀ ਦੀ ਖਿੱਦੋ ਜੇ ਫਰੋਲਾਂਗੇ ਤਾਂ ਉਸ ਵਿਚੋਂ ਵੀ ਬੜਾ ਕੁਛ ਨਿਕਲੂ ਪਰ ਇਹ ਅਲੱਗ ਪੂਰਾ ਵਿਸ਼ਾ, ਫਿਰ ਸਹੀ। ਹੁਣ ਧੂੰਆਂਧਾਰ ਪ੍ਰਚਾਰ ਇਹ ਹੈ ਕਿ ਕਿਉਂਕਿ ਪਾਕਿਸਤਾਨ ਵੱਲੋਂ ਫੈਲਾਇਆ ਜਾ ਰਿਹਾ ਅੱਤਵਾਦ ਹੈ, ਇਸ ਕਰਕੇ ਦੋਵੇਂ ਮੁਲਕ ਟਕਰਾਅ ਅਤੇ ਜੰਗ ਵੱਲ ਵਧ ਰਹੇ ਹਨ। ਪਰ ਦੋਵੇਂ ਮੁਲਕ ਤਾਂ ਸੰਨ 1965 ਤੇ 1971 ਦੀ ਜੰਗ ਵੀ ਲੜ ਚੁੱਕੇ ਹਨ, ਉਦੋਂ ਕਿਹੜਾ ਅੱਤਵਾਦ ਸੀ ? ਮੌਜੂਦਾ ਹਿੰਸਾ ਦਾ ਦੌਰ ਤਾਂ ਸੰਨ 1987 ਤੋਂ ਸ਼ੁਰੂ ਹੋਇਆ। ਸੱਚ ਤਾਂ ਇਹ ਹੈ ਕਿ ਦੋਵਾਂ ਮੁਲਕਾਂ ਦੇ ਖਰਾਬ ਆਪਸੀ ਸਬੰਧਾਂ ਦੀ ਵਜਾਹ ਕਰਕੇ ਹੀ ਕਸ਼ਮੀਰ ਵਿਚ ਹਿੰਸਾ ਹੋ ਰਹੀ ਹੈ।

ਮੰਨ ਲਿਆ ਕਿ ਕਸ਼ਮੀਰ ਦਾ ਮਸਲਾ ਪੇਚੀਦਾ ਹੈ, ਹੱਲ ਕਰਨ ਵਿਚ ਮੁਸ਼ਕਲਾਂ ਹਨ ਪਰ ਤਾਂ ਵੀ ਲੋੜ ਇਸ ਗੱਲ ਦੀ ਹੈ ਕਿ ਕਸ਼ਮੀਰ ਮਸਲੇ ਦੇ ਹੁੰਦਿਆਂ ਵੀ ਬਾਕੀ ਸਾਰੇ ਖੇਤਰਾਂ ਵਿਚ ਸਬੰਧ ਸੁਧਾਰਨ ਵੱਲ ਨਿਰੰਤਰ ਅੱਗੇ ਵਧਿਆ ਜਾਵੇ। ਸੁਧਰੇ ਸਬੰਧਾਂ ਦੀਆਂ ਬਰਕਤਾਂ ਦੀ ਰੌਸ਼ਨੀ ਨਫ਼ਰਤ ਦੇ ਹਨੇਰਿਆਂ ਨੂੰ ਦੂਰ ਭਜਾਉਂਦੀ ਹੈ। ਘਰ ਸੰਭਾਲੀਏ। ਨਫ਼ਰਤ ਹੀ ਹਿੰਸਾ ਦੀ ਖੁਰਾਕ ਹੈ। ਦੋਵਾਂ ਪਾਸਿਆਂ ਦੇ ਕੱਟੜ ਰਾਜਨੀਤਕ ਲੋਕਾਂ ਦੀ ਰਾਜਸੀ ਖੁਰਾਕ ਵੀ ਹੈ ਇਹ ਨਫ਼ਰਤ। ਜਦ ਇਕ ਪਾਸੇ ਦਾ ਕੱਟੜ, ਨਫ਼ਰਤ ਦੇ ਤੀਰ ਛੱਡੇ ਤਾਂ ਦੂਜੇ ਪਾਸੇ ਵਾਲਿਆਂ ਨੂੰ ਚਾਅ ਚੜ੍ਹਦਾ ਹੈ, ਕਿਉਂਕਿ ਆਪਣੇ-ਆਪ ਉਨ੍ਹਾਂ ਦੇ ਹੱਕ 'ਚ ਮਹੌਲ ਬੱਝਦਾ ਹੈ। ਇੰਜ ਇਹ ਵੇਖਣ ਨੂੰ ਦੁਸ਼ਮਣ ਲੱਗਦੇ ਹਨ ਪਰ ਇਹ ਇਕ ਦੂਜੇ ਦੇ ਸਭ ਤੋਂ ਵੱਡੇ ਗੁੱਝੇ ਸਿਆਸੀ ਮਿੱਤਰ ਹਨ।

ਦੂਜੇ ਪਾਸੇ ਜਦ ਵੀ ਗੱਲਬਾਤ ਲਈ ਦੋਵੇਂ ਦੇਸ਼ ਜ਼ਰਾ ਅੱਗੇ ਵਧਦੇ ਹਨ ਤਾਂ ਵਿਚ ਕੋਈ ਵਾਰਦਾਤ ਹੋ ਜਾਂਦੀ ਹੈ। ਸੋ ਮੰਨ ਲਿਆ ਜਾਵੇ ਕਿ ਦੋਵੇਂ ਮੁਲਕ ਕਥਿਤ ਅੱਤਵਾਦੀਆਂ ਦੇ ਮਨਸੂਬਿਆਂ ਦੇ ਮੂਜਬ ਹੀ ਗੱਲਬਾਤ ਮਨਸੂਖ ਕਰਕੇ ਇਵੇਂ ਲੜਨ ਘੁਲਣ ਲੱਗ ਪੈਂਦੇ ਹਨ ਜਿਵੇਂ ਕਿਤੇ ਉਨ੍ਹਾਂ ਦੇ ਹੱਥਾਂ ਦੀਆਂ ਕਠਪੁਤਲੀਆਂ ਹੋਣ। ਇਹ ਕਿਧਰ ਦੀ ਅਕਲਮੰਦੀ ਹੈ। ਵੀਰੋ, ਮੁਲਕਾਂ ਨੂੰ ਕਈ ਵੇਲੇ ਜੰਗਾਂ ਲੜਨੀਆਂ ਪੈ ਵੀ ਜਾਂਦੀਆਂ ਹਨ ਪਰ ਜੰਗਾਂ ਕਦੀ ਵੀ ਜੰਗ ਦੇ ਚਾਅ ਵਜੋਂ ਸਹੀ ਸਾਬਤ ਨਹੀਂ ਕੀਤੀਆਂ ਜਾ ਸਕਦੀਆਂ। ਇਹ ਹੱਕ ਲਈ, ਸਵੈਮਾਣ ਵਜੋਂ ਮਜਬੂਰੀ ਵਿਚ ਲੜੀਆਂ ਅਤੇ ਜਿੱਤੀਆਂ ਜਾਂਦੀਆਂ ਹਨ। ਚੋਣ ਰੈਲੀਆਂ ਵਿਚ ਜੰਗ ਦੇ ਚਾਅ ਲਈ ਤਾੜੀਆਂ ਵੱਜਦੀਆਂ ਪਹਿਲੀ ਵਾਰ ਵੇਖ ਰਹੇ ਹਾਂ।

ਜੰਗ ਤਬਾਹੀ ਦਾ ਦੂਜਾ ਨਾਮ ਹੈ। ਜੰਗ ਦੀ ਭੱਠੀ 'ਚ ਗਰੀਬ ਮਾਵਾਂ ਦੇ ਪੁੱਤ ਲੱਖਾਂ ਦੀ ਗਿਣਤੀ 'ਚ ਬਾਲਣ ਬਣ ਕੇ ਮੱਚਦੇ ਹਨ, ਸੁਹਾਗ ਉਜੜਦੇ ਹਨ। ਇਸ ਦਾ ਅਹਿਸਾਸ ਪਰਿਵਾਰਾਂ ਵਾਲਿਆਂ ਅਤੇ ਬਾਲ ਬੱਚੇਦਾਰਾਂ ਨੂੰ ਹੋ ਸਕਦਾ ਹੈ, ਛੜੇ ਮਲੰਗਾਂ ਨੂੰ ਨਹੀਂ। ਜੰਗਾਂ ਅਮੀਰਾਂ ਦੇ ਮੁਨਾਫਿਆਂ ਖਾਤਰ ਵੀ ਲਗਦੀਆਂ ਹਨ। ਪਹਿਲੀ ਤੇ ਦੂਸਰੀ ਸੰਸਾਰ ਜੰਗ ਵਿਚ 9 ਕਰੋੜ ਲੋਕ ਮਰੇ। ਜਖ਼ਮੀਆਂ ਤੇ ਤਬਾਹੀ ਦਾ ਲੇਖਾ ਕੋਈ ਨਹੀਂ। ਹੁਣ ਉਹੀ ਸਭ ਦੇਸ਼ ਜੱਫੀਆਂ ਪਾ ਰਹੇ ਹਨ। ਸੋ ਭਾਰਤ-ਪਾਕਿਸਤਾਨ ਦੀ ਪ੍ਰਮਾਣੂ ਜੰਗ ਨਾਲ ਕਸ਼ਮੀਰ ਮਸਲੇ ਦਾ ਕਿਵੇਂ ਹੱਲ ਨਿਕਲੇਗਾ ? ਕੋਈ ਦੱਸੇ। ਭਰਾਵੋ, ਇਹ ਅਖੀਰੀ ਮਿਲ ਬੈਠ ਕੇ ਹੀ ਨਿਕਲੇਗਾ।

44 ਸੀਆਰਪੀ. ਜਵਾਨਾਂ ਦੀਆਂ ਜਾਨਾਂ ਜਾਣ ਦਾ ਅਤੇ ਉਨ੍ਹਾਂ ਦੇ ਘਰਾਂ ਦਾ ਏਨਾ ਹੀ ਫਿਕਰ ਹੈ ਤਾਂ ਜੋ ਵਾਜਪਾਈ ਸਰਕਾਰ ਨੇ 2004 ਤੋਂ ਇਨ੍ਹਾਂ ਸੀਆਰਪੀ. ਵਾਲਿਆਂ ਦੀ ਪੈਨਸ਼ਨ ਵੀ ਬੰਦ ਕਰਤੀ ਸੀ, ਉਹ ਪੈਨਸ਼ਨ ਹੀ ਮੋਦੀ ਸਰਕਾਰ ਉਨ੍ਹਾਂ ਨੂੰ ਵਾਪਸ ਦੇ ਦੇਵੇ। ਮਰਿਆਂ ਨੂੰ ਸ਼ਹੀਦ ਦਾ ਦਰਜਾ ਦੇ ਕੇ ਪੈਨਸ਼ਨ ਅਤੇ ਇਕ ਜੀਅ ਨੂੰ ਨੌਕਰੀ ਦੇਣ ਦਾ ਐਲਾਨ ਕਰੇ। ਮੋਦੀ ਤੋਂ ਪਹਿਲੀਆਂ ਸਭ ਸਰਕਾਰਾਂ ਕਸ਼ਮੀਰ 'ਚ ਜੋ ਵੀ ਵਾਰਦਾਤ ਜਾਂ ਘਟਨਾ ਹੁੰਦੀ ਸੀ, ਉਸ ਨੂੰ ਆਪ ਅੰਤਰਰਾਸ਼ਟਰੀ ਪੱਧਰ ਉਤੇ ਤੂਲ ਨਹੀਂ ਸੀ ਦਿੰਦੀਆਂ। ਏਥੋਂ ਤਕ ਕਿ ਪਾਰਲੀਮੈਂਟ ਉਤੇ ਹਮਲੇ ਵੇਲੇ ਅਤੇ ਕਾਰਗਿਲ ਘੁਸਪੈਠ ਅਤੇ ਸੀਮਤ ਜੰਗ ਦੇ ਵੇਲੇ ਵੀ, ਹਾਲਾਂਕਿ ਉਦੋਂ ਬੀਜੇਪੀ ਦੀ ਵਾਜਪਾਈ ਸਰਕਾਰ ਸੀ। ਅਕਸਰ ਭਾਰਤੀ ਸਰਕਾਰ ਕਹਿ ਦਿੰਦੀ ਸੀ ਕਿ ਇਹ ਸਾਡਾ ਦੋਵਾਂ ਮੁਲਕਾਂ ਦਾ ਆਪਸੀ ਮਸਲਾ ਹੈ ਤੇ ਅਸੀਂ ਵੀ ਤੇ ਪਾਕਿਸਤਾਨ ਵੀ ਸ਼ਿਮਲਾ ਸਮਝੌਤੇ ਤਹਿਤ ਆਪਸ 'ਚ ਮਿਲ ਬੈਠ ਕੇ ਇਸ ਨੂੰ ਹੱਲ ਕਰਨ ਦੇ ਪਾਬੰਦ ਹਾਂ ਤੇ ਕਰ ਲਵਾਂਗੇ। ਕਿਉਕਿ ਭਾਰਤ ਦੀ ਵਿਦੇਸ਼ ਨੀਤੀ ਹੈ ਕਿ ਇਹ ਕਸ਼ਮੀਰ ਦੇ ਕਿਸੇ ਵੀ ਮਾਮਲੇ ਵਿਚ ਅਮਰੀਕਾ ਜਾਂ ਦੂਜੇ ਮੁਲਕਾਂ ਦਾ ਦਖਲ ਨਹੀਂ ਚਹੁੰਦਾ ਪਰ ਇਹ ਪਹਿਲੀ ਵਾਰ ਹੋਇਆ ਹੈ ਕਿ ਇਸ ਬੇਸਮਝ ਮੋਦੀ ਸਰਕਾਰ ਨੇ ਇਸ ਨੂੰ ਆਪ ਹੀ ਪੂਰੇ ਵਿਸ਼ਵ ਦਾ ਮਸਲਾ ਬਣਾ ਦਿੱਤਾ।

ਜਦ ਦੋ ਪ੍ਰਮਾਣੂ ਸ਼ਕਤੀ ਦੇਸ਼ ਕਸ਼ਮੀਰ ਮੁੱਦੇ ਉੱਤੇ ਵੱਡੀ ਜੰਗ ਲਾਉਣ ਵੱਲ ਵਧਣਗੇ। ਪ੍ਰਮਾਣੂ ਜੰਗ ਵਰਗੀਆਂ ਸਿਰੇ ਦੀਆਂ ਬੜ੍ਹਕਾਂ ਮਾਰ ਕੇ ਗੱਲਾਂ ਦਾ ਕੜਾਹ ਕਰਨਗੇ ਤਾਂ ਵਿਸ਼ਵ ਤਾਂ 'ਵਰਲਡਵਾਰ' ਦੇ ਖਤਰੇ ਤੋਂ ਡਰਦਾ ਵਿਚ ਦਖਲ ਦੇਵੇਗਾ ਹੀ ਦੇਵੇਗਾ। ਉਹੀ ਹੁਣ ਹੋਇਆ ਕਿ ਟਰੰਪ , ਚੀਨ, ਸਾਊਦੀ ਅਰਬ, ਤੁਰਕੀ ਜੋ ਅੰਦਰੋਂ ਪਾਕਿਸਤਾਨ ਨਾਲ ਹਨ (ਇਹ ਬੀਜੇਪੀ ਲੀਡਰ ਸੁਬਰਾਮਨੀਅਨ ਸਵਾਮੀ ਵੀ ਕਹਿੰਦਾ) ਉਹ ਸਭ ਵਿਚ ਆ ਕੇ ਛੁਡਾਵੇ-ਵਿਚੋਲੇ ਬਣ ਗਏ ਹਨ। ਹੁਣ ਕਿਧਰ ਗਿਆ ਸ਼ਿਮਲਾ ਸਮਝੌਤਾ ? ਮੋਦੀ ਸਰਕਾਰ ਤਾਂ ਸ਼ਿਮਲਾ ਸਮਝੌਤੇ ਦੀ ਗੱਲ ਹੀ ਨਹੀਂ ਕਰਦੀ। ਭਾਰਤ 'ਚ ਲੀਡਰ ਬਣਨ ਦੇ ਪੈਮਾਨੇ ਦਾ ਹੁਣ ਅਹਿਸਾਸ ਹੋ ਰਿਹਾ ਹੈ ਸੂਝਵਾਨ ਲੋਕਾਂ ਨੂੰ। ਜਿਸ ਮਸੂਦ ਅਜਹਰ ਨੂੰ ਫੌਜ ਨੇ ਮਸਾਂ ਫੜਿਆ ਸੀ, ਉਸ ਨੂੰ ਬੀਜੇਪੀ ਵਾਲੇ ਆਪ ਹੀ ਕਾਬਲ ਛੱਡ ਕੇ ਆਏ ਸਨ। ਹੁਣ ਓਸੇ ਮਸੂਦ ਨੂੰ ਫੜਨ ਲਈ ਫਿਰ ਸਾਰੀ ਫੌਜ ਅਤੇ ਪੂਰੇ ਦੇਸ਼ ਨੂੰ ਵੱਡੀ ਜੰਗ ਵਿਚ ਸੁੱਟਣ ਦੀਆਂ ਬੜ੍ਹਕਾਂ ਸੁਣ ਰਹੇ ਹਾਂ। ਇਹੀ ਹਰ ਬੰਨਿਓਂ ਸੱਚੇ ਹੋ ਗਏ। ਸਰਕਾਰ ਦੇ ਚਹੇਤੇ ਖਬਰਾਂ ਦੇ ਚੈਨਲਾਂ ਵੱਲੋਂ ਪ੍ਰਚਾਰ ਹੈ ਕਿ ਪੁਲਵਾਮਾ ਨਾਲ ਮੋਦੀ ਦਾ ਵੱਡਾ ਸਿਆਸੀ ਉਭਾਰ ਹੋ ਗਿਆ ਹੈ। ਕਈ ਸਾਲਾਂ ਤੋਂ ਮੋਦੀ ਸਰਕਾਰ ਦੇ ਬਹੁਤ ਚਹੇਤੇ ਚੈਨਲਾਂ ਅਤੇ ਪਾਰਟੀ ਲੀਡਰਾਂ ਦੀ ਕਸ਼ਮੀਰ ਬਾਰੇ ਸੋਚ ਦੀ ਖਤਰਨਾਕ ਚਿੜਾਊ ਮਨਸ਼ਾ ਦੀ ਵਿਚਲੀ ਗੁੱਝੀ ਘੁੰਡੀ ਖੋਲ੍ਹੀਏ ਤਾਂ ਪਤਾ ਲਗਦਾ ਹੈ ਕਿ ਜੇ ਤਾਂ ਉਥੇ 10-20 ਦਿਨ ਕੋਈ ਵਾਰਦਾਤ ਨਾ ਹੋਵੇ ਤਾਂ ਬੜ੍ਹਕਾਂ ਮਾਰਨ ਲੱਗ ਪੈਂਦੇ ਹਨ ਕਿ 'ਅੱਤਵਾਦੀਆਂ ਅਤੇ ਪਾਕਿਸਤਾਨੀਆਂ ਦਾ ਲੱਕ ਤੋੜਤਾ, ਸੰਘੀ ਨੱਪਤੀ, ਹੁਣ ਹਿੱਲ ਕੇ ਵਖਾਓ' ਵਗੈਰਾ-ਵਗੈਰਾ ਅਤੇ ਜੇ ਫਿਰ ਵਾਰਦਾਤ ਹੋ ਜਾਵੇ ਤਾਂ ਫਿਰ ਦੂਜੇ ਰੁਖ ਨੂੰ ਭੜਕਾਉਣ ਦਾ ਮੌਕਾ ਹੱਥ ਆਇਆ ਸਮਝ ਕੇ ਬਿਆਨਬਾਜ਼ੀ ਕਰਨ ਲੱਗ ਪੈਂਦੇ ਹਨ, ਜਿਵੇਂ ਅੱਜ ਕੱਲ ਪੁਲਵਾਮਾ ਹਮਲੇ ਤੋਂ ਬਾਅਦ ਕੀਤਾ। ਸਿਆਣੇ ਲੋਕ ਜੰਗ ਦੇ ਆਰਜ਼ੀ ਰੌਲੇ ਥੱਲੇ ਆਪਣੇ ਅਸਲੀ ਮਸਲਿਆਂ (ਗਰੀਬੀ, ਬੇਰੁਜ਼ਗਾਰੀ, ਮਹਿੰਗਾਈ, ਵਿਦਿਆ, ਸਿਹਤ, ਭ੍ਰਿਸ਼ਟਾਚਾਰ, ਮਾਫੀਆ ਰਾਜ) ਨੂੰ ਦਫਨ ਕਰ ਦੇਣ ਦੀ ਆਗਿਆ ਨਾ ਹੀ ਦੇਣ, ਤਾਂ ਹੀ ਚੰਗਾ ਹੈ।

**ਜੰਗ ਤਬਾਹੀ ਦਾ ਦੂਜਾ ਨਾਮ ਹੈ। ਜੰਗ ਦੀ ਭੱਠੀ 'ਚ ਗਰੀਬ ਮਾਵਾਂ ਦੇ ਪੁੱਤ ਲੱਖਾਂ ਦੀ ਗਿਣਤੀ 'ਚ ਬਾਲਣ ਬਣ ਕੇ ਮੱਚਦੇ ਹਨ, ਸੁਹਾਗ ਉਜੜਦੇ ਹਨ। ਇਸ ਦਾ ਅਹਿਸਾਸ ਪਰਿਵਾਰਾਂ ਵਾਲਿਆਂ ਅਤੇ ਬਾਲ ਬੱਚੇਦਾਰਾਂ ਨੂੰ ਹੋ ਸਕਦਾ ਹੈ, ਛੜੇ ਮਲੰਗਾਂ ਨੂੰ ਨਹੀਂ। ਜੰਗਾਂ ਅਮੀਰਾਂ ਦੇ ਮੁਨਾਫਿਆਂ ਖਾਤਰ ਵੀ ਲਗਦੀਆਂ ਹਨ। ਪਹਿਲੀ ਤੇ ਦੂਸਰੀ ਸੰਸਾਰ ਜੰਗ ਵਿਚ 9 ਕਰੋੜ ਲੋਕ ਮਰੇ। ਜਖ਼ਮੀਆਂ ਤੇ ਤਬਾਹੀ ਦਾ ਲੇਖਾ ਕੋਈ ਨਹੀਂ। ਹੁਣ ਉਹੀ ਸਭ ਦੇਸ਼ ਜੱਫੀਆਂ ਪਾ ਰਹੇ ਹਨ। ਸੋ ਭਾਰਤ-ਪਾਕਿਸਤਾਨ ਦੀ ਪ੍ਰਮਾਣੂ ਜੰਗ ਨਾਲ ਕਸ਼ਮੀਰ ਮਸਲੇ ਦਾ ਕਿਵੇਂ ਹੱਲ ਨਿਕਲੇਗਾ ? ਕੋਈ ਦੱਸੇ। ਭਰਾਵੋ, ਇਹ ਅਖੀਰੀ ਮਿਲ ਬੈਠ ਕੇ ਹੀ ਨਿਕਲੇਗਾ।**



- **ਔਰਤ ਡਰੱਗ ਇੰਸਪੈਕਟਰ ਦਾ ਦਫਤਰ ਵਿਚ ਗੋਲੀਆਂ ਮਾਰ ਕੇ ਕਤਲ**
- **ਆਟੋ ਚਾਲਕ ਨੇ 7 ਸਾਲਾ ਵਿਦਿਆਰਥਣ ਨਾਲ ਕੀਤਾ ਬਲਾਤਕਾਰ**
- **ਪ੍ਰਾਪਰਟੀ ਡੀਲਰ ਤੇ ਉਸ ਦੇ ਸਾਥੀਆਂ ਵੱਲੋ ਔਰਤ ਨਾਲ ਸਮੂਹਿਕ ਬਲਾਤਕਾਰ**
- **ਪੰਜ ਸਾਲ ਦੀ ਬੱਚੀ ਨਾਲ ਜਬਰ ਜਨਾਹ ਕਰਨ ਦੇ ਦੋਸ਼ਾਂ ਵਿਚ ਬਜ਼ੁਰਗ ਨੂੰ ਉਮਰ ਕੈਦ**

# ਪੰਜਾਬ 'ਚ ਅਮਨ-ਕਾਨੂੰਨ ਦੀ ਸਥਿਤੀ ਵਿਗੜਨ ਲੱਗੀ



ਜਲੰਧਰ/ਬਿਊਰੋ ਨਿਊਜ਼ : ਪੰਜਾਬ ਵਿਚ ਖੇਤੀ ਵਿਚ ਖੜੋਤ ਆਉਣ ਤੇ ਸਨਅਤਾਂ ਬਿਮਾਰ ਹੋਣ ਕਾਰਨ, ਭ੍ਰਿਸ਼ਟ ਤੰਤਰ, ਬੇਰੁਜ਼ਗਾਰੀ ਤੇ ਨਸ਼ਿਆਂ ਦੇ ਪ੍ਰਕੋਪ ਕਾਰਨ ਅਮਨ ਕਾਨੂੰਨ ਦੀ ਸਥਿਤੀ ਵਿਗੜਨ ਲੱਗ ਪਈ ਹੈ। ਇਨ੍ਹਾਂ ਮਸਲਿਆਂ 'ਤੇ ਸਰਕਾਰਾਂ ਤੇ ਰਾਜਨੀਤਕ ਪਾਰਟੀਆਂ ਧਿਆਨ ਨਹੀਂ ਦੇ ਰਹੀਆਂ। ਇਸ ਕਾਰਨ ਪੰਜਾਬ ਵਿਚ ਅਪਰਾਧ ਤੇਜ਼ੀ ਨਾਲ ਖਤਰਨਾਕ ਰੂਪ ਵਿਚ ਵੱਧ ਰਹੇ ਹਨ। ਇਥੇ ਕਤਲਾਂ, ਡਕੈਤੀਆਂ, ਚੋਰੀਆਂ, ਆਪਸੀ ਹਿੰਸਕ ਝਗੜਿਆਂ ਅਤੇ ਜਬਰ-ਜਨਾਹ ਦੀਆਂ ਖ਼ਬਰਾਂ ਲਗਾਤਾਰ ਵਧ ਰਹੀਆਂ ਹਨ। ਵਪਾਰਕ ਅਦਾਰਿਆਂ ਵਿਚ ਡਾਕੇ ਪੈ ਰਹੇ ਹਨ। ਔਰਤਾਂ ਦਾ ਦਿੱਟੇ ਦਿਨ ਘਰੋਂ ਨਿਕਲਣਾ ਮੁਹਾਲ ਹੋ ਰਿਹਾ ਹੈ। ਉਨ੍ਹਾਂ ਦੇ ਪਰਸ ਅਤੇ ਪਾਏ ਗਹਿਣੇ ਸ਼ਰੇ ਬਾਜ਼ਾਰ ਲੁਟੇਰੇ ਖਿੱਚ ਖੋਹ ਕੇ ਫਰਾਰ ਹੋ ਜਾਂਦੇ ਹਨ। ਬੈਂਕਾਂ ਦੇ ਏ.ਟੀ.ਐਮ. ਕਿਤੇ ਵੀ ਸੁਰੱਖਿਅਤ ਨਹੀਂ ਹਨ।ਅਮਨ-ਕਾਨੂੰਨ ਦੀ ਚਰਮਰਾਉਂਦੀ ਵਿਵਸਥਾ ਨੂੰ ਸੰਭਾਲਣ ਵਿਚ ਸਰਕਾਰਾਂ ਅਸਮਰੱਥ ਹਨ। ਇਹ ਦ੍ਰਿਸ਼ ਬਹੁਤ ਨਿਰਾਸ਼ ਕਰਨ ਵਾਲਾ ਹੈ। ਖਤਰਨਾਕ ਘਟਨਾਵਾਂ ਵਾਪਰ ਰਹੀਆਂ ਹਨ।

ਪਿੰਡ ਜੀਓਬਾਲਾ ਤਰਨਤਾਰਨ ਵਿਚ ਨਸ਼ੇ ਦੀ ਓਵਰਡੋਜ਼ ਕਾਰਨ ਦੋ ਬੱਚਿਆਂ ਦੇ ਪਿਤਾ ਸੁਖਵਿੰਦਰ ਸਿੰਘ ਦੀ ਮੌਤ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ। ਪਰਿਵਾਰ ਨੇ ਮ੍ਰਿਤਕ ਦਾ ਅੰਤਿਮ ਸਸਕਾਰ ਤਾਂ ਕਰ ਦਿੱਤਾ ਹੈ, ਪਰ ਨਾਲ ਹੀ ਮੰਗ ਕੀਤੀ ਹੈ ਕਿ ਘਰਾਂ ਤਕ ਸਪਲਾਈ ਹੋ ਰਹੇ ਨਸ਼ੇ ਨੂੰ ਬੰਦ ਕਰਵਾਇਆ ਜਾਵੇ। ਮਰਨ ਵਾਲਾ ਚੰਗੇ ਕਾਰੋਬਾਰੀ ਪਰਿਵਾਰ ਨਾਲ ਸਬੰਧ ਰੱਖਦਾ ਸੀ।

## ਡਰੱਗ ਇੰਸਪੈਕਟਰ ਦਾ ਕਤਲ

ਖਰੜ ਦੇ ਸਿਵਲ ਹਸਪਤਾਲ ਸਥਿਤ ਡਰੱਗ, ਫੂਡ ਅਤੇ ਕੈਮੀਕਲ ਟੈਸਟਿੰਗ ਲੈਬਾਰਟਰੀ ਵਿੱਚ ਸਵੇਰੇ ਇੱਕ ਵਿਅਕਤੀ ਵੱਲੋਂ ਅੰਦਰ ਦਾਖਲ ਹੋ ਕੇ ਜ਼ੋਨਲ ਲਾਈਸੈਂਸਿੰਗ ਅਥਾਰਟੀ ਅਫਸਰ ਨੇਹਾ ਸ਼ੋਰੀ ਦਾ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ। ਹਮਲਾਵਰ ਮੌਕੇ ਤੋਂ ਭੱਜਿਆ ਪਰੰਤੂ ਉਸ ਨੂੰ ਸਥਾਨਕ ਲੋਕਾਂ ਵੱਲੋਂ ਘੇਰਾ ਪਾ ਲਿਆ ਗਿਆ। ਉਸ ਦਾ ਮੋਟਰਸਾਈਕਲ ਇੱਕ ਖੰਭੇ ਵਿੱਚ ਵੱਜਿਆ ਜਿਸ ਤੋਂ ਬਾਅਦ ਉਸ ਨੇ ਪਹਿਲਾਂ ਖੁਦ ਨੂੰ ਬਚਾਉਣ ਲਈ ਹਵਾ ਵਿੱਚ ਗੋਲੀ ਚਲਾਈ ਅਤੇ ਬਾਅਦ ਵਿੱਚ ਆਪਣੇ ਆਪ ਨੂੰ ਗੋਲੀ ਮਾਰ ਲਈ। ਪੁਲਸ ਫੋਰਸ ਨੇ ਦੋਵਾਂ ਜ਼ਖ਼ਮੀਆਂ ਨੂੰ ਸਥਾਨਕ ਹਸਪਤਾਲ ਭਿਜਵਾਇਆ ਜਿੱਥੋਂ ਡਾਕਟਰਾਂ ਵੱਲੋਂ ਉਹਨਾਂ ਨੂੰ ਪੀ ਜੀ ਆਈ ਭਿਜਵਾ ਦਿੱਤਾ ਗਿਆ। ਜਾਣਕਾਰੀ ਅਨੁਸਾਰ ਇਸ ਘਟਨਾ ਵਿੱਚ ਡਰੱਗ ਇੰਸਪੈਕਟਰ ਨੇਹਾ ਸ਼ੋਰੀ ਅਤੇ ਹਮਲਾਵਰ ਦੋਵਾਂ ਦੀ ਹੀ ਮੌਤ ਹੋ ਗਈ ਹੈ। ਮ੍ਰਿਤਕ ਨੇਹਾ ਸ਼ਾਦੀਸ਼ੁਦਾ ਅਤੇ ਪੰਚਕੂਲਾ ਦੀ ਵਸਨੀਕ ਸੀ ਤੇ ਉਸਦੀ ਇਕ ਬੇਟੀ ਵੀ ਹੈ। ਜ਼ਿਲ੍ਹਾ ਪੁਲਸ ਮੁਖੀ ਹਰਚਰਨ ਸਿੰਘ ਭੁੱਲਰ ਨੇ ਦੱਸਿਆ ਕਿ ਇਹ ਕਤਲ ਦਸ ਸਾਲ ਪੁਰਾਣੀ ਰੰਜਿਸ਼ ਦਾ ਨਤੀਜਾ ਹੈ। ਉਨ੍ਹਾਂ ਕਿਹਾ ਕਿ ਮੁਲਜ਼ਮ ਬਲਵਿੰਦਰ ਸਿੰਘ ਸਾਲ 2009 ਵਿੱਚ ਮੋਰਿੰਡਾ ਵਿੱਚ ਜਸਪ੍ਰੀਤ ਮੈਡੀਕਲ ਸਟੋਰ ਨਾਂਅ ਦੀ ਕੈਮਿਸਟ ਦੀ ਦੁਕਾਨ ਚਲਾਉਂਦਾ ਸੀ, ਉਦੋਂ ਡਾ. ਸ਼ੋਰੀ ਰੋਪੜ ਵਿੱਚ ਡਰੱਗ ਇੰਸਪੈਕਟਰ ਵਜੋਂ ਤਾਇਨਾਤ ਸਨ। ਡਾ. ਸ਼ੋਰੀ ਨੇ 29 ਸਤੰਬਰ 2009 ਨੂੰ ਜਸਪ੍ਰੀਤ ਮੈਡੀਕਲ ਸਟੋਰ ਉਤੇ ਛਾਪਾ ਮਾਰਿਆ ਸੀ, ਜਿਸ ਦੌਰਾਨ ਉਥੋਂ ਨਸ਼ੇ ਲਈ ਵਰਤੀਆਂ ਜਾਂਦੀਆਂ 35 ਤਰ੍ਹਾਂ ਦੀਆਂ ਦਵਾਈਆਂ ਬਰਾਮਦ ਹੋਈਆਂ ਸਨ, ਜਿਨ੍ਹਾਂ ਸਬੰਧੀ ਕੋਈ ਦਸਤਾਵੇਜ਼ ਨਹੀਂ ਸਨ। ਇਸ ਕਾਰਨ ਡਾ. ਸ਼ੋਰੀ ਨੇ ਜਸਪ੍ਰੀਤ ਮੈਡੀਕਲ ਸਟੋਰ ਦਾ ਲਾਇਸੈਂਸ ਰੱਦ ਕਰ ਦਿੱਤਾ ਸੀ। ਸ. ਭੁੱਲਰ ਨੇ ਦੱਸਿਆ ਕਿ ਮੁਲਜ਼ਮ ਇਹ ਪਿਸਤੌਲ ਲੈ ਕੇ ਸਿਵਲ ਹਸਪਤਾਲ ਖਰੜ ਵਿੱਚ ਸਥਿਤ ਡਰੱਗ, ਫੂਡ ਐਂਡ ਕੈਮੀਕਲ ਟੈਸਟਿੰਗ ਲੈਬਾਰਟਰੀ ਵਿੱਚ ਪੁੱਜਿਆ, ਜਿੱਥੇ ਉਸ ਨੇ ਜ਼ੋਨਲ ਲਾਇਸੈਂਸਿੰਗ ਅਥਾਰਟੀ ਡਾ. ਨੇਹਾ ਸ਼ੋਰੀ ਨੂੰ ਤਿੰਨ ਗੋਲੀਆਂ ਮਾਰੀਆਂ। ਇਸ ਮਗਰੋਂ ਉਸ ਨੇ ਫਰਾਰ ਹੋਣ ਦੀ ਕੋਸ਼ਿਸ਼ ਕੀਤੀ ਤਾਂ ਲੈਬ ਦੇ ਸਟਾਫ ਤੇ ਹੋਰ ਲੋਕਾਂ ਨੇ ਉਸ ਨੂੰ ਘੇਰ ਲਿਆ। ਪਹਿਲਾਂ ਤਾਂ ਉਸ ਨੇ ਪਿਸਤੌਲ ਦਿਖਾ ਕੇ ਲੋਕਾਂ ਨੂੰ ਡਰਾਉਣ ਦੀ ਕੋਸ਼ਿਸ਼ ਕੀਤੀ ਪਰ ਵਾਹ ਨਾ ਚਲਦੀ ਦੇਖ ਕੇ ਉਸ ਨੇ ਆਪਣੇ ਆਪ ਨੂੰ ਗੋਲੀ ਮਾਰ ਲਈ।

## ਬਲਾਤਕਾਰੀ ਨੂੰ ਉਮਰ ਕੈਦ

ਵਧੀਕ ਸੈਸ਼ਨ ਜੱਜ ਜਸਜੀਤ ਸਿੰਘ ਭਿੰਡਰ ਦੀ ਅਦਾਲਤ ਨੇ ਛੇ ਮਹੀਨੇ ਪਹਿਲਾਂ ਪੰਜ ਸਾਲਾ ਬੱਚੀ ਨਾਲ ਜਬਰ ਜਨਾਹ ਕਰਨ ਵਾਲੇ ਬੱਚੀ ਦੇ ਰਿਸ਼ਤੇਦਾਰ 63 ਸਾਲਾ ਬਜ਼ੁਰਗ ਪਾਲਾ ਸਿੰਘ ਨੂੰ ਉਮਰ ਕੈਦ ਅਤੇ 75 ਹਜ਼ਾਰ ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਹੈ। ਜੁਰਮਾਨਾ ਰਾਸ਼ੀ ਵਿਚੋਂ 50 ਹਜ਼ਾਰ ਰੁਪਏ ਪੀੜਤ ਲੜਕੀ ਨੂੰ ਮਿਲਣਗੇ। ਡੀ. ਐਸ. ਪੀ. ਲਹਿਰਾ ਬੂਟਾ ਸਿੰਘ ਗਿੱਲ ਨੇ ਦੱਸਿਆ ਕਿ ਪੀੜਤ 5 ਸਾਲਾ ਬੱਚੀ ਦੀ ਮਾਂ ਨੇ ਸ਼ਿਕਾਇਤ ਦਰਜ ਕਰਵਾਈ ਸੀ ਕਿ 3 ਸਤੰਬਰ ਨੂੰ ਉਹ ਖੇਤਾਂ ਵਿਚ ਪਸ਼ੂਆਂ ਲਈ ਪੱਠੇ ਲੈਣ ਗਈ ਹੋਈ ਸੀ, ਜਦ ਕਰੀਬ 4 ਵਜੇ ਸ਼ਾਮ ਵਾਪਸ ਆਈ ਤਾਂ ਬੱਚੀ ਘਰ ਨਹੀਂ ਸੀ । ਉਹ ਬੱਚੀ ਨੂੰ ਦੇਖਣ ਲਈ ਗੁਆਂਢ ਵਿਚ ਆਪਣੀ ਭੈਣ ਦੇ ਘਰ ਜੋ ਜਠਾਣੀ ਵੀ ਲੱਗਦੀ ਸੀ, ਦੇ ਘਰ ਦੇਖਣ ਗਈ ਤਾਂ ਉਥੇ ਭੈਣ ਦਾ ਸਹੁਰਾ ਪਾਲਾ ਸਿੰਘ ਬੱਚੀ ਨਾਲ ਕੁਕਰਮ ਕਰ ਰਿਹਾ ਸੀ । ਰੌਲਾ ਪੈਣ 'ਤੇ ਉਹ ਭੱਜ ਗਿਆ। ਪੁਲਿਸ ਨੇ ਪਾਲਾ ਉਸ ਨੂੰ ਗ੍ਰਿਫ਼ਤਾਰ ਕਰ ਲਿਆ।

## ਡਰੱਗ ਕਾਰਨ ਨਾਲ ਨੌਜਵਾਨ ਦੀ ਮੌਤ

ਸਬ-ਡਵੀਜ਼ਨ ਪੱਟੀ ਦੇ ਪਿੰਡ ਕੁੱਲਾ ਵਿਖੇ ਇਕ ਨੌਜਵਾਨ ਹੈਪੀ ਦੀ ਵਾਧੂ ਨਸ਼ਾ ਕਰਨ ਨਾਲ ਮੌਤ ਹੋ ਗਈ। ਮ੍ਰਿਤਕ ਦੇ ਪਿਤਾ ਜਸਵੰਤ ਸਿੰਘ ਕਾਲਾ ਨੇ ਦੱਸਿਆ ਕਿ ਹਰਪ੍ਰੀਤ ਸਿੰਘ ਹੈਪੀ ਮਿਹਨਤ ਮਜ਼ਦੂਰੀ ਕਰਦਾ ਸੀ ਅਤੇ ਸ਼ਨਿਚਰਵਾਰ ਰਾਤ ਉਹ ਘਰ ਕਹਿ ਕੇ ਗਿਆ ਸੀ ਕਿ ਉਹ ਕਿਤੇ ਕੰਮ ਜਾ ਰਿਹਾ ਹੈ। ਕਾਫੀ ਸਮਾਂ ਬੀਤ ਜਾਣ 'ਤੇ ਵੀ ਜਦ ਉਹ ਵਾਪਸ ਨਹੀਂ ਆਇਆ ਤਾਂ ਉਨ੍ਹਾਂ ਉਸ ਦੀ ਭਾਲ ਸ਼ੁਰੂ ਕੀਤੀ। ਉਨ੍ਹਾਂ ਨੂੰ ਪਿੰਡ ਦੇ ਹੀ ਇਕ ਵਿਅਕਤੀ ਨੇ ਦੱਸਿਆ ਕਿ ਹਰਪ੍ਰੀਤ ਸਿੰਘ ਪਿੰਡ ਦੇ ਨਾਲ ਲੱਗਦੇ ਜੰਗਲਾਤ ਵਿਭਾਗ ਦੇ ਸਫੈਦਿਆਂ ਵਿਚ ਡਿੱਗਾ ਪਿਆ ਹੈ। ਉਹ ਉਸ ਨੂੰ ਚੁੱਕ ਕੇ ਘਰ ਲੈ ਕੇ ਆਏ ਪਰ ਉਦੋਂ ਤਕ ਉਸ ਦੀ ਮੌਤ ਹੋ ਚੁੱਕੀ ਸੀ। ਇਸ ਮੌਕੇ ਮ੍ਰਿਤਕ ਦੇ ਪਰਿਵਾਰਕ ਮੈਂਬਰਾਂ ਤੇ ਪਿੰਡ ਦੇ ਮੋਹਤਬਰ ਵਿਅਕਤੀਆਂ ਨੇ ਪ੍ਰਸ਼ਾਸਨ ਤੋਂ ਨਸ਼ਾ ਸਮੱਗਲਰਾਂ ਵਿਰੁੱਧ ਕਾਰਵਾਈ ਕਰਨ ਦੀ ਮੰਗ ਕਰਦਿਆਂ ਦੱਸਿਆ ਕਿ ਪਿੰਡ ਦੇ ਕਈ ਨੌਜਵਾਨ ਨਸ਼ਿਆਂ ਦੀ ਭੇਟ ਚੜ੍ਹ ਚੁੱਕੇ ਹਨ। ਉਨ੍ਹਾਂ ਰੋਸ ਪ੍ਰਗਟ ਕੀਤਾ ਕਿ ਨਾ ਤਾਂ ਪੁਲਿਸ ਤੇ ਨਾ ਹੀ ਪ੍ਰਸ਼ਾਸਨ ਨਸ਼ਾ ਸਮੱਗਲਰਾਂ ਵਿਰੁੱਧ ਕੋਈ ਕਾਰਵਾਈ ਕਰ ਰਿਹਾ ਹੈ। ਇਸ ਸਬੰਧੀ ਜਦੋਂ ਥਾਣਾ ਮੁਖੀ ਝਿਰਮਿਲ ਸਿੰਘ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਇਸ ਮਾਮਲੇ ਦੀ ਜਾਂਚ ਕਰਵਾਈ ਜਾਵੇਗੀ।

## ਵਿਦਿਆਰਥਣ ਨਾਲ ਜਬਰ ਜਨਾਹ

ਥਾਣਾ ਚਾਟੀਵਿੰਡ ਦੇ ਪਿੰਡ ਖੈਰਦੀਨ ਵਿਖੇ ਇਕ 7 ਸਾਲਾ ਵਿਦਿਆਰਥਣ ਨਾਲ ਇਕ ਆਟੋ ਚਾਲਕ ਵੱਲੋਂ ਜਬਰ ਜਨਾਹ ਕੀਤੇ ਜਾਣ ਦੀ ਗੱਲ ਸਾਹਮਣੇ ਆਈ ਹੈ। ਪੀੜਤਾ ਦੀ ਮਾਂ ਨੇ ਦੱਸਿਆ ਕਿ ਉਸ ਦੀ ਲੜਕੀ ਸਥਾਨਕ ਸਕੂਲ ਵਿਚ ਪੜ੍ਹਦੀ ਹੈ। ਉਨ੍ਹਾਂ ਨੇ ਬੱਚੀ ਨੂੰ ਸਕੂਲ ਛੱਡਣ ਲਈ ਇਕ ਆਟੋ ਲਗਾਇਆ ਹੋਇਆ ਹੈ।

28 ਮਾਰਚ ਨੂੰ ਉਨ੍ਹਾਂ ਦੀ ਲੜਕੀ ਨੇ ਘਰ ਆ ਕੇ ਦੱਸਿਆ ਕਿ ਆਟੋ ਚਾਲਕ ਬਿੱਟਾ ਪੁੱਤਰ ਕਸ਼ਮੀਰ ਸਿੰਘ ਵਾਸੀ ਬਹੋੜੂ ਉਸ ਨੂੰ ਕਿਸੇ ਘਰ ਵਿਚ ਲੈ ਗਿਆ ਤੇ ਉਸ ਨਾਲ ਜਬਰ ਜਨਾਹ ਕੀਤਾ। ਪੁਲਿਸ ਨੇ ਬੱਚੀ ਦੀ ਮਾਂ ਵੱਲੋਂ ਦਿੱਤੀ ਸ਼ਿਕਾਇਤ 'ਤੇ ਮਾਮਲਾ ਦਰਜ ਕਰਦਿਆਂ ਉਸ ਦੀ ਭਾਲ ਸ਼ੁਰੂ ਕਰ ਦਿੱਤੀ ਹੈ।

## ਔਰਤ ਨਾਲ ਸਮੂਹਿਕ ਬਲਾਤਕਾਰ

ਗ੍ਰੀਨ ਸਿਟੀ ਅੰਮ੍ਰਿਤਸਰ ਦੀ ਪੀੜਤਾ ਔਰਤ ਨੇ ਥਾਣਾ ਲੋਪੋਕੇ ਦੀ ਪੁਲਿਸ ਨੂੰ ਦਿੱਤੀ ਸ਼ਿਕਾਇਤ ਵਿਚ ਦੱਸਿਆ ਕਿ ਪ੍ਰਭਜੀਤ ਸਿੰਘ ਵਾਸੀ ਝਬਾਲ ਅਤੇ ਅਜਮਿੰਦਰ ਸਿੰਘ ਨੰਗਲੀ ਭੱਠਾ, ਜੋ ਕੇ ਪ੍ਰਾਪਰਟੀ ਡੀਲਰ ਦਾ ਕੰਮ ਕਰਦੇ ਹਨ, ਇਕ ਪਲਾਟ ਵਿਖਾਉਣ ਦੇ ਬਹਾਨੇ ਉਸ ਨੂੰ ਰਾਮਤੀਰਥ ਰੋਡ ਦੇ ਇਕ ਫਾਰਮ ਹਾਉਸ ਵਿਚ ਲੈ ਗਏ।

ਉਥੇ ਉਨ੍ਹਾਂ ਕੋਲਡ ਡ੍ਰਿੰਕ ਵਿਚ ਸ਼ਰਾਬ ਮਿਲਾ ਕੇ ਉਸ ਨੂੰ ਪਿਆ ਦਿੱਤੀ। ਬੇਹੋਸ਼ ਹੋਣ ਉਪਰੰਤ ਉਕਤ ਲੋਕਾਂ ਨੇ ਉਸ ਨਾਲ ਜਬਰ ਜਨਾਹ ਕੀਤਾ। ਜਦ ਹੋਸ਼ ਆਈ ਤਾਂ ਉਕਤ ਲੋਕਾਂ ਨੇ ਉਸ ਨੂੰ ਅਸ਼ਲੀਲ ਵੀਡੀਓ ਬਣਾਉਣ ਦੀ ਧਮਕੀ ਦਿੰਦਿਆਂ ਚੁੱਪ ਰਹਿਣ ਲਈ ਕਿਹਾ। ਸ਼ਿਕਾਇਤ ਦੀ ਪੜਤਾਲ ਉਪਰੰਤ ਪੁਲੀਸ ਨੇ ਪਰਚਾ ਦਰਜ ਕਰ ਕੇ ਮੁਲਜ਼ਮਾਂ ਦੀ ਭਾਲ ਸ਼ੁਰੂ ਕਰ ਦਿੱਤੀ ਗਈ ਹੈ।

# ਚੋਣ ਤਿਕੜਮ : ਲੋਕ-ਲੁਭਾਊ ਨਾਹਰੇ ਅਤੇ ਆਮ ਲੋਕ

**ਗੁਰਮੀਤ ਪਲਾਹੀ**
ਸੰਪਰਕ : 98158-02070

ਲੋਕ ਸਭਾ ਚੋਣਾਂ ਦਾ ਐਲਾਨ ਹੋਣ ਤੋਂ ਕੁੱਝ ਸਮਾਂ ਪਹਿਲਾਂ ਦੇਸ਼ ਦੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਸਾਨਾਂ ਲਈ ਇੱਕ ਯੋਜਨਾ ਬਣਾਈ। ਨਾਮ ਰੱਖਿਆ ਗਿਆ "ਕਿਸਾਨ ਸਨਮਾਨ ਨਿਧੀ"। ਹਰ ਗਰੀਬ ਕਿਸਾਨ ਪਰਿਵਾਰ ਲਈ 6000 ਰੁਪਏ ਸਾਲਾਨਾ ਭਾਵ ਪੰਜ ਸੌ ਰੁਪਏ ਮਹੀਨਾ ਦੇਣ ਦਾ ਐਲਾਨ ਹੋਇਆ। ਇਸ ਦੀ ਪਹਿਲੀ ਕਿਸ਼ਤ ਦੀ ਰਕਮ ਤਿੰਨ ਮਹੀਨਿਆਂ ਲਈ 2000 ਰੁਪਏ ਇੱਕ ਕਰੋੜ ਤੋਂ ਵੱਧ ਕਿਸਾਨ ਪਰਿਵਾਰਾਂ ਦੇ ਖਾਤਿਆਂ ਵਿਚ ਪਾ ਦਿੱਤੀ ਗਈ। ਅਸਲ ਵਿੱਚ ਦੇਸ਼ ਵਿਚ 164 ਅਸਫਲ ਯੋਜਨਾਵਾਂ ਦਾ ਪੰਜ ਵਰ੍ਹਿਆਂ ਵਿਚ ਐਲਾਨ ਕਰਨ ਵਾਲੇ ਦੇਸ਼ ਦੇ ਪ੍ਰਧਾਨ ਮੰਤਰੀ ਦੀ ਇਸ ਯੋਜਨਾ ਨੂੰ, ਗੁੱਸੇ ਨਾਲ ਭਰੇ ਪੀਤੇ ਕਿਸਾਨ ਪਰਿਵਾਰਾਂ ਲਈ ਚੋਣ ਸਮੇਂ ਵਿਚ ਚੁਣਾਵੀ ਰਿਸ਼ਵਤ ਅਤੇ ਇੱਕ "ਖ਼ੈਰਾਤ" ਦੇਣ ਵਾਂਗਰ ਸਮਝਿਆ ਗਿਆ ਹੈ। ਕਿਹਾ ਜਾ ਰਿਹਾ ਹੈ ਕਿ ਇਹ ਯੋਜਨਾ ਦੋ ਪੜਾਵਾਂ ਵਿਚ ਲਾਗੂ ਕਰਕੇ ਦੇਸ਼ ਵਿੱਚੋਂ ਗਰੀਬੀ ਦਾ ਅੰਤ ਕਰ ਦਿੱਤਾ ਜਾਵੇਗਾ। ਕਾਂਗਰਸ ਵਲੋਂ 46 ਵਰ੍ਹੇ ਪਹਿਲਾਂ ਵੀ 'ਗਰੀਬੀ ਹਟਾਓ' ਦਾ ਨਾਹਰਾ ਉਸ ਵੇਲੇ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਵੀ ਦਿੱਤਾ ਸੀ। ਉਸ ਦੇ ਲਗਭਗ ਪੰਜ ਦਹਾਕਿਆਂ ਦੇ ਬੀਤਣ ਬਾਅਦ ਵੀ ਦੇਸ਼ ਵਿਚੋਂ ਗਰੀਬੀ ਖ਼ਤਮ ਨਹੀਂ ਹੋਈ। ਸਿਆਸੀ ਲੋਕ, ਆਮ ਲੋਕਾਂ ਨੂੰ ਭਿਖਾਰੀ ਸਮਝਦੇ ਹਨ। ਉਹਨਾਂ ਦੀ ਸੋਚ ਬਣ ਚੁੱਕੀ ਹੈ ਕਿ ਉਹ ਜਿਸ ਨੂੰ ਵੀ ਕੁੱਝ ਦੇ ਦੇਣਗੇ ਉਹ ਖੁਸ਼ ਹੋ ਜਾਣਗੇ। ਸਰਕਾਰ ਮੁਲਾਜ਼ਮਾਂ ਨੂੰ ਮਹਿਗਾਈ ਭੱਤੇ ਦੀਆਂ ਕਿਸ਼ਤਾਂ 'ਬਖ਼ਸ਼ਦੀ' ਹੈ। ਗਰੀਬਾਂ ਨੂੰ ਨੀਲੇ, ਪੀਲੇ ਕਾਰਡ ਦਿੰਦੀ ਹੈ। ਮੁਫ਼ਤ ਅਨਾਜ ਦੀ ਬਖ਼ਸ਼ਿਸ਼ ਕਰਦੀ ਹੈ। ਪੈਨਸ਼ਨ ਦੇ ਨਾਂ ਉਤੇ ਢਾਈ ਸੌ, ਪੰਜ ਸੌ ਰੁਪਏ ਬਜ਼ੁਰਗਾਂ, ਵਿਧਵਾਵਾਂ ਨੂੰ ਲੋਕ ਭਲਾਈ ਸਕੀਮਾਂ ਵਿਚ ਮਨਜ਼ੂਰ ਕਰਦੀ ਹੈ ਤੇ ਹੋਰ ਲੋਕ-ਲਭਾਊ ਸਕੀਮਾਂ ਲਾਗੂ ਕਰਕੇ, ਉਹ "ਵੱਡੇ ਸਮਾਜ ਸੇਵਕ", ਲੋਕਾਂ ਦੀ ਹਿਤੂ-ਹਿਤੈਸ਼ੀ ਨੇਤਾ ਬਣ ਕੇ ਉਹਨਾ ਉੱਤੇ ਅਹਿਸਾਨ ਕਰਦੀ ਹੈ। ਪਰ ਰੁਜ਼ਗਾਰ ਦੇਕੇ ਉਹਨਾ ਦੇ ਸਵੈ-ਮਾਣ ਵਿਚ ਵਾਧਾ ਕਰਨ ਲਈ ਕੋਈ ਉਪਰਾਲੇ ਨਹੀਂ ਕਰਦੀ।

ਅੱਜ ਗਰੀਬ ਜਨਤਾ ਭਾਵੇਂ ਭੁੱਖੀ ਹੈ, ਉਹਨਾ ਦਾ ਜੀਉਣਾ ਦੁੱਭਰ ਹੋ ਰਿਹਾ ਹੈ, ਪਰ ਉਹਨਾ ਵਿਚ ਸਵੈ-ਮਾਣ ਦੀ ਕਮੀ ਨਹੀਂ ਹੈ। ਮੋਬਾਇਲ ਅਤੇ ਸੋਸ਼ਲ ਮੀਡੀਆ ਨੇ ਉਸ ਨੂੰ ਕੁੱਝ ਹੱਦ ਤੱਕ ਆਪਣੇ ਹੱਕਾਂ ਪ੍ਰਤੀ ਜਾਗਰੂਕ ਕਰ ਦਿੱਤਾ ਹੈ। ਲੋਕ ਸਮਝਣ ਲੱਗ ਪਏ ਹਨ ਕਿ ਦੇਸ਼ ਦੇ ਨੇਤਾ "ਚੋਣਾਂ ਦੇ ਮੌਸਮ" ਵਿੱਚ ਖਾਸ ਕਰਕੇ ਉਹਨਾ ਨੂੰ ਗੁੰਮਰਾਹ ਕਰਦੇ ਹਨ। ਇਸੇ ਕਰਕੇ ਉਹਨਾ ਆਪਣੇ ਹੱਕਾਂ ਦੀ ਰਾਖੀ ਤੇ ਪ੍ਰਾਪਤੀ ਲਈ "ਸਾਡਾ ਹੱਕ ਇਥੇ ਰੱਖ" ਦਾ ਨਾਹਰਾ ਬੁਲੰਦ ਕੀਤਾ ਹੈ। ਪਿਛਲੇ ਸਮੇਂ ਵਿਚ ਦੇਸ਼ ਦੇ ਸਮੇਂ ਦੀ ਹਕੂਮਤ ਵਲੋਂ ਲਿਤਾੜੇ, ਗਰੀਬ ਕਿਸਾਨਾਂ ਦੇ ਨਵੀਂ ਦਿਲੀ , ਮੁੰਬਈ ਵਿਚ ਪੁੱਜੇ ਲੱਖਾਂ ਕਿਸਾਨ ਇਸਦੀ ਉਦਾਹਰਨ ਹਨ। ਸਿਆਸੀ ਲੋਕਾਂ ਦੀਆ ਬੇਥਵੀਆਂ ਗੱਲਾਂ-ਬਾਤਾਂ, ਉਹਨਾ ਦੇ ਭ੍ਰਿਸ਼ਟਾਚਾਰੀ ਸੁਭਾਅ ਅਤੇ ਕਾਰਿਆਂ ਨੂੰ ਸਮਝਦਿਆਂ, ਸਿਆਸੀ ਨੇਤਾਵਾਂ ਪ੍ਰਤੀ ਲੋਕਾਂ ਦਾ ਵਰਤਾਓ ਅਤੇ ਵਿਹਾਰ ਬਦਲ ਰਿਹਾ ਹੈ। ਹੁਣ ਲੋਕ ਹਰ ਸਿਆਸੀ ਪਾਰਟੀ ਵੱਲ ਸ਼ੱਕੀ ਨਜ਼ਰ ਨਾਲ ਵੇਖਦੇ ਹਨ।

ਪਿਛਲੇ ਦਿਨੀਂ ਬਾਲਾਕੋਟ ਵਿਚ ਭਾਰਤੀ ਹਵਾਈ ਫੌਜ ਵਲੋਂ ਪੁਲਵਾਮਾ ਵਿਚ ਮਾਰੇ ਗਏ ਸੁਰੱਖਿਆ ਜਵਾਨਾਂ ਦਾ ਬਦਲਾ ਲੈਣ ਲਈ ਕੀਤੇ ਗਏ ਜਿਹਾਦੀਆਂ ਵਿਰੁੱਧ ਕਾਰਵਾਈ ਉਪਰੰਤ ਭਾਜਪਾ ਨੇ "ਰਾਸ਼ਟਰਵਾਦੀ" ਹੱਲਾ ਬੋਲਿਆ। ਲੋਕਾਂ ਦੇ ਜਜ਼ਬਿਆਂ ਨੂੰ ਇੱਕ ਵੱਖਰੇ ਰੰਗ ਵਿਚ ਰੰਗ ਦਿੱਤਾ। ਪਾਕਿਸਤਾਨ ਨਾਲ ਯੁੱਧ ਦਾ ਮਾਹੌਲ ਸਿਰਜ ਦਿੱਤਾ। ਲੋਕ 'ਦੇਸ਼ ਭਗਤੀ' ਦੇ ਰੰਗ ਵਿਚ ਰੰਗ ਦਿੱਤੇ ਗਏ। ਦੇਸ਼ ਦਾ ਮੀਡੀਆ ਹੁੱਬ-ਹੁੱਬ ਕੇ ਆਪਣੀ ਫੌਜ ਦੇ ਗੁਣ ਗਾਉਣ ਲੱਗਾ ਅਤੇ ਨਾਲ ਹੀ ਸਰਕਾਰ ਦੇ ਵੱਡੇ ਰੁਤਬੇ ਤੇ ਬੈਠੇ ਮੋਦੀ ਦੀ 56 ਇੰਚ ਛਾਤੀ ਦੀਆ ਗੱਲਾਂ ਕਰਨ ਲੱਗਾ। ਅਸਲ ਵਿੱਚ ਲੋਕ ਜਜ਼ਬਿਆਂ ਵਿਚ ਵਹਿ ਕੇ ਇਹ ਗੱਲ ਭੁੱਲ ਗਏ ਕਿ ਇਹ ਰਾਸ਼ਟਰਵਾਦ ਦਾ ਨਾਹਰਾ ਅਚਾਨਕ ਨਹੀਂ ਐਲਾਨਿਆ ਗਿਆ। ਸਗੋਂ ਆਰ.ਐਸ.ਐਸ. ਦੀ ਪੁਰਾਣੀ ਅਤੇ ਸਥਾਈ ਯੋਜਨਾ ਹੈ ਅਤੇ ਪਿਛਲੇ ਪੰਜ ਸਾਲਾਂ ਤੋਂ ਹਾਕਮ ਧਿਰ ਅਤੇ ਹਿੰਦੂ ਸੰਗਠਨਾਂ ਵਲੋਂ ਇਸ ਨੂੰ ਚਲਾਇਆ ਜਾ ਰਿਹਾ ਹੈ।

ਗਊ-ਹੱਤਿਆ, ਅਯੁੱਧਿਆ ਮੰਦਰ ਦੀ ਉਸਾਰੀ, ਲੋਕ ਕੀ ਖਾਣ, ਕੀ ਪਹਿਨਣ, ਕਿਵੇਂ ਰਹਿਣ, ਕਿਵੇਂ ਸੋਚਣ, ਕਿਹੋ ਜਿਹੇ ਵਿਚਾਰ ਰੱਖਣ, ਇਸੇ ਕੜੀ ਤਹਿਤ ਚਲਾਏ ਜਾ ਰਹੇ ਕੱਟੜਵਾਦੀ ਅੰਦੋਲਨ ਹਨ। ਭਾਜਪਾ ਰਾਸ਼ਟਰਵਾਦ ਤੇ ਵਿਕਾਸ ਦੀ ਗੱਲ ਲਗਾਤਾਰ ਕਰਦੀ ਹੈ। ਪਰ ਦੇਸ਼ ਦੇ ਲੋਕ ਭਾਜਪਾ ਦੇ ਰਾਸ਼ਟਰਵਾਦ ਨੂੰ ਦੂਜੇ ਧਰਮਾਂ, ਜਾਤਾਂ, ਲਿੰਗ ਉਤੇ ਵੱਡਾ ਹਮਲਾ ਸਮਝਦੇ ਹਨ ਅਤੇ ਕਹਿੰਦੇ ਹਨ ਕਿ ਭਾਜਪਾ ਅਤੇ ਆਰ. ਐਸ.ਐਸ.ਹਿੰਦੀ, ਹਿੰਦੂ, ਹਿੰਦੋਸਤਾਨ ਦੀ ਮੁੱਦਈ ਹੈ ਜੋ ਦੇਸ਼ ਦੇ ਸੰਵਿਧਾਨ ਅਤੇ ਦੇਸ਼ ਦੀਆਂ ਲੋਕਤੰਤਰੀ ਕਦਰਾਂ-ਕੀਮਤਾਂ ਦੇ ਵਿਰੁੱਧ ਹੈ।

ਆਉਣ ਵਾਲੇ ਦਿਨਾਂ ਵਿੱਚ ਦੇਸ਼ ਵਿੱਚ ਚੋਣ ਪ੍ਰਚਾਰ ਮੱਘੇਗਾ। ਇੱਕ ਪਾਸੇ ਮੋਦੀ ਦੀ ਭਾਜਪਾ ਅਤੇ ਉਸ ਨਾਲ ਦੇਸ਼ ਦੀਆਂ ਛੋਟੀਆਂ-ਛੋਟੀਆਂ 40 ਸਿਆਸੀ ਪਾਰਟੀਆਂ ਹਨ ਅਤੇ ਦੂਜੇ ਪਾਸੇ 21 ਸਿਆਸੀ ਪਾਰਟੀ ਸਮੇਤ ਕਾਂਗਰਸ, ਜਿਹਨਾਂ ਵਿਚੋਂ ਕੁਝ ਇੱਕ ਖੇਤਰੀ ਪਾਰਟੀਆਂ ਹਨ ਅਤੇ ਕੁਝ ਕੌਮੀ, ਜਿਹੜੀਆਂ ਸੂਬਿਆਂ ਵਿਚ ਮਹਾਂਗਠਜੋੜ ਬਣਾਕੇ ਮੋਕੇ ਦੇ ਹਾਕਮਾਂ ਨਾਲ ਲੜਨ ਲਈ ਲੋਕਾਂ ਵਿਚ ਆਪੋ-ਆਪਣੇ ਚੋਣ ਮੈਨੀਫੈਸਟੋ ਲੈ ਕੇ ਆ ਰਹੀਆਂ ਹਨ। ਇਸ ਵਿੱਚ ਵਿਸ਼ੇਸ਼ ਗੱਲ ਇਹ ਹੈ ਕਿ ਚੋਣ ਪ੍ਰਚਾਰ ਵਿੱਚ ਲੋਕਾਂ ਦੇ ਮੁੱਦੇ, ਜਿਨ੍ਹਾਂ ਵਿੱਚ ਬੇਰੁਜ਼ਗਾਰੀ, ਭੁੱਖਮਰੀ, ਕਿਸਾਨ ਮਸਲੇ, ਗੰਦਲਾ ਵਾਤਾਵਰਨ, ਸਿਹਤ, ਸਿੱਖਿਆ ਸਹੂਲਤਾਂ ਅਤੇ ਭ੍ਰਿਸ਼ਟਾਚਾਰ ਮੁਕਤ ਭਾਰਤ ਆਦਿ ਗਾਇਬ ਹੈ। ਦੇਸ਼ ਦੇ ਲੋਕਾਂ ਨੂੰ ਭਾਜਪਾ ਰਾਸ਼ਟਰਵਾਦ ਦੇ ਨਾਮ ਉਤੇ ਜਜ਼ਬਾਤੀ ਬਣਾ ਰਹੀ ਹੈ ਅਤੇ ਕੁਝ ਖੈਰਾਤ ਦੇਕੇ ਉਹਨਾ ਨੂੰ ਪਰਚਾ ਰਹੀ ਹੈ। ਕਾਂਗਰਸ 5 ਕਰੋੜ ਗਰੀਬ ਪਰਿਵਾਰਾਂ ਦੀ ਘੱਟੋ-ਘੱਟ ਆਮਦਨ ਦਾ ਵਿਸ਼ੇਸ਼ ਨਾਹਰਾ ਦੇਕੇ 'ਮੋਦੀ ਦੇ ਏਜੰਡੇ' ਦਾ ਟਾਕਰਾ ਕਰਨ ਲਈ ਮੈਦਾਨ ਵਿੱਚ ਹੈ। ਅਉਣ ਵਾਲੇ ਦਿਨਾਂ ਵਿੱਚ ਰਾਸ਼ਟਰਵਾਦ ਦਾ ਮੁੱਦਾ ਭਾਰੂ ਰਹੇਗਾ ਜਾਂ ਘੱਟੋ-ਘੱਟ ਆਮਦਨ ਦਾ, ਜਿਹੜਾ ਇੱਕ ਪਾਸੇ ਲੋਕ ਭਾਵਨਾ ਅਤੇ ਜਜ਼ਬਾਤ ਨਾਲ ਜੁੜਿਆ ਹੈ ਅਤੇ ਦੂਜਾ ਲੋਕਾਂ ਦੀ ਰੋਟੀ-ਰੋਜ਼ੀ ਨਾਲ, ਇਹ ਤਾਂ ਚੋਣ ਨਤੀਜੇ ਦਸਣਗੇ ?

## ਗਦਰੀ ਬਾਬਿਆਂ ਦੇ ਮਹਾਨ ਇਤਿਹਾਸਕ ਸਥਾਨ

# ਗੁਰਦੁਆਰਾ ਸਾਹਿਬ ਸਟਾਕਟਨ (ਕੈਲੀਫੋਰਨੀਆ)

**1930 South Sikh Temple Street, Stockton CA 95206 (A Historical Land Mark of CA)**



## 21ਵਾਂ ਮਹਾਨ ਨਗਰ ਕੀਰਤਨ

**14 ਅਪ੍ਰੈਲ 2019, ਦਿਨ ਐਤਵਾਰ**

**ਖ਼ਾਲਸਾ ਪੰਥ ਦੇ 321ਵੇਂ ਸਾਜਨਾ ਦਿਵਸ ਮੌਕੇ**

## ਮਹਾਨ ਨਗਰ ਕੀਰਤਨ ਦੀਆਂ ਲੱਖ ਲੱਖ ਵਧਾਈਆਂ

ਸਮੂਹ ਸਾਧ ਸੰਗਤ ਦੇ ਚਰਨਾਂ ਵਿਚ ਬੇਨਤੀ ਕੀਤੀ ਜਾਂਦੀ ਹੈ ਕਿ 21ਵਾਂ ਮਹਾਨ ਨਗਰ ਕੀਰਤਨ 14 ਅਪ੍ਰੈਲ 2019 , ਦਿਨ ਐਤਵਾਰ ਨੂੰ ਸਜਾਇਆ ਜਾ ਰਿਹਾ ਹੈ ਜੀ। ਇਸ ਵਾਰ ਅੰਮ੍ਰਿਤ ਸੰਚਾਰ ਦਿਨ ਸ਼ਨਿਚਰਵਾਰ ਸਵੇਰੇ 13 **ਅਪ੍ਰੈਲ** 2019, ਗੁਰਦੁਆਰਾ ਸਾਹਿਬ ਵਿਖੇ ਹੋਵੇਗਾ। ਗੁਰਦੁਆਰਾ ਸਾਹਿਬ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੀ ਲੜੀ ਅਰੰਭ ਹੈ ਅਤੇ ਦੀਵਾਨ 18 **ਮਾਰਚ** 2019 ਨੂੰ ਸ਼ਾਮ ਛੇ ਵਜੇ ਤੋਂ ਆਰੰਭ ਹੋ ਕੇ 14 **ਅਪ੍ਰੈਲ** 2019 ਤੱਕ ਲਗਾਤਾਰ ਚੱਲਣਗੇ, ਜਿਸ ਵਿਚ ਪੰਥ ਪ੍ਰਸਿੱਧ ਕਥਾਵਾਚਕ ਗਿਆਨੀ ਸ਼ੇਰ ਸਿੰਘ ਜੀ ਅੰਬਾਲੇ ਵਾਲੇ, ਭਾਈ ਇੰਦਰਜੀਤ ਸਿੰਘ ਬੰਬੇਵਾਲੇ ਸਾਬਕਾ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਅਤੇ ਲਖਵਿੰਦਰ ਸਿੰਘ ਸੋਹਲ ਜੀ ਦਾ ਢਾਡੀ ਜਥਾ ਲਗਾਤਾਰ ਸੰਗਤਾਂ ਨੂੰ ਨਿਹਾਲ ਕਰਨਗੇ। ਭਾਈ ਜਗਮੋਹਣ ਸਿੰਘ ਜੀ ਅਤੇ ਭਾਈ ਗੁਰਸੇਵਕ ਸਿੰਘ ਜੀ ਦੇ ਹਜ਼ੂਰੀ ਜਥੇ ਵੀ ਸੰਗਤਾਂ ਨੂੰ ਨਿਹਾਲ ਕਰਨਗੇ।



ਭਾਈ ਲਖਵਿੰਦਰ ਸਿੰਘ ਸੋਹਲ ਜੀ ਦਾ ਢਾਡੀ ਜਥਾ



ਭਾਈ ਇੰਦਰਜੀਤ ਸਿੰਘ ਜੀ



ਗੁਰੂਘਰ ਸਟਾਕਟਨ ਦਾ ਹਜ਼ੂਰੀ ਰਾਗੀ ਜਥਾ



ਕਥਾਵਾਚਕ ਗਿਆਨੀ ਸ਼ੇਰ ਸਿੰਘ ਜੀ

### ਸ੍ਰੀ ਅਖੰਡ ਪਾਠ ਸਾਹਿਬ ਦੀ ਸੇਵਾ ਲਈ ਸੰਪਰਕ ਕਰੋ

ਹੈਡ ਗ੍ਰੰਥੀ ਭਾਈ ਗੁਰਸੇਵਕ ਸਿੰਘ 209-625-7500
ਸਕੱਤਰ ਭਾਈ ਦਵਿੰਦਰ ਸਿੰਘ 209-564-8899

### ਨਗਰ ਕੀਰਤਨ 'ਚ ਫਲੋਟ ਲਗਾਉਣ ਲਈ ਸੰਪਰਕ ਕਰੋ

ਭਾਈ ਗੁਰਪ੍ਰੀਤ ਸਿੰਘ ਗਿੱਲ 209-513-8101
ਜਾਂ ਭਾਈ ਬਲਵਿੰਦਰ ਸਿੰਘ ਮਿੱਠੂ 209-456-3210
ਜਾਂ ਭਾਈ ਜਸਵਿੰਦਰ ਸਿੰਘ ਤੂਰ 209-470-6881

### ਨਗਰ ਕੀਰਤਨ 'ਚ ਸਟਾਲ ਲਗਾਉਣ ਲਈ ਸੰਪਰਕ ਕਰੋ

ਬੀਬੀ ਸਰਬਜੀਤ ਕੌਰ : 209-430-9415
ਭਾਈ ਰਾਮ ਸਿੰਘ ਮੰਡੇਰ : 209-689-7454

### ਪਾਰਕਿੰਗ ਦੀ ਸਹੂਲਤ

ਪਾਰਕਿੰਗ ਦੀ ਸਹੂਲਤ **K-MART 2180-E. Mariposa Road, Stockton CA-95205** ਵਿਖੇ ਹੋਵੇਗੀ। ਉਥੋਂ ਗੁਰਦੁਆਰਾ ਸਾਹਿਬ ਆਉਣ ਜਾਣ ਲਈ ਫਰੀ ਬੱਸ ਸਰਵਿਸ ਹੋਵੇਗੀ। ਜਿਹੜੀਆਂ ਸੜਕਾਂ 'ਤੇ ਨੋ ਪਾਰਕਿੰਗ ਸਾਈਨ ਹੋਣ ਉਥੇ ਕਾਰਾਂ ਪਾਰਕ ਨਾ ਕੀਤੀਆਂ ਜਾਣ, ਨਹੀਂ ਤਾਂ ਸਿਟੀ ਵਲੋਂ ਟੋਅ ਕਰ ਦਿੱਤੀਆਂ ਜਾਣਗੀਆਂ।

*ਸਮੂਹ ਸੰਗਤਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਹੁੰਮ-ਹੁਮਾ ਕੇ ਇਸ ਮਹਾਨ ਨਗਰ ਕੀਰਤਨ ਵਿਚ ਸ਼ਾਮਲ ਹੋ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।*

**ਹੋਰ ਜਾਣਕਾਰੀ ਲਈ ਸੰਪਰਕ ਕਰੋ : ਭਾਈ ਜਸਵਿੰਦਰ ਸਿੰਘ ਗੋਰਾਇਆ 209-993-1788**
**ਸਕੱਤਰ ਭਾਈ ਦਵਿੰਦਰ ਸਿੰਘ 209-564-8899, ਖਜ਼ਾਨਚੀ ਭਾਈ ਅਮਰੀਕ ਸਿੰਘ ਵਿਰਦੀ 209-470-6321**

## ਜਾਰੀ ਕਰਤਾ : ਗੁਰਦੁਆਰਾ ਸਾਹਿਬ ਸਟਾਕਟਨ ਅਤੇ ਸਾਧ ਸੰਗਤ

# ਗੁਰਦੁਆਰਾ ਸਾਹਿਬ ਲਵਿੰਸਟਨ ਵਿਖੇ ਨਗਰ ਕੀਰਤਨ

**ਫਰਿਜ਼ਨੋ/ਕੁਲਵੰਤ ਧਾਲੀਆਂ, ਨੀਟਾ ਮਾਛੀਕੇ :** ਸਮੁੱਚੀ ਦੁਨੀਆ ਅੰਦਰ ਵਿਸਾਖੀ ਅਤੇ ਹੌਲੇ-ਮਹੱਲੇ ਨੂੰ ਸਮਰਪਿਤ ਗੁਰਮਤਿ ਸਮਾਗਮ ਅਤੇ ਨਗਰ ਕੀਰਤਨ ਹੋ ਰਹੇ ਹਨ। ਇਸੇ ਲੜੀ ਅਧੀਨ ਕੈਲੀਫੋਰਨੀਆ ਦੇ ਸ਼ਹਿਰ ਲਵਿੰਸਟਨ ਦੇ ਗੁਰਦੁਆਰਾ ਸਾਹਿਬ ਵੱਲੋਂ 21ਵਾਂ ਮਹਾਨ ਨਗਰ ਕੀਰਤਨ ਕਰਵਾਇਆ ਗਿਆ। ਇਸ ਨਗਰ ਕੀਰਤਨ ਨੂੰ ਦੇਖ ਕੇ ਪੰਜਾਬ ਦੀ ਯਾਦ ਤਾਜਾ ਹੋ ਰਹੀ ਸੀ। ਇਹ ਅਮਰੀਕਾ ਵਿਚ ਨਵੇਂ ਵਸੇ ਪੰਜਾਬ ਦੀ ਝਲਕ ਪੇਸ਼ ਕਰ ਰਿਹਾ ਸੀ। ਗੁਰੂਘਰ ਵਿਖੇ ਸ੍ਰੀ ਅਖੰਡ ਸਾਹਿਬ ਦੇ ਭੋਗ ਉਪਰੰਤ ਧਾਰਮਿਕ ਦੀਵਾਨ ਸਜੇ, ਜਿੱਥੇ ਧਰਮ ਪ੍ਰਚਾਰਕਾਂ ਅਤੇ ਕੀਰਤਨੀ ਜਥਿਆਂ ਨੇ ਹਾਜ਼ਰੀਆਂ ਭਰੀਆਂ। ਇਸ ਉਪਰੰਤ ਨਗਰ ਕੀਰਤਨ ਦੀ ਸ਼ੁਰੂਆਤ ਰਵਾਇਤ ਅਨੁਸਾਰ ਸ਼ਹਿਰ ਦੇ ਮੁੱਖ ਅਧਿਕਾਰੀਆਂ, ਗੁਰੂਘਰ ਦੇ ਸੇਵਾਦਾਰਾਂ ਅਤੇ ਸਮੂਹ ਸਾਧ-ਸੰਗਤ ਦੀ ਹਾਜ਼ਰੀ ਵਿਚ ਅਮਰੀਕਾ ਦੇ ਰਾਸ਼ਟਰੀ ਝੰਡੇ ਅਤੇ ਕੈਲੀਫੋਰਨੀਆ ਦੇ ਝੰਡੇ ਨੂੰ ਸਨਮਾਨ ਦਿੰਦੇ ਹੋਏ ਹੋਈ। ਨਗਰ ਕੀਰਤਨ ਦੀ ਅਗਵਾਈ ਗੁਰਮਤਿ ਮਰਿਆਦਾ ਅਨੁਸਾਰ ਪੰਜ ਕੇਸ਼ਰੀ ਨਿਸ਼ਾਨ ਸਾਹਿਬ ਲੈ ਕੇ ਚਲਦੇ ਹੋਏ ਪੰਜ ਪਿਆਰੇ ਕਰ ਰਹੇ ਸਨ। ਬਹੁਤ ਹੀ ਖੂਬਸੂਰਤ ਪਾਲਕੀ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਬਿਰਾਜਮਾਨ ਸਨ। ਇਸ ਸਮੇਂ 'ਸਿੱਖ ਰਾਈਡਰਜ਼ ਸੈਟਰ ਵੈਲੀ' ਦੇ ਮੋਟਰ-ਸਾਈਕਲ ਸਵਾਰ ਵੀ ਨਗਰ-ਕੀਰਤਨ ਦੇ ਅੱਗੇ ਚਲ ਰਹੇ ਸਨ। ਸਜੇ ਫਲੋਟਾਂ ਤੋਂ ਇਲਾਵਾ ਸੰਗਤਾਂ ਪੈਦਲ ਹੀ ਪਾਲਕੀ ਸਾਹਿਬ ਨਾਲ ਚੱਲ ਰਹੀਆਂ ਸਨ। ਸਮੁੱਚਾ ਵਾਤਾਵਰਨ ਕੇਸਰੀ, ਪੀਲੀਆਂ, ਨੀਲੀਆਂ ਅਤੇ ਹੋਰ ਰੰਗ ਬਰੰਗੀਆਂ ਚੁੰਨੀਆਂ ਅਤੇ ਦਸਤਾਰਾਂ ਨਾਲ ਸਜਿਆ ਨਵੇਂ ਪੰਜਾਬ ਦੀ ਤਸਵੀਰ ਪੇਸ਼ ਕਰ ਰਿਹਾ ਸੀ। ਗੁਰੂਘਰ ਅੰਦਰ ਲੰਗਰ ਵਿਚ ਸੇਵਾਦਾਰ ਸੰਗਤਾਂ ਲਈ ਵੰਨ ਸੁਵੰਨੇ ਪਕਵਾਨਾਂ ਦੀ ਸੇਵਾ ਕਰ ਰਹੇ ਸਨ। ਗੋਰੇ ਅਤੇ ਮੈਕਸੀਕਨ ਮੂਲ ਦੇ ਲੋਕ ਵੀ ਪੰਜਾਬੀ ਪਹਿਰਾਵੇ ਵਿਚ ਇਸ ਨਗਰ ਕੀਰਤਨ ਦਾ ਅਨੰਦ ਮਾਣ ਰਹੇ ਸਨ।



# ਪੈਲਾਟਾਇਨ ਗੁਰਦੁਆਰਾ ਸਾਹਿਬ ਵਿਖੇ ਕਾਰਸੇਵਾ ਦੀ ਦਸਵੀਂ ਵਰੇਗੰਢ ਮਨਾਈ







**ਸ਼ਿਕਾਗੋ/ਮੱਖਣ ਸਿੰਘ ਕਲੇਰ**, ਇਥੋਂ ਦੇ ਪੈਲਾਟਾਇਨ ਗੁਰਦੁਆਰਾ ਸਾਹਿਬ ਵਿਖੇ ਕਾਰ ਸੇਵਕ ਜਥੇ ਵਲੋਂ ਸੰਗਤਾਂ ਤੇ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਦਸਵੀਂ ਵਰੇਗੰਢ ਮਨਾਈ ਗਈ। 24 ਮਾਰਚ ਐਤਵਾਰ ਨੂੰ ਸਵੇਰੇ ਸ੍ਰੀ ਆਖੰਡਪਾਠ ਸਾਹਿਬ ਦੇ ਭੋਗ ਪਾਏ ਗਏ ਤੇ ਉਪਰੰਤ ਗੁਰੂਘਰ ਦੇ ਕੀਰਤਨੀ ਭਾਈ ਰਾਜਿੰਦਰ ਸਿੰਘ ਜਲੰਧਰ ਵਾਲਿਆਂ ਦੇ ਜਥੇ ਵਲੋਂ ਸ਼ਬਦ ਗਾਇਨ ਕੀਤੇ ਗਏ ਤੇ ਹੈਡ ਗ੍ਰੰਥੀ ਭਾਈ ਪਰਮਿੰਦਰਜੀਤ ਸਿੰਘ ਨੇ ਕਥਾ ਵਿਚਾਰ ਰਾਹੀਂ ਹੱਥੀਂ ਸੇਵਾ ਦਾ ਮਹੱਤਵ ਸਮਝਾਇਆ। ਗੁਰ ਇਤਿਹਾਸ ਤੇ ਸਿੱਖ ਇਤਿਹਾਸ ਵਿੱਚ ਵੀ ਬਹੁਤ ਉਦਾਹਰਨਾਂ ਮਿਲਦੀਆਂ ਹਨ ਕਿ ਸਿੱਖਾਂ ਨੇ ਸਮੇਂ-ਸਮੇਂ 'ਤੇ ਕਾਰਸੇਵਾ ਰਾਹੀਂ ਕਾਰਜਾਂ ਨੂੰ ਨੇਪਰੇ ਚਾੜ੍ਹਿਆ। ਕਾਰ ਸੇਵਕਾਂ ਵਲੋਂ ਪਿਛਲੇ ਸਮੇਂ ਵਿਚ ਕਾਰਸੇਵਾ ਰਾਹੀਂ ਪੂਰੇ ਕੀਤੇ ਗਏ ਕਾਰਜਾਂ ਪ੍ਰਤੀ ਸ. ਸਤਨਾਮ ਸਿੰਘ ਔਲਖ ਵਲੋਂ ਸਟੇਜ ਤੋਂ ਸੰਗਤਾਂ ਨੂੰ ਜਾਣਕਾਰੀ ਦਿੱਤੀ ਗਈ। ਉਨਾਂ ਤੋਂ ਇਲਾਵਾ ਸ. ਤਰਲੋਚਨ ਸਿੰਘ ਮੁਲਤਾਨੀ ਨੇ ਵੀ ਸੰਗਤਾਂ ਨਾਲ ਕਾਰਸੇਵਾ ਪ੍ਰਤੀ ਵਿਚਾਰ ਸਾਂਝੇ ਕੀਤੇ। ਬਹੁਤੇ ਪਰਿਵਾਰਾਂ ਵਲੋਂ ਕਾਰਸੇਵਾ ਵਿਚ ਕਈ ਤਰ੍ਹਾਂ ਨਾਲ ਆਪਣੇ ਦਸਵੰਧ ਵਿੱਚੋਂ ਸੇਵਾ ਦਿੱਤੀ, ਜਿਸ ਵਿਚ ਲੋੜੀਂਦੇ ਔਜਾਰ ਖਰੀਦੇ ਗਏ, ਘਾਹ ਕੱਟਣ ਵਾਲੀਆਂ ਮਸ਼ੀਨਾਂ, ਬਰਫ ਹਟਾਉਣ ਵਾਲੇ ਟਰੈਕਟਰ ਅਤੇ ਗੁਰਦੁਆਰਾ ਸਾਹਿਬ ਵਿਚ ਸਾਰੀਆਂ ਐਲਈਡੀ ਲਾਈਟਾਂ ਲਾਈਆਂ ਗਈਆਂ। ਗੁਰਦੁਆਰਾ ਸਾਹਿਬ ਦੇ ਅੰਦਰਲੇ ਅਤੇ ਬਾਹਰਲੇ ਜੋ ਕੰਮ ਕਾਰਸੇਵਾ ਰਾਹੀਂ ਕੀਤੇ ਗਏ ਉਨਾਂ ਨਾਲ ਗੁਰਦੁਆਰਾ ਸਾਹਿਬ ਦੇ ਲੱਖਾਂ ਡਾਲਰਾਂ ਦੀ ਬੱਚਤ ਕੀਤੀ। ਕਾਰਸੇਵਾ ਰਾਹੀਂ ਕੀਤੇ ਗਏ ਕਾਰਜਾਂ ਦੀਆਂ ਅਤੇ ਸੇਵਾ ਕਰ ਰਹੇ ਸੇਵਾਦਾਰਾਂ ਦੀਆਂ ਤਸਵੀਰਾਂ ਸੰਗਤਾਂ ਦੇ ਦੇਖਣ ਲਈ ਮੇਨ ਗੈਲਰੀ ਵਿੱਚ ਰੱਖੀਆਂ ਗਈਆਂ ਸਨ ਤਾਂ ਕਿ ਸੰਗਤਾਂ ਵਿਚ ਕਾਰਸੇਵਾ ਲਈ ਉਤਸ਼ਾਹ ਹੋਰ ਭਰਿਆ ਜਾ ਸਕੇ। ਜਿਨਾਂ ਬੱਚਿਆਂ ਨੇ ਵੱਖ ਵੱਖ ਸਮਿਆਂ ਵਿਚ ਕਾਰਸੇਵਾ ਕੀਤੀ, ਉਨਾਂ ਨੂੰ ਉਤਸ਼ਾਹਿਤ ਕਰਨ ਵਾਸਤੇ ਸਰਟੀਫਿਕੇਟ ਦਿੱਤੇ ਗਏ।ਇਨਾਂ ਸਮਾਗਮਾਂ ਵਾਸਤੇ ਸੰਗਤਾਂ ਵਲੋਂ ਜੋ ਮਾਇਆ ਦਿੱਤੀ ਗਈ, ਉਸ ਵਿੱਚ ਕੁਲ £11868.00 ਡਾਲਰ ਇਕੱਠੇ ਹੋਏ ਤੇ ਖਰਚਾ £6210.00 ਡਾਲਰ ਹੋਇਆ ਜੋ ਬਾਕੀ £5657.00 ਡਾਲਰ ਬਚੇ ਹਨ ਉਹ ਕਾਰਸੇਵਾ ਵਾਲਿਆਂ ਕੋਲ ਹਨ। ਲੰਗਰਾਂ ਦੀ ਸੇਵਾ ਹਰਵਿੰਦਰ ਸਿੰਘ ਬਿੱਲ ਤੇ ਹਰਜੀਤ ਸਿੰਘ ਗਿੱਲ ਪਰਿਵਾਰ ਵਲੋਂ ਕੀਤੀ ਗਈ। ਦਸਵੀਂ ਵਰ੍ਹੇ ਗੰਢ ਸਮਾਰੋਹ ਨੂੰ ਨੇਪਰੇ ਚਾੜ੍ਹਨ ਵਿੱਚ ਜਿਨਾਂ ਵਿਸ਼ੇਸ਼ ਤੌਰ 'ਤੇ ਸੇਵਾ ਨਿਭਾਈ, ਉਨਾਂ ਵਿਚ ਬੀਬੀ ਸੁਖਦੇਵ ਕੌਰ ਘੁਮਾਣ, ਸਤਨਾਮ ਸਿੰਘ ਔਲਖ, ਉਂਕਾਰ ਸਿੰਘ ਢਿਲੋਂ, ਮਹਾਂਬੀਰ ਸਿੰਘ ਬਰਾੜ, ਜੈਰਾਮ ਸਿੰਘ ਕਾਹਲੋਂ, ਕੁਲਬੀਰ ਸਿੰਘ ਦਿਉਲ, ਬੀਬੀ ਜਸਵੀਰ ਕੌਰ ਸਲੂਜਾ, ਉਂਕਾਰ ਸਿੰਘ ਲਾਲ, ਤਰਲੋਚਨ ਸਿੰਘ ਗਿੱਲ, ਗੁਰਮੀਤ ਸਿੰਘ ਢਿੱਲੋਂ, ਬਲਦੇਵ ਸਿੰਘ ਗਿੱਲ, ਤਰਲੋਚਨ ਸਿੰਘ ਢਿੱਲੋਂ, ਪਾਲ ਸਿੰਘ ਧਾਲੀਵਾਲ ਤੇ ਅੱਛਰ ਸਿੰਘ ਦੇ ਨਾਮ ਸ਼ਾਮਿਲ ਹਨ।



ਖਾਲਸਾ ਮੇਰੋ ਰੂਪ ਹੈ ਖਾਸ ॥ ਖਾਲਸੇ ਮਹਿ ਹੌ ਕਰੌ ਨਿਵਾਸ ॥

# ਸਮੁੱਚੀ ਨਾਨਕ ਨਾਮ ਲੇਵਾ ਸਿੱਖ ਕੌਮ ਨੂੰ ਖ਼ਾਲਸਾ ਸਾਜਨਾ ਦਿਵਸ ਦੀਆਂ ਲੱਖ ਲੱਖ ਵਧਾਈਆਂ



ਹਲਕਾ ਸੰਗਰੂਰ ਦੇ ਨਾਲ ਸਬੰਧ ਰੱਖਣ ਵਾਲੇ ਵਿਦੇਸ਼ੀ ਵੀਰਾਂ ਨੂੰ ਬੇਨਤੀ ਹੈ ਕਿ ਭਾਰਤ ਵਿਚ ਰਹਿ ਰਹੇ ਆਪਣੇ ਪਰਿਵਾਰਕ ਮੈਂਬਰਾਂ ਅਤੇ ਸਬੰਧੀਆਂ ਨੂੰ ਸ੍ਰ. ਸਿਮਰਨਜੀਤ ਸਿੰਘ ਮਾਨ ਨੂੰ ਵੋਟ ਪਾਉਣ ਦੀ ਅਪੀਲ ਕੀਤੀ ਜਾਵੇ।

ਵਲੋਂ : ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਅਮਰੀਕਾ (ਸ਼ਿਕਾਗੋ ਯੂਨਿਟ)



ਖਾਲਸਾ ਮੇਰੋ ਰੂਪ ਹੈ ਖਾਸ ॥
ਖਾਲਸੇ ਮਹਿ ਹੌ ਕਰੌ ਨਿਵਾਸ ॥

# ਸਮੂਹ ਸਿਖ ਭਾਈਚਾਰੇ ਨੂੰ ਪਰਮਿੰਦਰ ਸਿੰਘ ਵਾਲੀਆ ਵਲੋਂ

# ਖ਼ਾਲਸਾ ਪੰਥ ਦੇ ਸਾਜਨਾ ਦਿਵਸ ਅਤੇ ਵਿਸਾਖੀ ਦਆਂ ਲੱਖ ਲੱਖ ਵਧਾਈਆਂ

ਪ੍ਰਮਾਤਮਾ ਅੱਗੇ ਅਰਦਾਸ ਬੇਨਤੀ ਕਰਦੇ ਹਾਂ ਕਿ ਸਿੱਖਾਂ ਨੂੰ ਚੜ੍ਹਦੀ ਕਲਾ ਬਖ਼ਸ਼ੇ ਜੀ।



ਪਰਮਿੰਦਰ ਸਿੰਘ ਵਾਲੀਆ ਅਤੇ ਪਰਿਵਾਰ


REAL ESTATE INVESTMENTS?
BUY OR SELL PROPERTY ?
1031 EXCHANGE ?
NEW HOMES ?
ONE STOP SHOP FOR YOU
FREE ONE YEAR PROPERTY MANAGEMENT & SAVE $3000
FEW AREAS ARE GROWING RAPIDLY, TRACY, LATHROP, MANTECA, MOUNTAIN HOUSE,
We can help you get loan approval. Purchase, manage your property and handle all repairs.
TRACY, LATHROP, MANTECA, MOUNTAIN HOUSE
Expert Realtor PARTH GHAI
209-420-5653
HINDI, PUNJABI, AND ENGLISH
Call AnyTime 209-420-5653
VALLEY PACIFIC REALTY AND INVESTMENTS STOCKTON # 01722418


Serving Around the World Community Since 1994
We Specialize to Asia, Europe, Middle East, Africa, Australia & etc.
Special fares to :
SFO TO DEL
LAX TO DEL
SERVICE
TRUST
SKYWAY TRAVEL
DOMESTIC and INTERNATIONAL
Special fares to
Amritsar & Delhi
ਦੋ ਜਾਂ ਦੋ ਤੋਂ ਵੱਧ ਟਿਕਟਾਂ ਖਰੀਦਣ 'ਤੇ ਇਕ ਭਾਰ ਤੋਲਣ ਵਾਲੀ ਮਸ਼ੀਨ ਮੁਫ਼ਤ ਦਿੱਤੀ ਜਾਵੇਗੀ।
Cst No. : 2054876-40
Book on line 24/7 : www.skywaytkt.com
Or Call (818) 762-9236
15549 Devonshire St., Ste. 206 Mission Hills, CA 91345


Rahul Gandhi
Manmohan Singh
Sam pitroda
priyanka Gandhi
Himanshu Vyas
Indian Overseas Congress USA
You are cordially invited to attend Dinner reception in Honor of Sh. Mohinder Singh Gilzian on his appointment , President Indian Overseas Congress USA.
Date April 7 th, 2019 Sunday. Time :- 6.30 PM
Location:- Diamond Palace Restaurant
1241 Grand Ave Diamond Bar CA 91765
Phone 909-860-2690
Mohinder Singh gilzian
Please join us with families and friends.
With Best compliments from
Sarbjit Mann
Sarbjit Mann

ਖ਼ਾਲਸਾ ਅਕਾਲ ਪੁਰਖ ਕੀ ਫ਼ੌਜ ॥ ਪ੍ਰਗਟਿਓ ਖ਼ਾਲਸਾ ਪਰਮਾਤਮ ਕੀ ਮੌਜ ॥

# Gurdwara Singh Sabha Amrit Sanchar

## Sunday April 14, 2019
## 8:00 AM



Upon request, Gurdwara will provide lodging as well as transportation to and from the airport. This applies to both the local and the visiting Sangat. Also, Kakkars will be provided by the Gurdwara.

For more information, contact:

Gurdwara Singh Sabha of North Texas
1201 Abrams Rd, Richardson, TX 75081

Bhai Surinder Singh (214) 282-2332
Bhai Swaran Singh (214) 909-0555

(972) 235-3388 | www.GurdwaraRichardson.org

# ਖਾਲਸੇ ਦੇ ਜਨਮ ਦਿਹਾੜੇ 'ਤੇ ਹੋਵੇਗਾ ਵਿਰਸਾ ਸੰਭਾਲ ਗੱਤਕਾ ਕੱਪ





**ਰੂਪਨਗਰ/ਏਟੀ ਨਿਊਜ਼ :** ਖਾਲਸਾ ਸਾਜਨਾ ਦਿਵਸ ਨੂੰ ਸਮਰਪਿਤ ਵਿਸਾਖੀ ਵਾਲੇ ਦਿਨ ਰੂਪਨਗਰ ਦੇ ਨਜ਼ਦੀਕ ਪੈਂਦੇ ਪਿੰਡ ਮੀਆਂਪੁਰ (ਸਟੇਸ਼ਨਵਾਲਾ) ਵਿਖੇ 13 ਅਪ੍ਰੈਲ, ਦਿਨ ਸ਼ਨੀਵਾਰ ਨੂੰ ਸ਼ਾਮ 03:00 ਵਜੇ ਤੋਂ ਰਾਤ 10:00 ਵਜੇ ਤਕ ਵਿਰਸਾ ਸੰਭਾਲ ਗੱਤਕਾ ਕੱਪ ਕਰਵਾਇਆ ਜਾ ਰਿਹਾ ਹੈ। ਇਸ ਤਹਿਤ ਗੱਤਕਾ ਮੁਕਾਬਲੇ, ਦਸਤਾਰਬੰਦੀ, ਦੁਮਾਲਾ ਸਜਾਉਣ ਅਤੇ ਲੰਮੇ ਕੇਸਾਂ ਦੇ ਮੁਕਾਬਲੇ ਕਰਵਾਏ ਜਾਣਗੇ। ਇਸ ਸਬੰਧੀ ਜਾਣਕਾਰੀ ਦਿੰਦਿਆਂ ਅਮਰ ਸ਼ਹੀਦ ਬਾਬਾ ਦੀਪ ਸਿੰਘ ਜੀ ਇੰਟਰਨੈਸ਼ਨਲ ਗੱਤਕਾ ਅਖਾੜਾ ਸ੍ਰੀ ਭੱਠਾ ਸਾਹਿਬ ਦੇ ਮੁੱਖ ਸੇਵਾਦਾਰ ਡਾ. ਜਸਪਾਲ ਸਿੰਘ ਨੇ ਦੱਸਿਆ ਕਿ ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀਆਂ, ਨਗਰ ਪੰਚਾਇਤ, ਯੂਥ ਵੈਲਫੇਅਰ ਕਲੱਬ ਤੇ ਸਮੂਹ ਸੰਗਤ ਦੇ ਸਹਿਯੋਗ ਨਾਲ ਕਰਵਾਏ ਜਾ ਰਹੇ ਇਸ ਗੱਤਕਾ ਕੱਪ ਵਿਚ ਜੇਤੂਆਂ ਨੂੰ ਨਗਦ ਇਨਾਮ ਵੀ ਦਿੱਤੇ ਜਾ ਰਹੇ ਹਨ।

ਗੱਤਕਾ ਮੁਕਾਬਲਿਆਂ ਵਿਚ ਪਹਿਲੇ ਸਥਾਨ ਉਤੇ ਆਉਣ ਵਾਲੇ ਖਿਡਾਰੀ ਨੂੰ 11000 ਰੁਪਏ, ਦੂਜੀ ਥਾਂ ਉਤੇ ਰਹਿਣ ਵਾਲੇ ਨੂੰ 8100 ਰੁਪਏ ਤੇ ਤੀਜੀ ਥਾਂ ਰਹਿਣ ਵਾਲੇ ਖਿਡਾਰੀ ਨੂੰ 6100 ਰੁਪਏ ਦਾ ਨਗਦ ਇਨਾਮ ਦਿੱਤਾ ਜਾਵੇਗਾ। ਇਸੇ ਤਰ੍ਹਾਂ ਦਸਤਾਰਬੰਦੀ ਮੁਕਾਬਲੇ ਵਿਚ ਪਹਿਲੇ, ਦੂਜੇ ਤੇ ਤੀਜੇ ਥਾਂ ਉਤੇ ਆਉਣ ਵਾਲੇ ਖਿਡਾਰੀਆਂ ਨੂੰ ਕ੍ਰਮਵਾਰ 5100, 3100 ਤੇ 2100 ਰੁਪਏ ਦਾ ਇਨਾਮ ਦਿੱਤਾ ਜਾਵੇਗਾ। ਦੁਮਾਲਾ ਸਜਾਉਣ ਦੇ ਮੁਕਾਬਲੇ ਵਿਚ ਪਹਿਲੇ, ਦੂਜੇ ਤੇ ਤੀਜੇ ਥਾਂ ਲਈ ਕ੍ਰਮਵਾਰ 3100, 2100 ਤੇ 1100 ਰੁਪਏ ਦਾ ਇਨਾਮ ਰੱਖਿਆ ਗਿਆ ਹੈ। ਲੰਮੇ ਕੇਸਾਂ ਦੇ ਮੁਕਾਬਲੇ ਵਿਚ ਵੀ ਕ੍ਰਮਵਾਰ 2100, 1100 ਤੇ 700 ਰੁਪਏ ਦੀ ਰਾਸ਼ੀ ਦਾ ਨਗਦ ਇਨਾਮ ਕ੍ਰਮਵਾਰ ਪਹਿਲੇ, ਦੂਜੇ ਤੇ ਤੀਜੇ ਸਥਾਨ ਲਈ ਹੋਵੇਗਾ। ਇਸ ਸਬੰਧੀ ਟੀਮ ਐਂਟਰੀ ਕਰਵਾਉਣ ਜਾਂ ਹੋਰ ਜਾਣਕਾਰੀ ਲਈ ਦੇਸ਼-ਵਿਦੇਸ਼ ਤੋਂ ਫੋਨ ਨੰ. +91-94637-40002 ਉਤੇ ਸੰਪਰਕ ਕੀਤਾ ਜਾ ਸਕਦਾ ਹੈ।

# ਚੋਣਾਂ 2019 : ਕਾਂਗਰਸ ਵੱਲੋਂ ਪੰਜਾਬ ਵਿਚ ਛੇ ਉਮੀਦਵਾਰਾਂ ਦਾ ਐਲਾਨ

**ਚੰਡੀਗੜ੍ਹ/ਏਟੀ ਨਿਊਜ਼ :** ਕਾਂਗਰਸ ਦੀ ਕੇਂਦਰੀ ਚੋਣ ਕਮੇਟੀ ਨੇ ਪੰਜਾਬ ਦੇ ਛੇ ਲੋਕ ਸਭਾ ਹਲਕਿਆਂ ਤੋਂ ਉਮੀਦਵਾਰਾਂ ਦੇ ਨਾਵਾਂ ਦਾ ਐਲਾਨ ਕਰ ਦਿੱਤਾ ਹੈ। ਕਮੇਟੀ ਨੇ ਚਾਰ ਮੌਜੂਦਾ ਲੋਕ ਸਭਾ ਮੈਂਬਰਾਂ ਨੂੰ ਟਿਕਟਾਂ ਨਾਲ ਨਿਵਾਜਿਆ ਹੈ। ਜਦਕਿ ਹੁਸ਼ਿਆਰਪੁਰ (ਰਾਖ਼ਵੇਂ) ਹਲਕੇ ਤੋਂ ਕਾਂਗਰਸ ਨੇ ਚੱਬੇਵਾਲ ਹਲਕੇ ਤੋਂ ਵਿਧਾਇਕ ਡਾ. ਰਾਜ ਕੁਮਾਰ ਨੂੰ ਉਮੀਦਵਾਰ ਐਲਾਨਿਆ ਹੈ। ਪਟਿਆਲਾ ਤੋਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਪਤਨੀ ਤੇ ਸਾਬਕਾ ਕੇਂਦਰੀ ਰਾਜ ਮੰਤਰੀ ਪ੍ਰਨੀਤ ਕੌਰ, ਗੁਰਦਾਸਪੁਰ ਤੋਂ ਪੰਜਾਬ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ, ਜਲੰਧਰ ਤੋਂ ਚੌਧਰੀ ਸੰਤੋਖ ਸਿੰਘ, ਲੁਧਿਆਣਾ ਤੋਂ ਰਵਨੀਤ ਸਿੰਘ ਬਿੱਟੂ ਨੂੰ ਕਾਂਗਰਸ ਨੇ ਲੋਕ ਸਭਾ ਚੋਣਾਂ ਲਈ ਉਮੀਦਵਾਰ ਐਲਾਨਿਆ ਹੈ। ਚੋਣ ਕਮੇਟੀ ਨੇ ਸਾਰੇ ਮੌਜੂਦਾ ਲੋਕ ਸਭਾ ਮੈਂਬਰਾਂ ਨੂੰ ਟਿਕਟ ਦੇਣ ਦੀ ਨੀਤੀ ਤਹਿਤ ਵਿਰੋਧ ਦੇ ਬਾਵਜੂਦ ਅੰਮ੍ਰਿਤਸਰ ਤੋਂ ਗੁਰਜੀਤ ਸਿੰਘ ਔਜਲਾ ਨੂੰ ਟਿਕਟ ਦਿੱਤੀ ਹੈ। ਸਾਬਕਾ ਕਾਂਗਰਸ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਦੇ ਵਿਰੋਧ ਦੇ ਬਾਵਜੂਦ ਪੰਜਾਬ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਨੂੰ ਗੁਰਦਾਸਪੁਰ ਤੋਂ ਟਿਕਟ ਦਿੱਤੀ ਗਈ ਹੈ। ਕੈਪਟਨ ਨੇ ਕੁਝ ਸਮਾਂ ਪਹਿਲਾਂ ਪਠਾਨਕੋਟ ਫੇਰੀ ਸਮੇਂ ਸ੍ਰੀ ਜਾਖੜ ਨੂੰ ਗੁਰਦਾਸਪੁਰ ਤੋਂ ਟਿਕਟ ਦੇਣ ਦਾ ਸੰਕੇਤ ਦਿੱਤਾ ਸੀ। ਜਾਖੜ ਨੇ ਗੁਰਦਾਸਪੁਰ ਲੋਕ ਸਭਾ ਹਲਕੇ ਦੀ ਜ਼ਿਮਨੀ ਚੋਣ ਦੋ ਲੱਖ ਵੋਟਾਂ ਦੇ ਫ਼ਰਕ ਨਾਲ ਜਿੱਤੀ ਸੀ। ਪਟਿਆਲਾ ਤੋਂ ਪ੍ਰਨੀਤ ਕੌਰ ਨੂੰ ਟਿਕਟ ਮਿਲਣਾ ਲਗਭਗ ਤੈਅ ਹੀ ਸੀ। ਹੁਸ਼ਿਆਰਪੁਰ ਲੋਕ ਸਭਾ ਹਲਕੇ ਤੋਂ ਕਾਂਗਰਸ ਨੇ ਡਾ. ਰਾਜ ਕੁਮਾਰ ਚੱਬੇਵਾਲ ਨੂੰ ਮੈਦਾਨ ਵਿਚ ਉਤਾਰ ਕੇ ਨੌਜਵਾਨ ਚਿਹਰੇ ਨੂੰ ਮੌਕਾ ਦਿੱਤਾ ਹੈ। ਇਸ ਹਲਕੇ ਤੋਂ ਸੰਤੋਸ਼ ਚੌਧਰੀ ਨੇ ਟਿਕਟ ਲੈਣ ਲਈ ਕਾਫੀ ਜ਼ੋਰ ਅਜ਼ਮਾਈ ਕੀਤੀ, ਪਰ ਗੱਲ ਨਹੀਂ ਬਣ ਸਕੀ। ਇਸ ਹਲਕੇ ਤੋਂ ਵਿਧਾਇਕ ਨੂੰ ਟਿਕਟ ਦੇਣ ਨਾਲ ਇਹ ਵੀ ਸਪੱਸ਼ਟ ਹੋ ਗਿਆ ਹੈ ਕਿ ਕਾਂਗਰਸ ਇਕ ਜਾਂ ਦੋ ਹੋਰ ਵਿਧਾਇਕਾਂ ਨੂੰ ਚੋਣ ਮੈਦਾਨ ਵਿਚ ਉਤਾਰ ਸਕਦੀ ਹੈ। ਕੇਂਦਰੀ ਚੋਣ ਕਮੇਟੀ ਦੀ ਦਿੱਲੀ ਵਿਚ ਹੋਈ ਮੀਟਿੰਗ ਵਿਚ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ, ਕਾਂਗਰਸ ਦੀ ਚੇਅਰਪਰਸਨ ਸੋਨੀਆ ਗਾਂਧੀ, ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ, ਰਾਜਸਥਾਨ ਦੇ ਮੁੱਖ ਮੰਤਰੀ ਅਸ਼ੋਕ ਗਹਿਲੋਤ, ਸਾਬਕਾ ਰੱਖਿਆ ਮੰਤਰੀ ਏ.ਕੇ. ਐਂਟਨੀ, ਕਾਂਗਰਸ ਦੀ ਪੰਜਾਬ ਮਾਮਲਿਆਂ ਦੀ ਇੰਚਾਰਜ ਆਸ਼ਾ ਕੁਮਾਰੀ, ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਪੰਜਾਬ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਤੇ ਹੋਰ ਹਾਜ਼ਰ ਸਨ।

## ਸਰਬੱਤ ਖ਼ਾਲਸਾ ਨੇ 21 ਮੈਂਬਰੀ ਕਮੇਟੀ ਬਣਾਈ

**ਚੰਡੀਗੜ੍ਹ/ਏਟੀ ਨਿਊਜ਼ :** ਸਰਬੱਤ ਖ਼ਾਲਸਾ ਵਲੋਂ ਨਿਯੁਕਤ ਕੀਤੇ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਭਾਈ ਜਗਤਾਰ ਸਿੰਘ ਹਵਾਰਾ ਵਲੋਂ ਪੰਜ ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ ਸੀ ਜਿਸ ਨੂੰ 21 ਮੈਂਬਰੀ ਕਮੇਟੀ ਵਿਚ ਤਬਦੀਲ ਕਰ ਦਿੱਤਾ ਗਿਆ ਹੈ। ਸੈਕਟਰ 38 ਬੀ ਵਿਚ ਸਥਿਤ ਗੁਰਦੁਆਰਾ ਸ਼ਾਹਪੁਰ ਸਾਹਿਬ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਇਸ 21 ਮੈਂਬਰੀ ਕਮੇਟੀ ਦੇ ਮੈਂਬਰਾਂ ਵਲੋਂ ਪ੍ਰਣ ਪੱਤਰ 'ਤੇ ਦਸਤਖ਼ਤ ਕੀਤੇ ਗਏ। ਭਾਈ ਨਰਾਇਣ ਸਿੰਘ ਨੇ ਦੱਸਿਆ ਕਿ ਇਹ ਕਮੇਟੀ ਸਜਾ ਪੂਰੀ ਕਰਨ ਤੋਂ ਬਾਅਦ ਵੀ ਜੇਲ੍ਹਾਂ ਵਿਚ ਬੰਦ ਸਿੱਖਾਂ ਦੀ ਰਿਹਾਈ ਲਈ ਜੇਲ੍ਹਾਂ ਦੇ ਬਾਹਰ ਪ੍ਰਦਰਸ਼ਨ ਕਰੇਗੀ। 7 ਅਪ੍ਰੈਲ ਨੂੰ ਪਟਿਆਲਾ ਜੇਲ੍ਹ ਦੇ ਬਾਹਰ ਪ੍ਰਦਰਸ਼ਨ ਕੀਤਾ ਜਾਵੇਗਾ ਜਦਕਿ ਪਹਿਲਾਂ ਵੀ ਕਮੇਟੀ ਤਿੰਨ ਜੇਲ੍ਹਾਂ ਸਾਹਮਣੇ ਪ੍ਰਦਰਸ਼ਨ ਕਰ ਚੁੱਕੀ ਹੈ। ਇਸ ਤੋਂ ਇਲਾਵਾ ਭਾਈ ਨਰਾਇਣ ਸਿੰਘ ਨੇ ਕਿਹਾ ਕਿ ਪੰਜਾਬ ਦੇ ਕਈ ਸੀਬੀਐੱਸਸੀ. ਸਕੂਲਾਂ ਵਿਚ ਪੰਜਾਬੀ ਭਾਸ਼ਾ ਬੋਲਣ 'ਤੇ ਪਾਬੰਦੀ ਲਗਾਈ ਗਈ ਹੈ ਅਤੇ ਅਜਿਹੇ ਸਕੂਲਾਂ ਨੂੰ ਪੰਜਾਬੀ ਬੋਲੀ ਐਕਟ ਅਧੀਨ ਕਮੇਟੀ ਵਲੋਂ ਲੀਗਲ ਨੋਟਿਸ ਜਾਰੀ ਕੀਤੇ ਜਾਣਗੇ। ਕਮੇਟੀ ਬਰਗਾੜੀ ਬੇਅਦਬੀ ਕਾਂਡ, ਕੋਟਕਪੂਰਾ ਅਤੇ ਬਹਿਬਲਕਲਾਂ ਗੋਲੀ ਕਾਂਡ ਦੇ ਮੁਲਜ਼ਮਾਂ ਨੂੰ ਵੀ ਜਲਦ ਸਜ਼ਾ ਦਿਵਾਉਣ ਲਈ ਸਰਕਾਰ 'ਤੇ ਦਬਾਅ ਬਣਾਏਗੀ। ਪਟਿਆਲਾ ਜੇਲ੍ਹ ਦੇ ਪ੍ਰਦਰਸ਼ਨ ਦੇ ਬਾਅਦ ਜਲਦ ਹੀ ਅਗਲਾ ਕੰਮ ਬਹਿਬਲ ਕਲਾਂ ਤੋ ਕਾਰਵਾਈ ਅਰੰਭ ਕੀਤੀ ਜਾਵੇਗੀ। ਬਣਾਈ ਗਈ ਇਸ ਕਮੇਟੀ ਦੇ ਮੈਂਬਰਾਂ ਵਿਚ ਅਮਰ ਸਿੰਘ ਚਾਹਲ, ਪ੍ਰੋ. ਬਰਜਿੰਦਰ ਸਿੰਘ, ਜਸਪਾਲ ਸਿੰਘ ਹੇਰਾਂ, ਮਾ. ਸੰਤੋਖ ਸਿੰਘ, ਨਰਾਇਣ ਸਿੰਘ ਤੇ ਪਾਲ ਸਿੰਘ ਫਰਾਂਸ ਵੀ ਸ਼ਾਮਿਲ ਹਨ।

## ਅਮਰੀਕਾ 'ਚ ਵਿਸਾਖੀ ਨੂੰ 'ਖਾਲਸਾ ਸਾਜਨਾ ਦਿਵਸ' ਦੇ ਤੌਰ 'ਤੇ ਮਾਨਤਾ ਦੇਣ ਦਾ ਸਵਾਗਤ

**ਸੈਨ ਫਰਾਂਸਿਸਕੋ/ਏਟੀ ਨਿਊਜ਼ :** ਅਮਰੀਕਨ ਸਿੱਖ ਕੌਕਸ ਕਮੇਟੀ, ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ ਤੇ ਅਮਰੀਕੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਉਨ੍ਹਾਂ ਅਮਰੀਕੀ ਕਾਂਗਰਸਮੈਨਾਂ ਦਾ ਧੰਨਵਾਦ ਕੀਤਾ ਹੈ ਜੋ 'ਵਾਇਸ ਆਫ ਦਿ ਸਿੱਖਜ਼' ਬਣ ਗਏ ਹਨ ਕਿਉਂਕਿ ਉਨ੍ਹਾਂ ਨੇ ਵਿਸਾਖੀ ਨੂੰ 'ਖਾਲਸਾ ਸਾਜਨਾ ਦਿਵਸ' ਵੱਜੋਂ ਮਾਨਤਾ ਦਿਵਾਉਣ ਦਾ ਸ਼ਲਾਘਾਯੋਗ ਕੰਮ ਕੀਤਾ ਹੈ। ਸਿੱਖ ਆਗੂਆਂ ਨੇ ਕਿਹਾ ਕਿ ਅਸੀਂ ਅਮਰੀਕਾ ਦੇ ਦੋਵਾਂ ਸਦਨਾਂ ਦਾ ਵਿਸ਼ਵ ਵਿਚ ਸਿੱਖ ਸਭਿਆਚਾਰ ਅਤੇ ਰਵਾਇਤ ਲਈ ਆਵਾਜ਼ ਉਠਾਉਣ 'ਤੇ ਧੰਨਵਾਦ ਕਰਦੇ ਹਾਂ। ਏਜੀਪੀਸੀ ਦੇ ਮੁਖੀ ਜੇ.ਐਸ. ਹੋਠੀ, ਸਿੱਖ ਤਾਲਮੇਲ ਕਮੇਟੀ ਈਸਟ ਕੋਸਟ ਦੇ ਹਰਜਿੰਦਰ ਸਿੰਘ ਅਤੇ ਜੁਗਰਾਜ ਸਿੰਘ ਗਰੇਵਾਲ ਨੇ ਕਿਹਾ ਹੈ ਕਿ ਇਹ ਕਦਮ ਅਮਰੀਕਾ ਵਿਚ ਸਿੱਖ ਭਾਈਚਾਰੇ ਦੀ ਵੱਖਰੀ ਪਹਿਚਾਣ ਨੂੰ ਹੁਲਾਰਾ ਦੇਣ ਵਿਚ ਮਦਦ ਕਰੇਗਾ। ਹਰਪ੍ਰੀਤ ਸਿੰਘ ਨੇ ਕਿਹਾ ਕਿ ਇਸ ਤਰ੍ਹਾਂ ਕਰ ਕੇ ਸਿੱਖ ਧਰਮ ਅਤੇ ਸਿੱਖ ਭਾਈਚਾਰੇ ਦੇ ਮਹੱਤਵਪੂਰਨ ਯੋਗਦਾਨ ਨੂੰ ਅਮਰੀਕਾ ਨੇ ਮਾਨਤਾ ਦਿੱਤੀ ਹੈ।







# 22




## GET FLAT 22 CENTS DISCOUNT AT

TA TravelCenters of America

PETRO Stopping Centers®

## We also offer Line of Credit for Fuel Card

*Additional Services with our Fuel Card*

- ✓ National Tire Program
- ✓ PM & Light Mechanical
- ✓ 24 Hour Dedicated Repair Service

TRANS-ALLIANCE TOGETHER WE SAVE

ਪੰਜਾਬੀ ਵਿਚ ਜਾਣਕਾਰੀ ਲਈ
1.855.641.6955

1.888.795.7035
www.trans-alliance.com

# Valley Real Estate Center



Better Deal will be given from New Builders to Book New home in Mountain House, Tracy, Manteca and lathrop

For agriculture and almond Farm,office building, Farm House and for Truck Yard in Tracy, Manteca, Lathrop and Stockton

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

## Listing



**Home for Sale:**
163 Tannehill Drive, Manteca, CA 95337
4 Bedroom 3 Bath
3236 sqft home 7792 sqft lot, Built in 2003
**$475,000**



**Home for Sale:**
2165 Capistrano Street, Manteca, CA 95337
5 Bedroom 3 Bath
2939 sqft home 8084 sqft lot, Built in 2009
**$545,000**

**Home for Sale:** 1643 Langum Way, Manteca, CA 95337, 4 Bedroom 3 Bath, 2045 sqft home 7910 sqft lot Built in 2005, Pool in backyard, Open house 03/10 11:30 AM- 3:00 PM **$432,900**

- **10 Acres commercial and Industrial lot available on West Yosemite ave Manteca listed at 3.8 Million. Permitted for truck yard, storage and repair.**
- **15 Acres industrial land available in French Camp listed at 5.1 million, prime corner lot, permitted for truck parking, truck wash, truck repair and warehousing.**
- **5 duplex under construction will be ready in September, 2019. listed at $599,000 each duplex.**



Ranjit S Mangat
(Lic: 01922089)

**ਨਵੀਂ ਜਾਂ ਪੁਰਾਣੀ ਜਾਇਦਾਦ ਖਰੀਦਣ ਜਾਂ ਵੇਚਣ ਲਈ ਕਾਲ ਕਰੋ**

## Ranjit S Mangat

**Valley Real Estate Center (Office Lic.: 01392267)**
**68 E 11th Street Ste 109, Tracy, CA 95376**
**Office: 209-956-1000 Cell : 408-355-5700, gbsingh84@gmail.com**

# ਭਾਜਪਾ ਦੀ ਸਿਆਸੀ ਬੇੜੀ ਡੋਬ ਦੇਵੇਗਾ ਭਗਵਾਂ ਰਾਸ਼ਟਰਵਾਦ

## ਵੋਟਰ ਸ਼ਾਂਤੀ ਤੇ ਵਿਕਾਸ ਚਾਹੁੰਦੇ ਹਨ ਹਿੰਦੂਤਵ ਨਾਲ ਕੋਈ ਲੈਣਾ ਦੇਣਾ ਨਹੀਂ




**ਜਲੰਧਰ/ਬਿਊਰੋ ਨਿਊਜ਼ :**

ਭਾਜਪਾ ਆਮ ਕਰਕੇ ਦਾਅਵਾ ਕਰਦੀ ਹੈ ਕਿ ਉਹ ਹਿੰਦੂ ਭਾਈਚਾਰੇ ਦੀ ਜਮਾਤ ਹੈ, ਇਹ ਇਕ ਵੱਡਾ ਝੂਠ ਹੈ। ਸੱਚ ਇਹ ਹੈ ਕਿ ਜਿੰਨੇ ਹਿੰਦੂ ਭਾਜਪਾ ਨੂੰ ਵੋਟ ਦਿੰਦੇ ਹਨ, ਉਸ ਤੋਂ ਜ਼ਿਆਦਾ ਹਿੰਦੂ ਭਾਜਪਾ ਦੇ ਖਿਲਾਫ਼ ਵੋਟ ਦਿੰਦੇ ਹਨ। ਅੰਕੜਿਆਂ ਵਲ ਝਾਤ ਮਾਰੋ ਤਾਂ ਭਾਰਤ ਦੀ ਆਬਾਦੀ ਬਾਰੇ ਕਿਹਾ ਜਾਂਦਾ ਹੈ ਕਿ ਇਸ ਵਿਚ 80% ਹਿੰਦੂ ਹਨ। ਪਰ ਅਸਲ ਵਿਚ ਇਹ 15% ਹਨ, ਪਰ ਸ਼ੂਦਰਾਂ, ਪੱਛੜਿਆਂ ਤੇ ਕਬੀਲਿਆਂ ਨੂੰ ਮਿਲਾ ਕੇ ਇਹ 80% ਬਣ ਜਾਂਦੇ ਹਨ। ਭਾਰਤੀ ਸੰਵਿਧਾਨ ਵਿਚ ਬਾਬਾ ਸਾਹਿਬ ਅੰਬੇਡਕਰ ਨੇ ਦਲਿਤਾਂ ਤੇ ਪੱਛੜਿਆਂ ਨੂੰ ਹਿੰਦੂ ਨਹੀਂ ਗਿਣਿਆ। ਉਹਨਾਂ ਨੂੰ ਐਸ ਸੀ / ਐਸ ਟੀ ਕਿਹਾ ਹੈ। ਇਹ ਵੱਖਰੀ ਬਹਿਸ ਦਾ ਮੁੱਦਾ ਹੈ। ਚੋਣ ਕਮਿਸ਼ਨ ਦੇ ਮੁਤਾਬਕ 2014 ਦੇ ਦੌਰਾਨ ਲੋਕ ਸਭਾ ਚੋਣ ਵਿਚ ਕੁਲ 54 ਕਰੋੜ ਲੋਕਾਂ ਨੇ ਵੋਟ ਪਾਈ। ਵੋਟ ਪਾਉਣ ਵਾਲਿਆਂ ਵਿਚ ਵੀ ਹਿੰਦੂ ਭਾਈਚਾਰੇ ਦਾ 80% ਅਨੁਪਾਤ ਮੰਨਦੇ ਹੋਏ ਕਿਹਾ ਜਾ ਸਕਦਾ ਹੈ ਕਿ 2014 ਦੌਰਾਨ ਕੁੱਲ 43 ਕਰੋੜ ਹਿੰਦੂ ਭਾਈਚਾਰੇ ਨੇ ਵੋਟ ਪਾਈ ਸੀ। ਤੁਹਾਨੂੰ ਯਾਦ ਕਰਵਾ ਦੇਈਏ ਕਿ ਉਸ ਚੋਣ ਦੌਰਾਨ ਭਾਜਪਾ ਨੂੰ 31% ਵੋਟ ਮਿਲੇ ਸਨ ਤੇ ਉਹਨਾਂ ਦੇ ਸਹਿਯੋਗੀ ਦਲਾਂ ਨੂੰ 7.5% ਮਿਲੇ ਸਨ। ਅਰਥਾਤ ਐਨਡੀਏ ਨੂੰ ਕੁੱਲ 38.5% ਵੋਟ ਮਿਲੇ ਸਨ। ਬਾਕੀ ਵੋਟ 62% ਭਾਜਪਾ ਦੇ ਖਾਤੇ ਵਿਚ ਨਹੀਂ ਪਏ। 43 ਕਰੋੜ ਹਿੰਦੂ ਭਾਈਚਾਰੇ ਵਿਚੋਂ ਸਿਰਫ਼ 21 ਕਰੋੜ ਹਿੰਦੂ ਭਾਈਚਾਰੇ ਨੇ ਐਨਡੀਏ ਨੂੰ ਵੋਟ ਦਿੱਤਾ। ਅਰਥਾਤ 22 ਕਰੋੜ ਹਿੰਦੂ ਭਾਈਚਾਰੇ ਨੇ ਐਨਡੀਏ ਦੇ ਖਿਲਾਫ਼ ਵੋਟ ਦਿੱਤਾ। ਅੱਧੇ ਤੋਂ ਜ਼ਿਆਦਾ ਹਿੰਦੂ ਭਾਈਚਾਰੇ ਨੇ 2014 ਦੀਆਂ ਲੋਕ ਸਭਾ ਚੋਣਾਂ ਵਿਚ ਭਾਜਪਾ ਤੇ ਉਹਨਾਂ ਸਹਿਯੋਗੀ ਦਲਾਂ ਨੂੰ ਵੋਟ ਨਹੀਂ ਦਿੱਤਾ। ਭਾਜਪਾ ਨੂੰ 31% ਦੇ ਹਿਸਾਬ ਨਾਲ ਸਿਰਫ 17 ਕਰੋੜ ਵੋਟ ਮਿਲੇ ਸਨ। ਅਰਥਾਤ 43 ਕਰੋੜ ਹਿੰਦੂਆਂ ਵਿਚੋਂ 26 ਕਰੋੜ ਹਿੰਦੂਆਂ ਨੇ ਭਾਜਪਾ ਨੂੰ ਵੋਟ ਨਹੀਂ ਦਿੱਤਾ ਸੀ। ਭਾਜਪਾ ਨੂੰ ਵੋਟ ਦੇਣ ਵਾਲੇ ਹਿੰਦੂਆਂ ਦੀ ਸੰਖਿਆ ਹੋਰ ਘੱਟ ਹੋ ਜਾਂਦੀ ਹੈ, ਜੇਕਰ ਭਾਜਪਾ ਨੂੰ ਮਹਾਂਰਾਸ਼ਟਰ ਵਿਚ ਸ਼ਿਵ ਸੈਨਾ ਦਾ, ਬਿਹਾਰ ਵਿਚ ਲੋਕ ਜਨ ਸ਼ਕਤੀ ਪਾਰਟੀ ਦਾ, ਆਂਧਰਾ ਪ੍ਰਦੇਸ਼ ਵਿਚ ਤੇਲਗੂ ਦੇਸ਼ਮ ਦਾ ਤੇ ਹੋਰ ਛੋਟੀਆਂ ਪਾਰਟੀਆਂ ਜਿਵੇਂ ਉੱਤਰ ਪ੍ਰਦੇਸ਼ ਵਿਚ ਆਪਣੇ ਦਲ ਦਾ ਸਮਰਥਨ ਪ੍ਰਾਪਤ ਨਾ ਹੁੰਦਾ। ਜਦ ਕਾਂਗਰਸ ਦੀ ਯੂਪੀਏ ਸਰਕਾਰ ਦਸ ਸਾਲ ਸੱਤਾ ਵਿਚ ਸੀ ਤਾਂ ਬਹੁਤ ਸਾਰੇ ਘੁਟਾਲਿਆਂ ਤੇ ਦੋਸ਼ਾਂ ਵਿਚ ਘਿਰੇ ਹੋਣ ਕਾਰਨ ਵਿਰੋਧੀ ਲਹਿਰ ਦਾ ਸਾਹਮਣਾ ਕਰ ਰਹੀ ਸੀ। ਉਸ ਸਮੇਂ ਹਿੰਦੂਤਵੀ ਸਮਰਾਟ ਨਰਿੰਦਰ ਮੋਦੀ ਚਮਕਾਇਆ ਗਿਆ। ਭਾਰਤ ਵਿਚ ਦੋ ਹੀ ਪ੍ਰਮੁੱਖ ਪਾਰਟੀਆਂ ਸਨ ਕਾਂਗਰਸ ਤੇ ਭਾਜਪਾ। ਇਸ ਲਈ ਭਾਜਪਾ ਨੂੰ ਹੀ ਸਮਰਥਨ ਮਿਲਣਾ ਸੀ। ਜੇ ਭਾਜਪਾ ਨੂੰ ਸੱਚਮੁੱਚ ਹਿੰਦੂ ਭਾਈਚਾਰੇ ਦਾ ਬਹੁਮਤ ਪ੍ਰਾਪਤ ਹੁੰਦਾ ਤਾਂ ਲੋਕ ਸਭਾ ਦੀਆਂ 99% ਸੀਟਾਂ ਉਸ ਦੀ ਝੋਲੀ ਵਿਚ ਡਿੱਗਦੀਆਂ। ਪਰ 2014 ਵਿਚ ਲੋਕ ਸਭਾ ਦੀਆਂ 543 ਸੀਟਾਂ ਵਿਚੋਂ ਕੁੱਲ 336 ਸੀਟਾਂ ਹੀ ਮਿਲੀਆਂ ਸਨ। ਇਸ ਦਾ ਮਤਲਬ ਹੈ ਕਿ 200 ਤੋਂ ਜ਼ਿਆਦਾ ਹਿੰਦੂ ਹਲਕੇ ਵਾਲੀਆਂ ਸੀਟਾਂ ਮੋਦੀ ਗੱਠਜੋੜ ਹਾਰ ਗਿਆ। ਹੈਰਾਨ ਕਰਨ ਵਾਲੀ ਗੱਲ ਇਹ ਹੈ ਕਿ 2014 ਦੌਰਾਨ ਚੋਣ ਵਿਚ ਭਾਜਪਾ ਨੇ 428 ਸੀਟਾਂ 'ਤੇ ਚੋਣ ਲੜੀ ਜਿਸ ਵਿਚੋਂ 146 ਸੀਟਾਂ 'ਤੇ ਹਾਰ ਗਈ। ਜਾਹਿਰ ਹੈ ਕਿ ਸਾਰੀਆਂ ਸੀਟਾਂ 'ਤੇ ਹਿੰਦੂ ਭਾਈਚਾਰੇ ਦਾ ਬੋਲਬਾਲਾ ਸੀ। ਪਰ ਹੁਣ ਦੋਹਾਂ ਵਿਚ ਹਿੰਦੂ ਵੋਟਰਾਂ ਨੇ ਭਾਜਪਾ ਦੇ ਇਸ ਦਾਅਵੇ ਨੂੰ ਤਹਿਸ ਨਹਿਸ ਕਰ ਦਿੱਤਾ ਕਿ ਉਹ ਹਿੰਦੂ ਪਾਰਟੀ ਹੈ। ਤੁਹਾਨੂੰ ਯਾਦ ਹੋਵੇਗਾ ਕਿ ਚਾਰ ਮਹੀਨੇ ਪਹਿਲੇ ਮੱਧ ਪ੍ਰਦੇਸ਼, ਰਾਜਸਥਾਨ ਵਿਚ ਵਿਧਾਨ ਸਭਾ ਚੋਣਾਂ ਹੋਈਆਂ ਸਨ। ਇਹਨਾਂ ਦੋਨਾਂ ਰਾਜਾਂ ਵਿਚ ਹਿੰਦੂਆਂ ਦੀ ਸੰਖਿਆ ਦਾ ਅਨੁਪਾਤ ਭਾਰਤ ਦੇ ਔਸਤ ਤੋਂ ਜ਼ਿਆਦਾ 90% ਹੈ। ਅਰਥਾਤ ਇੱਥੋਂ ਦਸ ਵਿਚੋਂ 9 ਵੋਟਰ ਹਿੰਦੂ ਹਨ। ਇਸ ਦੇ ਬਾਵਜੂਦ ਇਨ੍ਹਾਂ ਵਿਧਾਨ ਸਭਾ ਚੋਣਾਂ ਵਿਚ ਪਹਿਲਾਂ ਦੇ ਮੁਕਾਬਲੇ ਜ਼ਿਆਦਾ ਹਿੰਦੂਆਂ ਨੇ ਕਾਂਗਰਸ ਨੂੰ ਵੋਟ ਦਿੱਤਾ। ਜਿਸ ਦੇ ਕਾਰਨ ਕਾਂਗਰਸ ਦਾ ਵੋਟ ਸ਼ੇਅਰ 2013 ਦੇ ਵਿਧਾਨ ਸਭਾ ਚੋਣਾਂ ਦੇ ਮੁਕਾਬਲੇ 5 ਤੋਂ 6% ਵਧਿਆ। ਇਹਨਾਂ ਦੋਨਾਂ ਰਾਜਾਂ ਵਿਚ 20 13 ਦੇ ਮੁਕਾਬਲੇ ਘੱਟ ਹਿੰਦੂਆਂ ਨੇ ਇਸ ਵਾਰ ਭਾਜਪਾ ਨੂੰ ਵੋਟ ਦਿੱਤਾ। ਰਾਜਸਥਾਨ ਵਿਚ ਭਾਜਪਾ ਦਾ ਵੋਟ ਸ਼ੇਅਰ 7% ਡਿਗਿਆ ਤੇ ਮੱਧ ਪ੍ਰਦੇਸ਼ ਵਿਚ 3%। ਇਹ ਸਭ ਕੁਝ ਇਸ ਲਈ ਵਾਪਰਿਆ ਕਿਉਂਕਿ ਮੋਦੀ ਸਰਕਾਰ ਲੋਕਾਂ ਦੇ ਵਾਅਦੇ ਪੂਰੇ ਨਹੀਂ ਕਰ ਸਕੀ। ਲੋਕਾਂ ਦਾ ਹਿੰਦੂਤਵ ਨਾਲ ਕੋਈ ਲੈਣਾ ਦੇਣਾ ਨਹੀਂ, ਉਹ ਸ਼ਾਂਤੀ ਤੇ ਵਿਕਾਸ ਚਾਹੁੰਦੇ ਹਨ। ਹਰੇਕ ਸਰਕਾਰ ਦਾ ਪੈਮਾਨਾ ਇਨਸਾਫ਼, ਸ਼ਾਂਤੀ, ਵਿਕਾਸ ਤੇ ਭ੍ਰਿਸ਼ਟਾਚਾਰ ਤੋਂ ਰਹਿਤ ਰਾਜ ਹੁੰਦਾ ਹੈ। ਪਰ ਮੋਦੀ ਸਰਕਾਰ ਇਸ ਪੈਮਾਨੇ ਤੋਂ ਉਲਟ ਚੱਲ ਰਹੀ ਹੈ। ਇਸ ਲਈ ਉਸ ਨੂੰ ਭਗਵੇਂ ਰਾਸ਼ਟਰਵਾਦ ਦੀ ਲੋੜ ਪੈ ਰਹੀ ਹੈ, ਪਰ ਇਹ ਭਾਜਪਾ ਦੀ ਸਿਆਸੀ ਬੇੜੀ ਨੂੰ ਡੋਬ ਦੇਵੇਗਾ। ਭਾਰਤੀ ਖੁਫ਼ੀਆ ਏਜੰਸੀ ਰਿਸਰਚ ਐਂਡ ਏਨਾਲਿਸਿਸ ਵਿੰਗ ਯਾਨੀ ਰਾਅ ਦੇ ਸਾਬਕਾ ਅਧਿਕਾਰੀ ਏ ਐੱਸ ਦੁਲਤ ਨੇ ਠੀਕ ਹੀ ਕਿਹਾ ਹੈ ਕਿ ਜੰਮੂ-ਕਸ਼ਮੀਰ ਦੇ ਪੁਲਵਾਮਾ ਵਿੱਚ ਬੀਤੇ ਫ਼ਰਵਰੀ ਮਹੀਨੇ ਸੀ ਆਰ ਪੀ ਐੱਫ਼ ਦੇ ਕਾਫ਼ਲੇ ਉਤੇ ਹੋਇਆ ਆਤਮਘਾਤੀ ਹਮਲਾ ਚੋਣਾਂ ਤੋਂ ਪਹਿਲਾਂ ਭਾਜਪਾ ਲਈ ਇੱਕ ਤੋਹਫ਼ਾ ਸੀ। ਇਸ ਹਮਲੇ ਵਿੱਚ 40 ਤੋਂ ਵੱਧ ਜਵਾਨ ਮਾਰੇ ਗਏ ਸਨ।

ਹੈਦਰਾਬਾਦ ਵਿਚ ਇੰਡੀਅਨ ਇਕਨਾਮਿਕ ਟਰੇਡ ਆਰਗੇਨਾਈਜ਼ੇਸ਼ਨ ਵੱਲੋਂ ਆਯੋਜਿਤ ਏਸ਼ੀਅਨ ਅਰਥ ਐਵਾਰਡਜ਼ 2019 ਮੌਕੇ ਦੁਲਤ ਨੇ ਕਿਹਾ ਕਿ ਮੈਂ ਪਹਿਲਾਂ ਵੀ ਇਹ ਕਹਿ ਚੁੱਕਾ ਹਾਂ ਕਿ ਪੁਲਵਾਮਾ ਹਮਲਾ ਜੈਸ਼-ਏ-ਮੁਹੰਮਦ ਦਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਦਿੱਤਾ ਇੱਕ ਉਪਹਾਰ ਸੀ। ਚੋਣਾਂ ਸਿਰ ਉੱਤੇ ਸਨ, ਇਸ ਲਈ ਲੱਗਣ ਲੱਗ ਪਿਆ ਸੀ ਕਿ ਬਦਲਾ ਲਿਆ ਜਾਵੇਗਾ। ਇਸੇ ਦਾ ਸਿੱਟਾ ਸੀ ਭਾਰਤੀ ਹਵਾਈ ਫ਼ੌਜ ਵੱਲੋਂ ਪਾਕਿਸਤਾਨ ਵਿੱਚ ਕੀਤੀ ਗਈ ਏਅਰ ਸਟਰਾਈਕ।

ਦੁਲਤ ਨੇ ਰਾਸ਼ਟਰਵਾਦ ਬਾਰੇ ਬੋਲਦਿਆਂ ਕਿਹਾ ਕਿ ਇਸ ਨੂੰ ਵਿਸ਼ਾਲ ਚੌਖਟੇ ਵਿੱਚ ਰੱਖ ਕੇ ਦੇਖਣਾ ਚਾਹੀਦਾ ਹੈ ਅਤੇ ਜਿੱਥੇ ਦੇਸ਼ ਭਗਤੀ ਮੌਜੂਦ ਹੋਵੇ, ਉਥੇ ਰਾਸ਼ਟਰਵਾਦ ਤੇ ਜ਼ੋਰ ਨਹੀਂ ਦੇਣਾ ਚਾਹੀਦਾ। ਰਾਸ਼ਟਰਵਾਦ ਸਦਾ ਯੁੱਧ ਵੱਲ ਲਿਜਾਂਦਾ ਹੈ। ਉਨ੍ਹਾਂ ਕਸ਼ਮੀਰ ਮਸਲੇ ਦਾ ਜ਼ਿਕਰ ਕਰਦਿਆਂ ਕਿਹਾ ਕਿ ਗੱਲਬਾਤ ਤੋਂ ਬਿਨਾਂ ਕੋਈ ਵੀ ਰਾਹ ਨਹੀਂ। ਸਾਨੂੰ ਕਸ਼ਮੀਰੀਆ ਨਾਲ ਵੀ ਗੱਲ ਕਰਨੀ ਚਾਹੀਦੀ ਹੈ ਤੇ ਪਾਕਿਸਤਾਨ ਨਾਲ ਵੀ।

**ਅਖੌਤੀ ਰਾਸ਼ਟਰਵਾਦੀ-**

ਹੋਲੀ ਦੇ ਤਿਉਹਾਰ ਸਮੇਂ ਗੁਰੂਗ੍ਰਾਮ ਵਿੱਚ ਇੱਕ ਮੁਸਲਿਮ ਪਰਿਵਾਰ ਦੇ ਘਰ ਉੱਤੇ ਅਖੌਤੀ ਰਾਸ਼ਟਰਵਾਦੀ ਗੁੰਡਿਆਂ ਵੱਲੋਂ ਹਮਲਾ ਕੀਤਾ ਜਾ ਰਿਹਾ ਸੀ। ਭੀੜਤੰਤਰੀ ਹਿੰਸਾ ਦਾ ਜੋ ਤਾਂਡਵ ਉੱਤਰ ਪ੍ਰਦੇਸ਼ ਦੇ ਦਾਦਰੀ ਤੋਂ ਸ਼ੁਰੂ ਹੋਇਆ ਸੀ, ਉਹ ਹੌਲੀ-ਹੌਲੀ ਸਾਰੇ ਦੇਸ਼ ਵਿੱਚ ਫੈਲਾਇਆ ਗਿਆ। ਅਖੌਤੀ ਗਊ ਰਾਖਿਆਂ ਵੱਲੋਂ ਦਾਦਰੀ ਵਿੱਚ ਗਊ ਮਾਸ ਰੱਖਣ ਦੇ ਦੋਸ਼ ਹੇਠ ਮੁਹੰਮਦ ਅਖਲਾਕ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ। ਹਰਿਆਣਾ ਦੇ ਬਲਬਗੜ੍ਹ ਵਿੱਚ ਅਜਿਹਾ ਦੋਸ਼ ਲਾ ਕੇ 18 ਸਾਲਾ ਜੁਨੈਦ ਖਾਂ ਦੀ ਜਾਨ ਲੈ ਲਈ ਗਈ। ਰਾਜਸਥਾਨ ਵਿੱਚ ਇੱਕ ਗਊ ਪਾਲਕ ਕਿਸਾਨ ਪਹਿਲੂ ਖਾਨ ਨੂੰ ਉਸ ਵੇਲੇ ਘੇਰ ਕੇ ਮਾਰ ਦਿੱਤਾ ਗਿਆ, ਜਦੋਂ ਉਹ ਇੱਕ ਪਸ਼ੂ ਮੇਲੇ ਉੱਤੋਂ ਦੁਧਾਰੂ ਗਾਂ ਖਰੀਦ ਕੇ ਆਪਣੇ ਪਿੰਡ ਨੂੰ ਜਾ ਰਿਹਾ ਸੀ। ਮੋਦੀ ਰਾਜ ਦੌਰਾਨ ਅਜਿਹੀਆਂ ਅਣਮਨੁੱਖੀ ਕਾਰਵਾਈਆਂ ਦੀ ਤਫ਼ਸੀਲ ਬੜੀ ਲੰਮੀ ਹੈ।

ਗੁਰੂਗ੍ਰਾਮ ਦੀ ਤਾਜ਼ਾ ਘਟਨਾ ਦਾ ਇੱਕ ਵੀਡੀਓ ਸੋਸ਼ਲ ਮੀਡੀਆ ਉੱਤੇ ਤੇਜ਼ੀ ਨਾਲ ਵਾਇਰਲ ਹੋ ਰਿਹਾ ਹੈ। ਇਹ ਵੀਡੀਓ ਪੀੜਤ ਪਰਵਾਰ ਦੀ ਇੱਕ ਲੜਕੀ ਦਾਨਿਸ਼ਤਾ ਨੇ ਆਪਣੇ ਮੋਬਾਇਲ ਰਾਹੀਂ ਰਿਕਾਰਡ ਕੀਤਾ ਸੀ। ਇਸ ਵੀਡੀਓ ਵਿੱਚ ਛੱਤ ਉੱਤੇ ਖੜੀਆਂ ਲੜਕੀਆਂ ਚੀਕ-ਚਿਹਾੜਾ ਪਾ ਰਹੀਆਂ ਹਨ। ਮਕਾਨ ਦੀ ਹੇਠਲੀ ਮੰਜ਼ਲ ਉੱਤੇ ਕੁਝ ਗੁੰਡੇ ਇੱਕ ਵਿਅਕਤੀ ਨੂੰ ਬੇਰਹਿਮੀ ਨਾਲ ਕੁੱਟ ਰਹੇ ਹਨ। ਘਰ ਦੀਆਂ ਬੁੱਢੀਆਂ ਔਰਤਾਂ ਗੁੰਡਿਆਂ ਤੋਂ ਦਯਾ ਦੀ ਭੀਖ ਮੰਗ ਰਹੀਆਂ ਹਨ, ਪ੍ਰੰਤੂ ਉਹ ਉਨ੍ਹਾਂ ਚਿਰ ਮੁਹੰਮਦ ਦਿਲਸ਼ਾਦ ਨਾਂਅ ਦੇ ਵਿਅਕਤੀ ਨੂੰ ਕੁੱਟਦੇ ਰਹਿੰਦੇ ਹਨ, ਜਦੋਂ ਤੱਕ ਡੰਡਾ ਟੁੱਟ ਨਹੀਂ ਜਾਂਦਾ ਤੇ ਦਿਲਸ਼ਾਦ ਬੇਹੋਸ਼ ਨਹੀਂ ਹੋ ਜਾਂਦਾ। ਦਿਲਸ਼ਾਦ ਉਤਰ ਪ੍ਰਦੇਸ਼ ਦੇ ਬਾਗਪਤ ਦਾ ਰਹਿਣ ਵਾਲਾ ਹੈ, ਉਹ ਗੁਰੂਗ੍ਰਾਮ ਦੇ ਭੋਂਡਸੀ ਵਿੱਚ ਕੂਲਰ ਬਣਾ ਕੇ ਵੇਚਣ ਦਾ ਕੰਮ ਕਰਦਾ ਹੈ। ਚਾਰ ਸਾਲ ਪਹਿਲਾਂ ਉਸ ਨੇ ਇੱਥੇ ਮਕਾਨ ਬਣਾ ਕੇ ਆਪਣਾ ਪਰਿਵਾਰ ਵੀ ਲੈ ਆਂਦਾ ਸੀ।

ਇਸ ਘਟਨਾ ਸੰਬੰਧੀ ਪੁਲਸ ਦਾ ਕਹਿਣਾ ਹੈ ਕਿ ਸ਼ਾਮ 3 ਵਜੇ ਦੇ ਕਰੀਬ ਦਿਲਸ਼ਾਦ ਆਪਣੇ ਗੁਆਂਢੀਆਂ ਨਾਲ ਪਾਸ ਦੇ ਇੱਕ ਮੈਦਾਨ ਵਿੱਚ ਕ੍ਰਿਕਟ ਖੇਡ ਰਿਹਾ ਸੀ। ਅਚਾਨਕ 9-10 ਮੁੰਡੇ ਮੋਟਰ ਸਾਈਕਲਾਂ ਉੱਤੇ ਆਏ ਅਤੇ ਰੌਲਾ ਪਾਉਣ ਲੱਗੇ, "ਤੂੰ ਇਥੇ ਕੀ ਕਰ ਰਿਹਾ ਹੈਂ। ਜਾਓ ਪਾਕਿਸਤਾਨ ਜਾਓ।" ਉਹ ਖੇਡਣੋਂ ਹਟ ਕੇ ਜਦੋਂ ਘਰ ਆਇਆ ਤਾਂ ਉਨ੍ਹਾਂ ਘਰ ਉੱਤੇ ਹਮਲਾ ਕਰ ਦਿੱਤਾ। ਉਨ੍ਹਾਂ ਪਾਸ ਹਾਕੀਆਂ ਸਨ। ਘਰ ਦੀ ਲੜਕੀ, ਜੋ ਲਗਾਤਾਰ ਵੀਡੀਓ ਬਣਾ ਰਹੀ ਸੀ, ਨੇ ਦੱਸਿਆ ਕਿ ਹਮਲਾ ਕਰ ਰਹੇ ਮੁੰਡਿਆਂ ਵਿੱਚੋਂ ਇੱਕ ਨੇ ਮੈਨੂੰ ਵੀਡੀਓ ਬਣਾਉਂਦਿਆਂ ਦੇਖ ਲਿਆ। ਉਸ ਤੋਂ ਬਾਅਦ ਉਹ ਮੈਨੂੰ ਪਕੜਨ ਲਈ ਉਤਲੀ ਮੰਜ਼ਲ ਉੱਤੇ ਆ ਗਏ। ਉਨ੍ਹਾਂ ਦੇ ਆਉਣ ਤੋਂ ਪਹਿਲਾਂ ਹੀ ਮੈਂ ਫ਼ੋਨ ਨੂੰ ਛੁਪਾ ਦਿੱਤਾ। ਉਸ ਨੇ ਦੱਸਿਆ ਕਿ ਹਮਲਾਵਰਾਂ ਨੇ ਔਰਤਾਂ ਤੇ ਬੱਚਿਆਂ ਨੂੰ ਵੀ ਨਹੀਂ ਬਖਸ਼ਿਆ। ਉਸ ਨੇ ਦੱਸਿਆ ਕਿ ਗੁੰਡੇ ਜਾਂਦੇ ਹੋਏ ਸਾਡੀ ਅਲਮਾਰੀ ਵਿੱਚੋਂ 25 ਹਜ਼ਾਰ ਰੁਪਏ, ਇੱਕ ਸੋਨੇ ਦੀ ਚੇਨ ਤੇ ਇੱਕ ਜੋੜੀ ਕੰਨਾਂ ਦੇ ਰਿੰਗ ਵੀ ਨਾਲ ਲੈ ਗਏ। ਜਾਂਦੇ ਹੋਏ ਉਹ ਘਰ ਵਿੱਚ ਖੜੀਆਂ ਗੱਡੀਆਂ ਵੀ ਭੰਨ ਗਏ।

ਇਸ ਘਟਨਾ ਨੇ ਇਹ ਦਿਖਾ ਦਿੱਤਾ ਹੈ ਕਿ ਅਸੀਂ ਬੀਤੇ ਪੰਜ ਸਾਲਾਂ ਦੌਰਾਨ ਮੋਦੀ ਦੇ, 'ਸਭ ਕਾ ਸਾਥ ਸਭ ਕਾ ਵਿਕਾਸ' ਨੇ ਸਾਡੇ ਦੇਸ਼ ਨੂੰ ਕਿੱਥੇ ਪੁਚਾ ਦਿੱਤਾ ਹੈ। ਬਹੁਗਿਣਤੀ ਭਾਈਚਾਰੇ ਦੇ ਇੱਕ ਤਬਕੇ ਦੇ ਲੋਕਾਂ ਵਿੱਚ ਇਹ ਹੰਕਾਰ ਸਿਖਰ ਉੱਤੇ ਪੁੱਜ ਚੁੱਕਾ ਹੈ ਕਿ ਉਹ ਕੁਝ ਵੀ ਕਰਨ ਉਨ੍ਹਾਂ ਨੂੰ ਕੋਈ ਰੋਕਣ ਵਾਲਾ ਨਹੀਂ। ਉਨ੍ਹਾਂ ਪਾਸ ਘੜੇ-ਘੜਾਏ ਮੁੱਦੇ ਹਨ। ਇਹ ਮੁੱਦਾ ਗਾਂ ਦਾ ਹੋ ਸਕਦਾ ਹੈ, ਮੁਸਲਮਾਨ ਦਾ ਹੋ ਸਕਦਾ ਹੈ, ਕਸ਼ਮੀਰੀਆਂ ਦਾ ਹੋ ਸਕਦਾ ਹੈ, ਭਾਰਤ ਮਾਤਾ ਦੀ ਜੈ ਦਾ ਹੋ ਸਕਦਾ ਹੈ ਤੇ ਸਭ ਤੋਂ ਵੱਧ ਮੋਦੀ ਵਿਰੁੱਧ ਕੁਝ ਵੀ ਕਹਿਣ ਦਾ ਹੋ ਸਕਦਾ ਹੈ, ਇਨ੍ਹਾਂ ਸਵਾਲਾਂ ਉੱਤੇ ਉਹ ਸੜਕ ਦੇ ਜਾਂ ਘਰ ਵਿੱਚ ਵੜ ਕੇ ਕਿਸੇ ਨੂੰ ਕੁੱਟ ਸਕਦੇ ਹਨ, ਮਾਰ ਸਕਦੇ ਹਨ।

ਇਹ ਲੋਕ ਹਨ ਕੌਣ? ਪਿਛਲੇ ਸਾਢੇ ਚਾਰ ਸਾਲ ਦੀਆਂ ਘਟਨਾਵਾਂ ਦੀ ਜਾਂਚ ਤੋਂ ਬਾਅਦ ਸਪੱਸ਼ਟ ਸਾਹਮਣੇ ਆਉਂਦਾ ਹੈ ਕਿ ਹਰ ਥਾਂ ਇੱਕੋ ਜਿਹੀਆਂ ਸੰਸਥਾਵਾਂ ਦੇ ਮੈਂਬਰ ਹੀ ਦੋਸ਼ੀਆਂ ਦੀ ਕਤਾਰ ਵਿੱਚ ਖੜੇ ਦਿਖਾਈ ਦਿੰਦੇ ਹਨ। ਇਹ ਹਨ: ਬਜਰੰਗ ਦਲ, ਹਿੰਦੂ ਸੁਰੱਖਿਆ ਸੰਮਤੀ, ਹਿੰਦੂ ਵਾਹਿਨੀ, ਸੰਯੁਕਤ ਹਿੰਦੂ ਸੰਘਰਸ਼ ਸੰਮਤੀ ਤੇ ਅਖਿਲ ਭਾਰਤੀ ਹਿੰਦੂ ਕ੍ਰਾਂਤੀ ਦਲ। ਗੁਰੂਗ੍ਰਾਮ ਵਿੱਚ ਵਾਪਰੀ ਤਾਜ਼ਾ ਘਟਨਾ ਹਰਿਆਣਾ ਵਿੱਚ ਆਉਣ ਵਾਲੀਆਂ ਲੋਕ ਸਭਾ ਚੋਣਾਂ ਲਈ ਹਿੰਦੂ ਵੋਟਾਂ ਦੇ ਧਰੁਵੀਕਰਨ ਦੀ ਨੀਚ ਕੋਸ਼ਿਸ਼ ਹੈ। ਆਉਣ ਵਾਲੇ ਦਿਨੀਂ ਅਜਿਹੀਆਂ ਘਟਨਾਵਾਂ ਹੋਰ ਥਾਈਂ ਵਾਪਰਨ ਦੀ ਸੰਭਾਵਨਾ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ। ਇਹ ਰਾਸ਼ਟਰਵਾਦ ਕਿੰਨਾ ਖਤਰਨਾਕ ਹੋਵੇਗਾ ਤੁਸੀਂ ਅੰਦਾਜ਼ਾ ਨਹੀਂ ਲਗਾ ਸਕਦੇ।

### ਕੀ ਹੋਵੇ ?

ਭਾਰਤੀ ਨਾਗਰਿਕਾਂ ਲਈ ਬੁਢਾਪੇ 'ਚ ਸਮਾਜਿਕ ਸੁਰੱਖਿਆ, ਭਾਰਤੀ ਇਸਤਰੀ ਲਈ ਸਮਾਜ 'ਚ ਬਰਾਬਰ ਦਾ ਦਰਜਾ, ਸਾਰੇ ਨਾਗਰਿਕਾਂ ਲਈ ਸਿੱਖਿਆ, ਸਿਹਤ ਸਹੂਲਤਾਂ, ਬਿਨਾ ਵਿਤਕਰੇ ਸਮਾਜਿਕ ਭੈ-ਮੁਕਤ ਜੀਵਨ, ਧਰਮ ਜਾਂ ਜਾਤੀ ਜਾਂ ਭਾਸ਼ਾ ਉਤੇ ਆਧਾਰਿਤ ਭੀੜਾਂ ਦੀ ਹਿੰਸਾ ਤੋਂ ਮੁਕਤੀ, ਔਰਤਾਂ ਨਾਲ ਵਧੀਕੀਆਂ ਜਾਂ ਛੇੜਛਾੜ ਡਰ-ਭਉ ਰਹਿਤ ਸਮਾਜਿਕ ਵਰਤਾਰਾ ਕੁਝ ਇਹੋ ਜਿਹੇ ਮੁੱਦੇ ਹਨ ਜਿਹੜੇ ਸਿਆਸੀ ਪਾਰਟੀਆਂ ਦੇ ਰਾਸ਼ਟਰੀ ਏਜੰਡੇ 'ਚ ਸ਼ਾਮਲ ਹੋਣੇ ਚਾਹੀਦੇ ਹਨ। ਭਾਰਤੀ ਚੋਣ ਕਮਿਸ਼ਨ ਨੇ ਸਿਆਸੀ ਪਾਰਟੀਆਂ ਲਈ ਆਪਣਾ ਮਨੋਰਥ ਪੱਤਰ ਜਾਰੀ ਕਰਨ ਦੀ ਸਮਾਂ ਹੱਦ ਐਲਾਨ ਦਿੱਤੀ ਹੈ ਜੋ 2014 ਦੀਆਂ ਲੋਕ ਸਭਾ ਚੋਣਾਂ ਵੇਲੇ ਨਹੀਂ ਸੀ। ਲੋਕ ਨੁਮਾਇੰਦਾ ਕਾਨੂੰਨ ਦੀ ਧਾਰਾ 126 ਮੁਤਾਬਕ ਮਤਦਾਨ ਤੋਂ 48 ਘੰਟੇ ਪਹਿਲਾਂ ਪ੍ਰਚਾਰ 'ਤੇ ਪਾਬੰਦੀ ਲੱਗ ਜਾਂਦੀ ਹੈ। ਇਸੇ ਮੁਤਾਬਕ ਆਉਂਦੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਚੋਣ ਕਮਿਸ਼ਨ ਨੇ ਚੋਣ ਪ੍ਰਕਿਰਿਆ 'ਚ ਸੁਧਾਰ ਵਜੋਂ ਪਾਰਟੀਆਂ ਨੂੰ ਹਦਾਇਤ ਕੀਤੀ ਹੈ ਕਿ ਉਹ ਚੋਣਾਂ ਤੋਂ 48 ਘੰਟੇ ਪਹਿਲਾ ਆਪਣਾ ਚੋਣ ਮਨੋਰਥ ਪੱਤਰ ਜਾਰੀ ਕਰੇ। ਅਜਿਹੇ ਹੋਰ ਬੇਅੰਤ ਸੁਧਾਰਾਂ ਦੀ ਲੋੜ ਹੈ।ਖ਼ਤਰਾ ਸਾਡੀਆਂ ਭਾਸ਼ਾਵਾਂ, ਧਰਮਾਂ ਅਤੇ ਸਭਿਆਚਾਰਾਂ ਨੂੰ ਨਹੀਂ ਬਲਕਿ ਸਾਡੀਆਂ ਨਦੀਆਂ, ਫ਼ਸਲਾਂ, ਹਵਾ ਅਤੇ ਪਾਣੀ ਨੂੰ ਹੈ। ਕੀ ਕੋਈ ਅਜਿਹਾ ਲੋਕਤੰਤਰ ਹੈ ਜੋ ਸਾਨੂੰ ਆਪਣੇ ਰੁਜ਼ਗਾਰ, ਸਿਹਤ ਅਤੇ ਜ਼ਿੰਦਗੀ ਨੂੰ ਲੈ ਕੇ ਆਤਮ-ਨਿਰਣੇ ਦਾ ਅਧਿਕਾਰ ਦੇ ਸਕੇ?

## ਰਾਸ਼ਟਰਵਾਦ ਦੇ ਨਾਮ ਤੇ ਚੋਣ ਲੜਨ ਵਿਚ ਕੋਈ ਬੁਰਾਈ ਨਹੀਂ : ਅਮਿਤ ਸ਼ਾਹ



ਭਾਜਪਾ ਦੇ ਕੌਮੀ ਪ੍ਰਧਾਨ ਅਮਿਤ ਸ਼ਾਹ ਦਾ ਕਹਿਣਾ ਹੈ ਕਿ ਰਾਸ਼ਟਰਵਾਦ ਦੇ ਨਾਮ ਉਤੇ ਚੋਣ ਲੜਨ ਵਿਚ ਕੋਈ ਬੁਰਾਈ ਨਹੀਂ ਹੈ। ਉਨ੍ਹਾਂ ਕਿਹਾ ਕਿ ਬਾਲਾਕੋਟ ਵਿਚ ਹਵਾਈ ਹਮਲੇ ਉਤੇ ਪਾਕਿਸਤਾਨ ਨੇ ਸਵਾਲ ਚੁੱਕੇ, ਇਹ ਕੋਈ ਵੱਡੀ ਗੱਲ ਨਹੀਂ ਹੈ, ਵੱਡੀ ਗੱਲ ਇਹ ਹੈ ਕਿ ਸਾਡੇ ਦੇਸ਼ ਦੀਆਂ ਕੁਝ ਸਿਆਸੀ ਧਿਰਾਂ ਨੇ ਹੀ ਸਾਡੀ ਫ਼ੌਜੀ ਕਾਰਵਾਈ ਉਤੇ ਸਵਾਲ ਖੜ੍ਹੇ ਕਰ ਦਿੱਤੇ, ਜੋ ਫਿਕਰ ਵਾਲੀ ਗੱਲ ਹੈ। ਕਿਸੇ ਵੀ ਫ਼ੌਜੀ ਕਾਰਵਾਈ ਉਤੇ ਸਿਆਸਤ ਨਹੀਂ ਹੋਣੀ ਚਾਹੀਦੀ। ਉਨ੍ਹਾਂ ਕਿਹਾ ਕਿ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਦੇ ਹੱਥਾਂ ਵਿਚ ਦੇਸ਼ ਪੂਰੀ ਤਰ੍ਹਾਂ ਸੁਰੱਖਿਅਤ ਹੈ ਪਰ ਕੁਝ ਸਿਆਸੀ ਧਿਰਾਂ ਸਿਆਸੀ ਲਾਹੇ ਲਈ ਦੇਸ਼ ਦੀ ਸੁਰੱਖਿਆ ਨੂੰ ਦਾਅ ਲਾਉਣ ਲਈ ਕਾਹਲੀਆਂ ਹਨ। ਭਾਜਪਾ ਸਰਕਾਰ ਨੇ ਹਰ ਵਰਗ ਨੂੰ ਸਹੂਲਤ ਦਿੱਤੀ। ਦੇਸ਼ ਵਿਚ ਗਰੀਬੀ ਦੇ ਪੈਰ ਪੁੱਟਣ ਲਈ ਹਰ ਕੋਸ਼ਿਸ਼ ਕੀਤੀ ਤੇ ਇਸ ਵਿਚ ਵੱਡੀ ਸਫਲਤਾ ਵੀ ਮਿਲੀ।ਵਿਰੋਧੀ ਧਿਰਾਂ ਨੂੰ ਇਹ ਗੱਲ ਵੀ ਚੁੱਭ ਰਹੀ ਹੈ। ਉਨ੍ਹਾਂ ਕਿਹਾ ਦੇਸ਼ ਦੇ ਲੋਕ ਭਾਜਪਾ ਸਰਕਾਰ ਤੋਂ ਖੁਸ਼ ਤੇ ਸੰਤੁਸ਼ਟ ਹਨ ਤੇ ਮੁੜ ਦੇਸ਼ ਵਿਚ ਭਾਜਪਾ ਦੀ ਅਗਵਾਈ ਵਾਲੀ ਸਰਕਾਰ ਬਣੇਗੀ। ਦੇਸ਼ ਪ੍ਰਧਾਨ ਮੰਤਰੀ ਮੋਦੀ ਦੀ ਅਗਵਾਈ ਵਾਲੀ ਸਰਕਾਰ ਦੇ ਹੱਥਾਂ ਵਿਚ ਪੂਰੀ ਤਰ੍ਹਾਂ ਸੁਰੱਖਿਅਤ ਹੈ।

# ਚੋਣ-2019

# ਮੋਦੀ ਸਰਕਾਰ ਦੀ ਕਾਰਗੁਜ਼ਾਰੀ ਦਾ ਰਿਪੋਰਟ ਕਾਰਡ

**ਜਾਰਜ ਅਬਰਾਹੀਮ**
ਵਾਈਸ ਚੇਅਰਮੈਨ, ਇੰਡੀਅਨ ਓਵਰਸੀਜ਼ ਕਾਂਗਰਸ (ਯੂਐਸਏ)।

ਭਾਰਤ ਵਿਚ ਅਪ੍ਰੈਲ ਤੇ ਮਈ-2019 ਦੌਰਾਨ ਆਮ ਸੰਸਦੀ ਚੋਣਾਂ ਹੋਣ ਜਾ ਰਹੀਆਂ ਹਨ। ਅਜਿਹੇ ਸਮੇਂ ਹਰ ਕਿਸੇ ਦੇ ਮਨ 'ਚ ਇਹ ਸਵਾਲ ਹੈ ਕਿ ਕੀ ਇਹ ਪਿਛਲੇ ਪੰਜ ਸਾਲਾਂ ਦੀਆਂ ਮੋਦੀ ਸਰਕਾਰ ਦੀਆਂ ਪ੍ਰਾਪਤੀਆਂ ਜਾਂ ਨਾਕਾਮੀਆਂ 'ਤੇ ਇਕ ਲੋਕਮੱਤ ਹੋਵੇਗਾ। ਜੇ ਇਹ ਹੈ, ਤਾਂ ਸਪੱਸ਼ਟ ਤੌਰ 'ਤੇ ਕਿਹਾ ਜਾ ਸਕਦਾ ਹੈ ਕਿ ਮੋਦੀ ਪ੍ਰਸ਼ਾਸਨ ਆਪਣੇ ਵਾਅਦਿਆਂ ਮੁਤਾਬਕ ਨਾ-ਸਿਰਫ ਆਰਥਿਕ ਮੋਰਚੇ 'ਤੇ ਹੀ ਨਾਕਾਮ ਰਿਹਾ ਹੈ, ਸਗੋਂ ਉਨ੍ਹਾਂ ਨੇ ਭਾਰਤ ਦੀਆਂ ਉਨ੍ਹਾਂ ਜਮਹੂਰੀ ਸੰਸਥਾਵਾਂ ਨੂੰ ਵੀ ਨੁਕਸਾਨ ਪਹੁੰਚਾਇਆ ਹੈ, ਜਿਨ੍ਹਾਂ ਦੀ ਰੱਖਿਆ ਲਈ ਉਨ੍ਹਾਂ ਨੇ ਸਹੁੰ ਚੁੱਕੀ ਸੀ।

**ਭ੍ਰਿਸ਼ਟਾਚਾਰ :** ਮਨਮੋਹਨ ਸਿੰਘ ਦੀ ਅਗਵਾਈ ਵਾਲੀ ਪਿਛਲੀ ਯੂਪੀਏ ਸਰਕਾਰ ਦੇ ਖਿਲਾਫ ਭਾਜਪਾ ਦਾ ਸਭ ਤੋਂ ਵੱਡਾ ਇਲਜ਼ਾਮ ਇਹ ਸੀ ਕਿ ਇਹ ਭ੍ਰਿਸ਼ਟਾਚਾਰ ਵਿਚ ਡੁੱਬ ਗਈ ਸੀ। ਹਾਲਾਂਕਿ ਗੱਠਜੋੜ ਦੀ ਰਾਜਨੀਤੀ ਵੀ ਕੁਝ ਹੱਦ ਤਕ ਇਸ ਲਈ ਜ਼ਿੰਮੇਵਾਰ ਸੀ ਅਤੇ ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਇਸ ਮਾਮਲੇ ਵਿਚ ਬਦਨਾਮੀ ਦੇ ਘੇਰੇ 'ਚੋਂ ਬਾਹਰ ਸਨ। ਉਨ੍ਹਾਂ ਨੇ ਦੇਸ਼ ਨੂੰ ਬਰਾਬਰਤਾ ਅਤੇ ਸਨਮਾਨ ਨਾਲ ਅਗਵਾਈ ਦਿੱਤੀ। ਉਦੋਂ ਵਿਰੋਧੀ ਧਿਰ ਅਤੇ ਮੀਡੀਆ ਨੇ ਉਨ੍ਹਾਂ ਦੇ ਮਾਮਲੇ ਵਿਚ ਬਹੁਤ ਕਠੋਰਤਾ ਦਿਖਾਈ ਸੀ। ਇਤਿਹਾਸ ਜ਼ਰੂਰ ਉਨ੍ਹਾਂ ਨਾਲ ਨਰਮਾਈ ਵਰਤੇਗਾ।

ਹੁਣ ਰਾਫ਼ੇਲ ਦਾ ਸੌਦਾ ਮਨਮੋਹਨ ਸਿੰਘ ਸਰਕਾਰ ਵਿਚਲੇ ਸਾਰੇ ਘੁਟਾਲਿਆਂ ਦੀ ਮਾਂ ਲਗਦਾ ਹੈ। ਜਿਵੇਂ ਕਿ ਹੁਣ ਤਕ ਦੀਆਂ ਰਿਪੋਰਟਾਂ ਤੋਂ ਸੰਕੇਤ ਮਿਲਦੇ ਹਨ, ਰਾਫੇਲ ਘੁਟਾਲੇ ਨੇ ਵਿੱਤੀ ਬੇਨਿਯਮੀਆਂ ਸਮੇਤ ਕਈ ਪੱਖਾਂ ਤੋਂ ਦੇਸ਼ ਦਾ ਜ਼ਬਰਦਸਤ ਨੁਕਸਾਨ ਕੀਤਾ ਹੈ, ਜਿਵੇਂ ਕਿ ਸਰਕਾਰੀ ਖਜ਼ਾਨੇ ਨੂੰ ਵੱਡਾ ਨੁਕਸਾਨ, ਹਿੰਦੁਸਤਾਨ ਏਰੋਨੌਟਿਕਲ ਲਿਮਟਿਡ ਦੇ ਕੌਮੀ ਸੰਸਥਾ ਦੇ ਵਕਾਰ ਨੂੰ ਘਟਾਉਣਾ, ਰਾਸ਼ਟਰੀ ਸੁਰੱਖਿਆ 'ਤੇ ਸਮਝੌਤਾ ਕਰਨਾ ਸ਼ਾਮਿਲ ਹਨ। ਰਿਲਾਇੰਸ ਕਮਿਊਨੀਕੇਸ਼ਨਜ਼ ਦੇ ਅਸਫਲ ਕਾਰੋਬਾਰੀ ਅਨਿਲ ਅੰਬਾਨੀ ਨੂੰ ਗਲਤ ਤੇ ਪੱਖਪਾਤੀ ਤਰੀਕੇ ਨਾਲ ਲਾਭ ਪਹੁੰਚਾਉਣਾ ਵੀ ਇਸ ਸੌਦੇ ਦੀ ਵੱਡੀ ਗਲਤੀ ਹੈ। ਅਨਿਲ ਅੰਬਾਨੀ ਨੂੰ ਐਚਏਐਲ ਵਰਗੀ ਇੱਕ ਸਥਾਪਿਤ ਸੰਸਥਾ ਨੂੰ ਬਾਈਪਾਸ ਕਰ ਕੇ ਅਤਿਅੰਤ ਮਹੱਤਵਪੂਰਨ ਜੈਟ (ਜਹਾਜ਼) ਬਣਾਉਣ ਲਈ ਚੁਣਿਆ ਗਿਆ ਹੈ ਜੋ ਕਿਸੇ ਦੀ ਵੀ ਸਮਝ ਤੋਂ ਬਾਹਰ ਹੈ।

ਮੋਦੀ ਸਰਕਾਰ ਨੇ ਰਾਫੇਲ ਡੀਲ ਉਤੇ ਦਸਤਖਤ ਕੀਤੇ ਜਾਣ ਤੋਂ ਪਹਿਲਾਂ ਹੀ ਭੁਗਤਾਨ ਕਰ ਕੇ ਭ੍ਰਿਸ਼ਟਾਚਾਰ ਵਿਰੋਧੀ ਦੰਡ ਵਿਧਾਨ ਕਾਨੂੰਨ ਦੀਆਂ ਮਹੱਤਵਪੂਰਨ ਸ਼ਰਤਾਂ ਨੂੰ ਅਣਗੌਲਿਆ ਕਰ ਦਿੱਤਾ। ਪ੍ਰਧਾਨ ਮੰਤਰੀ ਦਫ਼ਤਰ ਨੇ ਭਾਰਤ ਅਤੇ ਫਰਾਂਸ ਦਰਮਿਆਨ ਇਸ ਸਮਝੌਤੇ ਦੀ ਇਕਸਾਰਤਾ 'ਤੇ ਗੰਭੀਰ ਸ਼ੰਕਾ ਪੈਦਾ ਕਰਦਿਆਂ ਗੱਲਬਾਤ ਦੌਰਾਨ ਰੱਖਿਆ ਮੰਤਰਾਲੇ ਵੱਲੋਂ ਪੇਸ਼ ਕੀਤੇ ਮਜ਼ਬੂਤ ਇਤਰਾਜ਼ਾਂ ਨੂੰ ਦਰਕਿਨਾਰ ਕਰ ਕੇ ਭਰੋਸੇਯੋਗਤਾ ਨੂੰ ਠੇਸ ਪਹੁੰਚਾਈ। ਸਰਕਾਰ ਨਾ ਸਿਰਫ ਗੱਲਬਾਤ ਦੇ ਵੇਰਵਿਆਂ ਦਾ ਪੂਰੀ ਤਰ੍ਹਾਂ ਖੁਲਾਸਾ ਕਰਨ' ਚ ਅਸਫਲ ਰਹੀ, ਬਲਕਿ ਇਹ ਸੁਪਰੀਮ ਕੋਰਟ ਨੂੰ ਵੀ ਗੁੰਮਰਾਹ ਕਰਦੀ ਰਹੀ ਹੈ। ਇਹ ਨੋਟ ਕੀਤਾ ਜਾਣਾ ਚਾਹੀਦਾ ਹੈ ਕਿ ਭਾਵੇਂ ਭ੍ਰਿਸ਼ਟਾਚਾਰ ਵਿਰੋਧੀ ਨਾਅਰੇ ਨਾਲ ਭਾਜਪਾ ਸੱਤਾ 'ਚ ਆਈ ਪਰ ਲੋਕਪਾਲ ਨੂੰ ਨਿਯੁਕਤ ਕਰਨ 'ਚ ਉਨ੍ਹਾਂ ਦੀ ਅਸਫਲਤਾ ਇਕ ਹੋਰ ਖਾਮੋਸ਼ ਭਿਸ਼ਟਾਚਾਰ ਹੈ, ਜਿਸ ਨੂੰ ਅਣਦੇਖਿਆ ਨਹੀਂ ਕਰਨਾ ਚਾਹੀਦਾ।

**ਨੋਟਬੰਦੀ :** 8 ਨਵੰਬਰ 2016 ਨੂੰ ਮੋਦੀ ਸਰਕਾਰ ਨੇ ਭਾਰਤ ਦੇ ਆਰਥਿਕ ਮੁਹਾਜ਼ ਉਤੇ ਹੁਣ ਤਕ ਦਾ ਸਭ ਤੋਂ ਗੈਰ-ਜ਼ਿੰਮੇਵਾਰਾਨਾ ਫੈਸਲਾ ਲਾਗੂ ਕੀਤਾ। ਨੋਟਬੰਦੀ ਦੀ ਇਸ ਪਾਲਿਸੀ ਦੇ ਤਬਾਹਕੁੰਨ ਪ੍ਰਭਾਵ ਨੇ ਪੂਰੇ ਦੇਸ਼ ਨੂੰ ਤਬਾਹੀ ਤੇ ਕੰਢੇ ਲਿਆ ਖੜ੍ਹਾ ਕੀਤਾ। ਇਸ ਦੌਰਾਨ 140 ਨਾਗਰਿਕਾਂ ਦੀ ਜਾਨ ਚਲੀ ਗਈ ਅਤੇ ਦੇਸ਼ ਦੀ ਅਰਥ ਵਿਵਸਥਾ ਦੀ ਪ੍ਰਗਤੀ ਦੀ ਰਫਤਾਰ 8.1% ਤੋਂ ਘਟਾ ਕੇ 6.5% ਰਹਿ ਗਈ।




ਸੀਐਮਆਈਈ. ਦੇ ਇਕ ਸਰਵੇਖਣ ਅਨੁਸਾਰ 2016-17 ਦੀ ਅੰਤਿਮ ਤਿਮਾਹੀ ਦੌਰਾਨ 3.5 ਮਿਲੀਅਨ ਨੌਕਰੀਆਂ ਖਤਮ ਹੋ ਗਈਆਂ ਅਤੇ ਛੋਟੇ ਕਾਰੋਬਾਰੀਆਂ ਨੇ ਹੱਦ ਦਰਜੇ ਦੀ ਹਾਨੀ ਝੱਲੀ। ਅਨੁਮਾਨ ਮੁਤਾਬਕ ਇਸ ਤੋਂ ਬਾਅਦ ਛੋਟੇ ਕਾਰੋਬਾਰੀਆਂ ਦਾ ਵਪਾਰ 50% ਘਟ ਗਿਆ।

ਖਾਸ ਤੌਰ 'ਤੇ ਛੋਟੇ ਅਤੇ ਦਰਮਿਆਨੇ ਕਿਸਾਨ, ਜੋ ਵੱਡੇ ਪੱਧਰ ਉਤੇ ਬੀਜਾਂ, ਖਾਦਾਂ ਨੂੰ ਖਰੀਦਣ ਅਤੇ ਫਸਲਾਂ ਦੀ ਬਿਜਾਈ ਦੇ ਹੋਰ ਖਰਚਿਆਂ ਲਈ ਪੇਸ਼ਗੀ ਅਦਾਇਗੀ 'ਤੇ ਨਿਰਭਰ ਕਰਦੇ ਸਨ, ਇਸ ਦੌਰਾਨ ਭਾਰੀ ਨੁਕਸਾਨ ਹੇਠ ਆਏ। ਸਿੰਚਾਈ ਲਈ ਉਧਾਰ ਪਾਣੀ ਤਕ ਨਾ ਮਿਲਿਆ ਅਤੇ ਕਿਸਾਨ ਖੇਤੀਬਾੜੀ ਨਾਲ ਸਬੰਧਿਤ ਲੋੜਾਂ ਪੂਰੀਆਂ ਨਾ ਕਰ ਸਕਿਆ। ਸਮਾਜਿਕ-ਆਰਥਿਕ ਪੱਧਰ ਦੇ ਹੇਠਲੇ ਖੇਤਰਾਂ ਵਿਚ ਬਹੁਤ ਸਾਰੇ ਲੋਕ ਆਪਣੀ ਜ਼ਿੰਦਗੀ ਵਿਚ ਔਖੇ ਸਮੇਂ ਲਈ ਬੱਚਤ ਕਰਦੇ ਹਨ, ਗਰੀਬ ਵਪਾਰੀ ਜੋ ਬਿਨਾ ਬਿਜਨੈਸ ਦੇ ਹੁੰਦੇ ਹਨ, ਅਚਾਨਕ ਲੋੜਾਂ ਲਈ ਘਰਾਂ ਵਿਚ ਪੈਸੇ ਬਚਾ ਕੇ ਰੱਖਦੇ ਹਨ। ਇਸ ਲਈ ਉਨ੍ਹਾਂ ਦੇ ਪਰਿਵਾਰਾਂ ਨੇ ਇਸ ਦੌਰਾਨ ਬਹੁਤ ਹੀ ਬੁਰਾ ਦੌਰ ਦੇਖਿਆ। ਹਾਲਾਂਕਿ, ਅਮੀਰ ਅਤੇ ਵਿਸ਼ੇਸ਼ ਅਧਿਕਾਰਾਂ ਵਾਲੇ ਲੋਕਾਂ ਨੇ ਕਿਸੇ ਸਮੱਸਿਆ ਦਾ ਸਾਹਮਣਾ ਨਹੀਂ ਕੀਤਾ ਅਤੇ ਉਨ੍ਹਾਂ ਨੂੰ ਆਪਣੇ ਕਾਲੇ ਧਨ ਨੂੰ ਸਫੈਦ ਧਨ ਵਿਚ ਤਬਦੀਲ ਕਰਨ ਦਾ ਇਕ ਤਰ੍ਹਾਂ ਨਾਲ ਇਹ ਤੋਹਫ਼ਾ ਦਿੱਤਾ ਗਿਆ।

**ਨੌਕਰੀਆਂ :** ਜਦ ਸੰਨ 2014 ਵਿਚ ਮੋਦੀ ਸੱਤਾ ਲਈ ਚੋਣ ਲੜ ਰਹੇ ਸਨ, ਉਨ੍ਹਾਂ ਨੇ ਹਰ ਸਾਲ 2 ਕਰੋੜ ਨੌਕਰੀ ਦੇਣ ਦਾ ਵਾਅਦਾ ਕੀਤਾ ਸੀ। ਅੱਜ ਸਥਿਤੀ ਕੀ ਹੈ ? ਸਾਲ 2017-18 ਵਿਚ ਦੇਸ਼ ਵਿਚ ਰੁਜ਼ਗਾਰ ਦੀ ਸਥਿਤੀ ਬੇਹੱਦ ਖਰਾਬ ਹੋ ਗਈ ਕਿਉਂਕਿ ਬੇਰੁਜ਼ਗਾਰੀ ਦੀ ਦਰ ਵਿਚ 6.1% ਦਾ ਵਾਧਾ ਹੋਇਆ, ਜੋ ਪਿਛਲੇ 45 ਸਾਲਾਂ ਵਿਚ ਸਭ ਤੋਂ ਵੱਧ ਹੈ। ਸ਼ਹਿਰੀ ਖੇਤਰਾਂ ਵਿਚ ਗ਼ਰੀਬਾਂ ਦੀ ਗਿਣਤੀ ਵਿਚ 7.8% ਅਤੇ ਪੇਂਡੂ ਖੇਤਰਾਂ ਵਿਚ 5.3% ਵਾਧੇ ਦੀ ਦਰ ਦਰਜ ਕੀਤੀ ਗਈ ਹੈ। ਸੈਂਟਰ ਫਾਰ ਮਾਨੀਟਰਿੰਗ ਇੰਡੀਅਨ ਇਕਾਨਮੀ ਦਾ ਕਹਿਣਾ ਹੈ ਕਿ ਸਾਲ 2017-18 ਦੌਰਾਨ 11 ਮਿਲੀਅਨ ਨੌਕਰੀਆਂ ਖਤਮ ਹੋਈਆਂ। ਐਨਐਸਐਸਓ. ਅਨੁਸਾਰ ਪਿਛਲੇ ਸਾਲਾਂ ਦੇ ਮੁਕਾਬਲੇ ਨੌਜਵਾਨਾਂ ਵਿਚ ਬੇਰੁਜ਼ਗਾਰੀ ਕਾਰਨ ਨਿਰਾਸ਼ਾ ਉੱਚ ਪੱਧਰ 'ਤੇ ਹੈ।

ਦੇਸ਼ ਦੇ ਨੌਜਵਾਨ ਇਸ ਨੂੰ ਵਿਸ਼ਵਾਸਘਾਤ ਮਹਿਸੂਸ ਕਰਦੇ ਹਨ ਅਤੇ ਉਨ੍ਹਾਂ ਦੀ ਉਮੀਦ ਖ਼ਤਮ ਹੋ ਗਈ ਹੈ ਕਿਉਂਕਿ ਮੋਦੀ ਸਰਕਾਰ ਕੋਲ ਨੌਕਰੀਆਂ ਪੈਦਾ ਕਰਨ ਦਾ ਕੋਈ ਵਿਜ਼ਨ ਹੀ ਨਹੀਂ ਸੀ। ਨੈਸ਼ਨਲ ਸੈਂਪਲ ਸਰਵੇਅ ਦੇ ਨਵੇਂ ਰੋਜ਼ਗਾਰ-ਸਰਵੇਖਣ ਅਨੁਸਾਰ ਭਾਰਤ ਦੀ ਅੱਧੀ ਆਬਾਦੀ ਪਹਿਲੀ ਵਾਰ ਕਿਸੇ ਵੀ ਆਰਥਿਕ ਗਤੀਵਿਧੀ ਵਿਚ ਯੋਗਦਾਨ ਨਹੀਂ ਪਾ ਰਹੀ। 1.2 ਬਿਲੀਅਨ ਲੋਕਾਂ ਦਾ ਦੇਸ਼ ਭਾਰਤ 24 ਘੰਟਿਆਂ ਵਿਚ ਸਿਰਫ 450 ਰੋਜ਼ਗਾਰ ਦੇ ਮੌਕੇ ਬਣਾ ਰਿਹਾ ਹੈ ਜਦਕਿ ਇਸ ਦੇ ਮੁਕਾਬਲੇ ਚੀਨ 24 ਘੰਟੇ ਵਿਚ 50,000 ਰੋਜ਼ਗਾਰ ਦੇ ਮੌਕੇ ਪੈਦਾ ਕਰ ਰਿਹਾ ਹੈ। ਇਸ ਹਾਲਤ ਉਤੇ ਵਿਅੰਗ ਕਰਦਿਆਂ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਨੇ ਕਿਹਾ ਕਿ ਸਾਡੇ ਪ੍ਰਧਾਨ ਮੰਤਰੀ ਇਹ ਹੀ ਨਹੀਂ ਸਮਝਦੇ ਕਿ ਇਹ ਕੋਈ ਸਮੱਸਿਆ ਹੈ।

**ਕਿਸਾਨ ਦੀ ਦਸ਼ਾ :** ਮੋਦੀ ਸਰਕਾਰ ਵਿਚ ਸਭ ਤੋਂ ਜ਼ਿਆਦਾ ਭਾਰਤੀ ਕਿਸਾਨ ਪ੍ਰਭਾਵਿਤ ਹੋਇਆ ਹੈ ਕਿਉਂਕਿ ਇਸ ਮਹੱਤਵਪੂਰਨ ਖੇਤਰ ਨੂੰ ਬੇਰਹਿਮੀ ਨਾਲ ਲਿਤਾੜਿਆ ਗਿਆ ਹੈ। ਖੇਤੀਬਾੜੀ ਵਿਕਾਸ ਦਰ 1.9% 'ਤੇ ਰਹਿ ਗਈ, ਜੋ ਪਿਛਲੇ ਯੂਪੀਏ ਸਰਕਾਰ ਦੇ ਸਮੇਂ ਤੋਂ ਅੱਧੀ ਹੈ। ਮੋਦੀ ਦੇ ਸ਼ਾਸਨ ਦੌਰਾਨ ਕਿਸਾਨਾਂ ਦੀਆਂ ਖੁਦਕੁਸ਼ੀਆਂ ਵਿਚ ਬੇਤਹਾਸ਼ਾ ਵਾਧਾ ਹੋਇਆ। ਸਰਕਾਰ ਨੇ ਖੁਦਕੁਸ਼ੀ ਅੰਕੜਿਆਂ ਨੂੰ ਫਰਵਰੀ-2017 ਤੋਂ ਛਾਪਣ ਤੋਂ ਹੀ ਰੋਕ ਦਿੱਤਾ ਹੈ। ਭਾਜਪਾ ਨੇ ਸਾਲ 2014 ਦੀਆਂ ਚੋਣਾਂ ਦੇ ਚੋਣ ਮਨੋਰਥ ਪੱਤਰ ਵਿਚ ਆਪਣੇ ਕੀਤੇ ਵਾਅਦੇ, ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਲਾਗੂ ਕਰਨ ਤੇ ਜਿਣਸਾਂ ਦੇ ਭਾਅ ਨੂੰ ਕੀਮਤ ਸੂਚਕ ਅੰਕ ਨਾਲ ਜੋੜਨ, ਨੂੰ ਹੀ ਲਾਗੂ ਕਰਨ 'ਤੇ ਰੋਕ ਲਗਾ ਦਿੱਤੀ ਹੈ।

ਮੋਦੀ ਸਰਕਾਰ ਨੇ ਖੇਤੀਬਾੜੀ ਸੈਕਟਰ ਨੂੰ ਟੈਕਸ ਦੇਣ ਵਾਲੀ ਮਦ ਵਿਚ ਸ਼ਾਮਿਲ ਕਰ ਕੇ ਅਜਿਹਾ ਕਰਨ ਵਾਲੀ ਪਹਿਲੀ ਸਰਕਾਰ ਹੋਣ ਦਾ ਨਾਮਣਾ ਜ਼ਰੂਰ ਖੱਟਿਆ ਹੈ। ਮੋਦੀ ਸਰਕਾਰ ਨੇ ਖਾਦਾਂ ਤੇ 5% ਜੀਐਸਐਸਟੀ, ਟਰੈਕਟਰ/ਖੇਤੀਬਾੜੀ ਸੰਦਾਂ ਲਈ 12% ਜੀਐਸਟੀ., ਕੀਟਨਾਸ਼ਕਾਂ 'ਤੇ 18% ਜੀਐਸਟੀਟੀ ਅਤੇ ਕੋਲਡ ਸਟੋਰੇਜ਼ ਯੰਤਰਾਂ 'ਤੇ 18% ਕਰ ਲਗਾਇਆ ਹੈ, ਜਦੋਂ ਕਿ ਸਰਕਾਰ ਨੇ ਪੂੰਜੀਪਤੀਆਂ ਲਈ 2.4 ਲੱਖ ਕਰੋੜ ਰੁਪਏ ਦੇ ਕਰਜ਼ੇ ਮਾਫ ਕੀਤੇ ਹਨ। ਆਪਣੇ ਕਰਜ਼ਿਆਂ ਤੋਂ ਛੁਟਕਾਰਾ ਪਾਉਣ ਲਈ ਛੋਟੇ ਅਤੇ ਦਰਮਿਆਨੇ ਕਿਸਾਨਾਂ ਨਾਲ ਕੋਈ ਰਿਆਇਤ ਨਹੀਂ ਵਰਤੀ ਗਈ।

**ਜੀਐਸਟੀ :** ਕਦੇ ਇਸ ਨੂੰ ਗੁਜਰਾਤ ਸਾਬੋਤਾਜ ਟੈਕਸ ਵੀ ਕਿਹਾ ਗਿਆ ਸੀ। ਮੋਦੀ ਨੇ ਸਾਲ 2011 ਵਿਚ ਜੀਐਸਟੀ ਬਾਰੇ ਇਹੋ ਕਿਹਾ ਸੀ, ਜਦੋਂ ਯੂਪੀਏ ਸਰਕਾਰ ਨੇ ਸੰਸਦ ਵਿਚ ਇਹ ਪੇਸ਼ ਕੀਤਾ ਸੀ ਪਰ ਮੋਦੀ ਦੇ ਪ੍ਰਧਾਨ ਮੰਤਰੀ ਬਣਨ ਤੋਂ ਬਾਅਦ ਇਹ ਇਕ ਆਦਰਸ਼ ਟੈਕਸ ਸਕੀਮ ਬਣ ਗਈ। ਹਾਲਾਂਕਿ ਇਸ ਵਿਚ ਬਹੁਤ ਸੁਧਾਰ ਲੋੜੀਂਦੇ ਸਨ ਪਰ ਕਾਹਲੀ ਵਿਚ ਇਸ ਉਤੇ ਅਮਲ ਅਤੇ ਬੇਢੰਗੇ ਲਾਗੂਕਰਨ ਨੇ ਵਪਾਰੀ ਵਰਗ ਵਿਚ ਘਬਰਾਹਟ ਭਰ ਦਿੱਤੀ। ਉਹ ਇਕਦਮ ਇਸ ਤਰ੍ਹਾਂ ਟੈਕਸਾਂ ਵਿਚ ਤਬਦੀਲੀ ਲਈ ਤਿਆਰ ਨਹੀਂ ਸਨ। ਜੀਐਸਟੀ ਲਗਾਏ ਜਾਣ ਤੋਂ ਇਕ ਸਾਲ ਬਾਅਦ ਛੋਟੇ ਕਾਰੋਬਾਰ ਦੀ ਵਿਕਰੀ ਵਿਚ ਭਾਰੀ ਗਿਰਾਵਟ ਦਰਜ ਕੀਤੀ ਗਈ ਅਤੇ ਇਸ ਦੀ ਸੁਚਾਰੂ ਢੰਗ ਨਾਲ ਪਾਲਣਾ ਕਰਨ ਲਈ ਹਾਲਾਂ ਵੀ ਸੰਘਰਸ਼ ਕੀਤਾ ਜਾ ਰਿਹਾ ਹੈ।

ਇਸ ਦੀ ਰਿਟਰਨ ਭਰਨੀ ਛੋਟੇ ਕਾਰੋਬਾਰੀਆਂ ਲਈ ਵੱਡਾ ਸਿਰ ਦਰਦ ਬਣ ਗਈ ਹੈ ਕਿਉਂਕਿ ਉਹਨਾਂ ਨੂੰ ਗੈਰ-ਲਾਭਕਾਰੀ ਜਾਂ ਘਾਟੇ ਵਾਲੀ ਰਿਟਰਨ ਭਰਨ ਲਈ ਵੀ ਪੇਸ਼ੇਵਰਾਂ 'ਤੇ ਨਿਰਭਰ ਹੋਣਾ ਪੈਂਦਾ ਹੈ। ਇਹ ਉਨ੍ਹਾਂ ਲਈ ਵਾਧੂ ਬੋਝ ਬਣ ਗਿਆ। ਇਸ ਵਿਚ ਵਰਤੀ ਗਈ ਤਕਨਾਲੋਜੀ ਨੇ ਰਜਿਸਟਰੇਸ਼ਨ ਅਤੇ ਆਡਿਟ ਕਾਰਜਾਂ ਨੂੰ ਹੱਲ ਕਰਨ ਲਈ ਲੰਮਾ ਸਮਾਂ ਲਾਇਆ ਤੇ ਜੀਐਸਟੀ ਭਰਨ ਦੀ ਆਨਲਾਇਨ ਪ੍ਰਕਿਰਿਆ ਨੂੰ ਹੋਰ ਵੀ ਸੁਸਤ ਕਰ ਦਿੱਤਾ ਹੈ। ਇਸ ਤੋਂ ਇਲਾਵਾ ਜੀਐਸਟੀ ਨੇ ਰਾਜਾਂ ਤੋਂ ਵਿੱਤੀ ਤਾਕਤਾਂ ਇਕ ਤਰ੍ਹਾਂ ਨਾਲ ਖੋਹ ਹੀ ਲਈਆਂ ਹਨ। ਸੱਤਾ ਦੇ ਕੇਂਦਰ ਨੂੰ ਸੂਬਿਆਂ ਤੋਂ ਬਹੁਤ ਦੂਰ ਕਰ ਦਿੱਤਾ ਕਿਉਂਕਿ ਇਸ ਨੇ ਸੱਤਾ ਦੇ ਸੰਘੀ ਵੰਡ ਦੇ ਢਾਂਚੇ ਨੂੰ ਪ੍ਰਭਾਵਿਤ ਕਰਨਾ ਸ਼ੁਰੂ ਕਰ ਦਿੱਤਾ ਹੈ।

**ਰਾਸ਼ਟਰੀ ਸੁਰੱਖਿਆ :** ਪ੍ਰਧਾਨ ਮੰਤਰੀ ਦੇ ਰੂਪ ਵਿਚ ਮੋਦੀ ਦਾ ਕਾਰਜਕਾਲ ਕਮਜ਼ੋਰ ਕੌਮੀ ਸੁਰੱਖਿਆ, ਅੱਤਵਾਦੀ ਹਮਲਿਆਂ ਵਿਚ ਵਾਧਾ ਅਤੇ ਫੌਜੀਆਂ ਅਤੇ ਆਮ ਨਾਗਰਿਕਾਂ ਦੀਆਂ ਮੌਤਾਂ ਵਿਚ ਵਾਧੇ ਦੇ ਰੂਪ ਵਿਚ ਜਾਣਿਆ ਜਾਵੇਗਾ। ਪਿੱਛੇ ਜਿਹੇ ਹੀ ਪੁਲਵਾਮਾ ਹਮਲੇ ਦੇ ਨਤੀਜੇ ਵਜੋਂ 44 ਸੁਰੱਖਿਆ ਜਵਾਨਾਂ ਦੀ ਮੌਤ ਹੋ ਗਈ ਸੀ। ਮੋਦੀ ਰਾਜ ਵਿਚ ਹੁਣ ਤਕ 498 ਸਿਪਾਹੀ ਅਤੇ 278 ਆਮ ਨਾਗਰਿਕ ਮਾਰੇ ਗਏ ਹਨ। ਬਿਨਾ ਸ਼ੱਕ, ਇਹ ਖੁਫੀਆ ਤੰਤਰ ਅਤੇ ਸੁਰੱਖਿਆ ਵਿਵਸਥਾ ਦੀ ਇਕ ਵੱਡੀ ਨਾਕਾਮੀ ਹੈ, ਜਿਸ ਨੂੰ ਅੱਗੇ ਹੋਰ ਵੇਖਿਆ ਨਹੀਂ ਜਾਣਾ ਚਾਹੀਦਾ।

ਇਹ ਵੀ ਇਕ ਤਰੀਕੇ ਨਾਲ ਸ਼ਰਮਨਾਕ ਗੱਲ ਹੀ ਹੈ ਕਿ ਭਾਜਪਾ ਅਤੇ ਨਰੇਂਦਰ ਮੋਦੀ ਸਰਕਾਰ ਨੇ ਪੁਲਵਾਮਾ ਤ੍ਰਾਸਦੀ ਉੱਤੇ ਰਾਜਸੀ ਲਾਭ ਹਾਸਲ ਕਰਨ ਦੀ ਕੋਸ਼ਿਸ਼ ਕੀਤੀ। ਰਾਸ਼ਟਰਵਾਦ ਅਤੇ ਸਰਜੀਕਲ ਹਮਲਿਆਂ ਦੇ ਨਾਮ ਉਤੇ ਸਿਆਸੀ ਰੋਟੀਆਂ ਸੇਕੀਆਂ। ਉਨ੍ਹਾਂ ਦਾ ਇਕ ਨੇਤਾ ਯੇਦੀਯੁਰੱਪਾ ਹੈ, ਜਿਸ ਨੇ ਬਿਆਨ ਦਿੱਤਾ ਕਿ ਇਸ ਸਰਜੀਕਲ ਸਟਰਾਈਕ ਵਾਲੀ ਮਾਅਰਕੇਬਾਜ਼ੀ ਨੇ ਕਰਨਾਟਕ 'ਚ 22 ਸੀਟਾਂ ਜਿੱਤ ਲਈਆਂ ਹਨ। ਇਹ ਫੌਜ ਅਤੇ ਦੇਸ਼ਭਗਤੀ ਦਾ ਰਾਜਨੀਤੀਕਰਨ ਹੈ। ਅਸਲ ਵਿਚ ਸਰਕਾਰ ਨੇ 2018-19 ਦੇ ਬਜਟ ਵਿਚ ਕੁੱਲ ਜੀਡੀਪੀ. ਦਾ ਸਿਰਫ 1.58 ਫੀਸਦੀ ਹੀ ਰੱਖਿਆ ਬਜਟ ਲਈ ਖਰਚ ਕਰਨ ਦੀ ਵਿਵਸਥਾ ਕੀਤੀ ਹੈ, ਜੋ ਕਿ ਸੰਨ 1962 ਤੋਂ ਬਾਅਦ ਸਭ ਤੋਂ ਘੱਟ ਹੈ।

**ਅਸਹਿਣਸ਼ੀਲਤਾ ਅਤੇ ਫਿਰਕੂ ਜਨੂੰਨ :** ਹਿੰਦੂ ਰਾਸ਼ਟਰਵਾਦ ਦੇ ਨਾਮ ਉਤੇ ਨਰੇਂਦਰ ਮੋਦੀ ਦੇ ਸ਼ਾਸਨਕਾਲ ਦੌਰਾਨ ਭਾਈਚਾਰਕ ਮੱਤਭੇਦ ਅਤੇ ਧਾਰਮਿਕ ਅਸਹਿਨਸ਼ੀਲਤਾ ਇਕ ਨਵੀਂ ਉਚਾਈ ਤਕ ਪੁੱਜ ਗਈ ਹੈ। ਦੂਜੇ ਧਰਮਾਂ ਦੇ ਲੋਕਾਂ ਨੂੰ ਮਾਰਨ, ਹਮਲੇ ਕਰਨ ਅਤੇ ਧਮਕਾਉਣ ਦੀ ਮੁਹਿੰਮ ਰੁਕ ਨਹੀਂ ਰਹੀ ਹੈ। ਮੋਦੀ ਨੇ ਆਪਣੇ ਗੁਜਰਾਤ ਦੇ ਸ਼ਾਸਨਕਾਲ ਵਾਲੀ ਖਤਰਨਾਕ ਬਿਰਤੀ ਨੂੰ ਕਦੇ ਵੀ ਨਹੀਂ ਬਦਲਿਆ। ਉਸ ਦੇ ਸ਼ਾਸਨਕਾਲ ਦੌਰਾਨ ਘੱਟ ਤੋਂ ਘੱਟ 118 ਮੁਸਲਮਾਨਾਂ ਅਤੇ ਦਲਿਤਾਂ ਨੂੰ ਜਾਨ ਤੋਂ ਮਾਰਿਆ ਗਿਆ ਹੈ। ਮੋਦੀ ਸਰਕਾਰ ਨੇ ਸੱਤਾ ਸੰਭਾਲਦੇ ਹੀ ਗਊ ਨੂੰ ਰਾਜਨੀਤਿਕ ਲੜਾਈ ਦਾ ਇਕ ਮੋਹਰਾ ਬਣਾਇਆ।

ਨਰੇਂਦਰ ਮੋਦੀ ਦੇ ਸੱਤਾ ਉਤੇ ਕਾਬਜ਼ ਹੋਣ ਤੋਂ ਬਾਅਦ ਦਲਿਤਾਂ ਦੇ ਖਿਲਾਫ ਹਿੰਸਾ ਵਿਚ ਭਾਰਤ ਨੂੰ ਭਾਰੀ ਖਤਰੇ ਦਾ ਸਾਹਮਣਾ ਕਰਨਾ ਪਿਆ। ਕੌਮੀ ਅਪਰਾਧ ਰਿਕਾਰਡ ਬਿਊਰੋ ਨੇ ਪਿਛਲੇ ਪੰਜ ਸਾਲਾਂ ਵਿਚ ਦਲਿਤਾਂ ਦੇ ਖਿਲਾਫ ਕੀਤੇ ਗਏ ਅਪਰਾਧਾਂ ਦੀ ਦਰ ਵਿਚ ਛੇ ਤੋਂ ਅੱਠ ਫੀਸਦੀ ਦਾ ਵਾਧਾ ਦਰਜ ਕੀਤਾ ਹੈ। ਇਸੇ ਕਰ ਕੇ ਕਈ ਰਾਜਾਂ ਦੀਆਂ ਚੋਣਾਂ ਤੇ ਭਾਜਪਾ ਸ਼ਾਸਿਤ ਰਾਜਾਂ ਵਿਚਲੀਆਂ ਜ਼ਿਮਨੀ ਚੋਣਾਂ ਵਿਚ ਭਾਜਪਾ ਦੀ ਹਮਾਇਤ ਕਰਨ ਵਾਲੇ ਦਲਿਤਾਂ ਨੇ ਮੋਦੀ ਦੀਆਂ ਨੀਤੀਆਂ ਨੂੰ ਨਕਾਰ ਦਿੱਤਾ ਕਿਉਂਕਿ ਇਹ ਪਾਲਿਸੀਆਂ ਸਪੱਸ਼ਟ ਤੌਰ 'ਤੇ ਉਨ੍ਹਾਂ ਦੇ ਵਿਰੁੱਧ ਸਨ। ਸਰਕਾਰ ਦੇ ਕਈ ਫੈਸਲੇ ਅਤੇ ਬਿਆਨ, ਖਾਸ ਤੌਰ ਤੇ ਯੂਜੀਸੀ ਦੇ ਰਾਖਵੇਂ ਅਹੁਦਿਆਂ ਲਈ ਫਾਰਮੂਲਾ ਬਦਲਣ ਆਦਿ ਨੇ ਦਲਿਤਾਂ ਦੇ ਵਿਸ਼ਵਾਸ ਨੂੰ ਸੱਟ ਮਾਰੀ ਹੈ। ਹੈਦਰਾਬਾਦ ਸੈਂਟਰਲ ਯੂਨੀਵਰਸਿਟੀ ਦੇ ਖੋਜਾਰਥੀ ਰੋਹਿਤ ਵੇਮੂਲਾ ਵੱਲੋਂ ਆਤਮ ਹੱਤਿਆ, ਦੇਸ਼ ਦੇ ਦਲਿਤਾਂ ਵਿਚ ਅਸੰਤੋਸ਼ ਦੀ ਭਾਵਨਾ ਦਾ ਇਕ ਅਜਿਹਾ ਆਖਰੀ ਸਟ੍ਰੋਕ ਸੀ, ਜਿਸ ਨੇ ਦਲਿਤ ਵਿਦਿਆਰਥੀਆਂ ਨੂੰ ਮੋਦੀ ਸਰਕਾਰ ਦੀਆਂ ਦਲਿਤ ਵਿਰੋਧੀ ਨੀਤੀਆਂ ਖਿਲਾਫ ਡਟਣ ਵਿਚ ਅਗਵਾਈ ਦਿੱਤੀ।

**ਜਮਹੂਰੀ ਸੰਸਥਾਵਾਂ ਦਾ ਘਾਣ :** ਭਾਰਤ ਵਿਚ ਜਿਨ੍ਹਾਂ ਲੋਕਤੰਤਰੀ ਸੰਸਥਾਵਾਂ ਕਾਰਨ ਨਰੇਂਦਰ ਮੋਦੀ ਸੱਤਾ ਵਿਚ ਆਏ, ਉਨ੍ਹਾਂ ਨੇ ਇਨ੍ਹਾਂ ਸੰਸਥਾਵਾਂ ਨੂੰ ਹੀ ਢਾਹ ਲਾਉਣ ਵਿਚ ਦਿਲਚਸਪੀ ਦਿਖਾਈ। ਲੋਕਤੰਤਰ ਦੇ ਥੰਮ੍ਹ ਵੱਜੋਂ ਦੇਖੀਆਂ ਜਾਂਦੀਆਂ ਸੰਸਥਾਵਾਂ ਜਿਵੇਂ ਕਿ ਨਿਆਂਪਾਲਿਕਾ, ਸੰਸਦ, ਕੈਬਨਿਟ, ਯੋਜਨਾ ਕਮਿਸ਼ਨ, ਰਿਜ਼ਰਵ ਬੈਂਕ, ਚੋਣ ਕਮਿਸ਼ਨ ਅਤੇ ਕਾਨੂੰਨ ਇਨਸੋਰਸਮੈਂਟ ਸਿਸਟਮ ਨੂੰ ਕਮਜ਼ੋਰ ਕੀਤਾ ਗਿਆ ਹੈ। ਦੁਨੀਆ ਨੇ ਇਕ ਦੁਰਲੱਭ ਮਾਜਰਾ ਦੇਖਿਆ, ਜਦੋਂ ਸੁਪਰੀਮ ਕੋਰਟ ਦੇ ਚਾਰ ਜੱਜਾਂ ਨੇ ਨਿਆਂਪਾਲਿਕਾ ਨੂੰ ਬਰਬਾਦ ਕਰਨ ਖਿਲਾਫ ਚੇਤਾਵਨੀ ਦੇਣ ਲਈ ਇਕ ਪ੍ਰੈਸ ਕਾਨਫਰੰਸ ਆਯੋਜਿਤ ਕੀਤੀ। ਇਸ ਨੇ ਦਰਸਾਇਆ ਕਿ ਕਿਵੇਂ ਮੋਦੀ ਦੇ ਰਾਜ ਵਿਚ ਲੋਕਤੰਤਰੀ ਪ੍ਰਣਾਲੀ ਖੁਦ ਹੀ ਖ਼ਤਰੇ ਵਿਚ ਆ ਗਈ ਹੈ।

ਵਿਰੋਧੀ ਧਿਰਾਂ ਵੱਲੋਂ ਦੋਸ਼ ਲਾਇਆ ਗਿਆ ਕਿ ਮੋਦੀ ਦੁਆਰਾ ਸੀਬੀਆਈ. ਦੀ ਦੁਰਵਰਤੋਂ ਕੀਤੀ ਜਾ ਗਈ ਹੈ। ਇਸ ਨਾਲ ਸਿਆਸੀ ਵਿਰੋਧੀਆਂ ਨੂੰ ਡਰਾਇਆ ਗਿਆ, ਜਿਸ ਤਰ੍ਹਾਂ ਦਾ ਇਸਤੇਮਾਲ ਅਡੋਲਫ ਹਿਟਲਰ ਦੇ ਨਾਜ਼ੀ ਸ਼ਾਸਨ ਨੇ "ਗਸਟਾਪੋ" ਦਾ ਕੀਤਾ ਸੀ। ਨਰੇਂਦਰ ਮੋਦੀ 'ਸੀਬੀਆਈ ਵਰਸਿਜ਼ ਸੀਬੀਆਈ' ਵਰਗੇ ਕਾਂਡ ਸਾਹਮਣੇ

ਬਾਕੀ ਸਫ਼ਾ 30 'ਤੇ

# ਮੱਕੇ ਦੀ ਯਾਤਰਾ ਵੱਲ ਗੁਰੂ ਨਾਨਕ ਸਾਹਿਬ

**ਡਾ. ਸੁਖਦਿਆਲ ਸਿੰਘ ਪ੍ਰਸਿੱਧ ਸਿੱਖ ਇਤਿਹਾਸਕਾਰ ਹਨ। ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਚ ਉਹ ਇਤਿਹਾਸ ਵਿਭਾਗ ਵਿਚ ਪ੍ਰੋਫੈਸਰ ਵਜੋਂ ਆਪਣੀ ਭੂਮਿਕਾ ਨਿਭਾ ਚੁੱਕੇ ਹਨ। 550 ਸਾਲਾਂ ਗੁਰੂ ਨਾਨਕ ਪ੍ਰਕਾਸ਼ ਉਤਸਵ ਲਈ ਉਨ੍ਹਾਂ ਦਾ ਲੜੀਵਾਰ ਲੇਖ ਅਸੀਂ ਪੇਸ਼ ਕਰ ਰਹੇ ਹਾਂ। ਸਿੱਖ ਇਤਿਹਾਸ ਬਾਰੇ ਉਹ ਕਾਫੀ ਖੋਜਾਂ ਕਰ ਚੁੱਕੇ ਹਨ। ਅਸੀਂ ਪਾਠਕਾਂ ਲਈ ਗੁਰੂ ਨਾਨਕ ਸਾਹਿਬ ਦੀਆਂ ਉਦਾਸੀਆਂ ਬਾਰੇ ਉਨ੍ਹਾਂ ਦੀ ਇਤਿਹਾਸਕ ਖੋਜ ਨੂੰ ਲੜੀਵਾਰ ਪੇਸ਼ ਕਰ ਰਹੇ ਹਾਂ-ਸੰਪਾਦਕ।**

**ਡਾ. ਸੁਖਦਿਆਲ ਸਿੰਘ**
ਸੰਪਰਕ ਨੰਬਰ- 98158-80539






**ਭਾਗ ਤੀਜਾ-**

ਭਾਈ ਗੁਰਦਾਸ ਜੀ ਦੱਸਦੇ ਹਨ ਕਿ ਫਿਰ ਬਾਬਾ ਨਾਨਕ ਮੱਕੇ ਗਿਆ ਅਤੇ ਉਹਨਾਂ ਨੇ ਨੀਲੇ ਰੰਗ ਦੇ ਬਸਤਰ ਪਹਿਨੇ ਹੋਏ ਸਨ। ਗੁਰੂ ਜੀ ਦੇ ਇੱਕ ਹੱਥ ਵਿੱਚ ਸੋਟਾ, ਕੱਛ ਵਿੱਚ ਕਿਤਾਬ, ਪਾਣੀ ਵਾਲਾ ਲੋਟਾ, ਅਤੇ ਇੱਕ ਹੇਠਾਂ ਵਿਛਾਉਣ ਵਾਲੀ ਬਿਛਾਉਣੀ ਉਹਨਾਂ ਦੇ ਪਾਸ ਸੀ। ਗੁਰੂ ਜੀ ਉਸ ਮਸੀਤ ਵਿੱਚ ਜਾ ਕੇ ਬੈਠ ਗਏ ਜਿੱਥੇ ਬਾਕੀ ਦੇ ਹਾਜੀ ਰਾਤ ਗੁਜ਼ਾਰਨ ਲਈ ਬੈਠੇ ਸਨ। ਰਾਤ ਨੂੰ ਜਦੋਂ ਬਾਬਾ ਸੁੱਤਾ ਤਾਂ ਉਹ ਮੱਕੇ ਦੇ ਕੇਂਦਰ ਕਾਬਾ ਵੱਲ਼ ਪੈਰ ਪਸਾਰ ਕੇ ਸੌਂ ਗਏ ਸਨ। ਜੀਵਨ ਨਾਂ ਦੇ ਕਾਜ਼ੀ ਨੇ ਜਦੋਂ ਗੁਰੂ ਜੀ ਨੂੰ ਇਦਾਂ ਪੈਰ ਕਾਬੇ ਵੱਲ ਪਾਸਾਰ ਕੇ ਪਏ ਦੇਖਿਆ ਤਾਂ ਉਸ ਨੇ ਲੱਤ ਮਾਰ ਕੇ ਬਾਬੇ ਨੂੰ ਜਗਾਇਆ। ਕਿਹਾ ਕਿ ਹੇ ਗੁਨਾਹਗਾਰ, ਤੂੰ ਖ਼ੁਦਾ ਦੇ ਘਰ ਵੱਲ ਲੱਤਾਂ ਪਸਾਰ ਕੇ ਕਿਉਂ ਪਿਆ ਹੈ? ਉਸ ਨੇ ਬਾਬੇ ਦੀਆਂ ਟੰਗਾਂ ਪਕੜ ਕੇ ਅਤੇ ਘਸੀਟ ਕੇ ਦੂਜੇ ਪਾਸੇ ਕੀਤੀਆਂ ਤਾਂ ਮੱਕਾ ਵੀ ਉਧਰ ਹੀ ਫਿਰ ਗਿਆ ਸੀ। ਇਹ ਕਰਿਸ਼ਮਾ ਦੇਖ ਕੇ ਉੱਥੇ ਹਾਜ਼ਰ ਸਾਰੇ ਹੀ ਇਸਲਾਮੀ ਲੋਕ ਹੈਰਾਨ ਹੋਏ ਹੋਏ ਨਮਸਕਾਰਾਂ ਕਰ ਰਹੇ ਸਨ।

ਇੱਥੇ ਗੁਰੂ ਸਾਹਿਬ ਅਤੇ ਇਕੱਠੇ ਹੋਏ ਕਾਜ਼ੀਆਂ ਅਤੇ ਮੌਲਾਣਿਆਂ ਵਿਚਕਾਰ ਗੱਲਾਂ ਹੋਈਆਂ ਸਨ। ਇਹ ਕੁਦਰਤੀ ਸੀ। ਗੁਰੂ ਜੀ ਗੱਲ ਸ਼ੁਰੂ ਕਰਨ ਲਈ ਹੀ ਤਾਂ ਸਾਰਾ ਕੁਝ ਕਰਦੇ ਸਨ। ਭਾਈ ਸਾਹਿਬ ਕਹਿਦੇ ਹਨ ਕਿ ਗੁਰੂ ਜੀ ਨੇ ਗੱਲਬਾਤ ਦਾ ਸਿਲਸਿਲਾ ਸ਼ੁਰੂ ਕਰਨ ਲਈ ਇਤਨਾ ਵੱਡਾ ਪਰਬੰਧ ਕਰ ਲਿਆ ਕਿ ਇਸ ਨੂੰ ਕੋਈ ਸਮਝ ਹੀ ਨਹੀਂ ਸਕਦਾ ਸੀ। ਧਰਮ-ਈਮਾਨ ਦੀ ਗੱਲ ਕਰਦੇ ਹੋਏ ਕਾਜ਼ੀ ਅਤੇ ਮੌਲਾਣੇ ਬਾਬੇ ਦੀ ਕਿਤਾਬ ਨੂੰ ਫਰੋਲਦੇ ਹੋਏ ਇਹ ਪੁੱਛਦੇ ਸਨ ਕਿ ਤੁਸੀਂ ਹਿੰਦੁਸਤਾਨ ਤੋਂ ਆਏ ਹੋਂ, ਇਸ ਲਈ ਇਹ ਦੱਸੋ ਕਿ ਉੱਥੇ ਹਿੰਦੂ ਵੱਡਾ ਹੈ ਜਾਂ ਮੁਸਲਮਾਨ? ਗੁਰੂ ਜੀ ਨੇ ਹਾਜੀਆਂ ਨੂੰ ਸੰਬੋਧਨ ਕਰਦੇ ਹੋਏ ਜਵਾਬ ਦਿੱਤਾ ਕਿ ਦੋਵੇਂ ਧਰਮ ਹੀ ਸੱਚ ਤੋਂ ਭਟਕੇ ਹੋਏ ਹਨ। ਦੋਹਾਂ ਦੇ ਕਰਮ ਮਾੜੇ ਹਨ। ਦੋਹਾਂ ਧਰਮਾਂ ਦੇ ਹੀ ਲੋਕ ਆਪੋ-ਆਪਣੇ ਧਰਮ ਤੋਂ ਦੂਰ ਹੋਣ ਕਰਕੇ ਅਪਣੇ-ਆਪਣੇ ਧਰਮ ਵਿੱਚ ਕੁਸੰਭੜੇ ਦੇ ਰੰਗ ਦੀ ਤਰ੍ਹਾਂ ਕੱਚੇ ਹਨ। ਆਪੋ-ਆਪਣੇ ਇਮਾਨ ਰਾਮ ਅਤੇ ਰਹੀਮ ਨੂੰ ਦੂਰ ਕਰ ਕੇ ਇੱਕ-ਦੂਜੇ ਦੀ ਨਿੰਦਿਆਂ-ਚੁਗਲੀ ਵਿੱਚ ਲੱਗੇ ਹੋਏ ਹਨ। ਹਿੰਦੁਸਤਾਨ ਵਿੱਚ ਦੋਵੇਂ ਧਰਮ ਹੀ ਸ਼ੈਤਾਨ ਦੇ ਮਾਰਗ 'ਤੇ ਪਏ ਹੋਏ ਹਨ। (ਪਉੜੀ 33)

ਇੱਥੇ ਕੁਝ ਇੱਕ ਗੱਲਾਂ ਦੀ ਵਿਚਾਰ ਕਰਨ ਵਾਲੀ ਹੈ। ਪਹਿਲੀ ਗੱਲ ਤਾਂ ਇਹ ਹੈ ਕਿ ਭਾਈ ਗੁਰਦਾਸ ਜੀ ਦੀ ਇਹ ਲਿਖਤ ਗੁਰੂ ਨਾਨਕ ਸਾਹਿਬ ਦੇ ਸਭ ਤੋਂ ਨੇੜੇ ਦੇ ਸਮੇਂ ਦੀ ਲਿਖਤ ਹੈ। ਇਸ ਲਈ ਇਹ ਭਰੋਸੇਯੋਗ ਵੀ ਹੈ ਅਤੇ ਮੰਨਣਯੋਗ ਵੀ। ਇਸ ਲਈ ਗੁਰੂ ਜੀ ਦੀ ਮੱਕੇ ਦੀ ਯਾਤਰਾ ਇੱਕ ਇਤਿਹਾਸਕ ਤੱਥ ਹੈ। ਸੱਚ ਇਹੀ ਹੈ ਕਿ ਗੁਰੂ ਜੀ ਮੱਕੇ ਸਮੇਤ ਅਰਬ ਮੁਲਕਾਂ ਵਿੱਚ ਗਏ ਸਨ। ਦੂਜੀ ਗੱਲ ਇਹ ਕਿ ਅਕਸਰ ਇਸ ਗੱਲ ਬਾਰੇ ਕੁਝ ਨਾਂਹ-ਵਾਚਕ ਸਵਾਲ ਕੀਤੇ ਜਾਂਦੇ ਹਨ ਕਿ ਮੱਕੇ ਦੇ ਹੱਜ ਲਈ ਇੱਕ ਹਿੰਦੂ ਕਿਵੇਂ ਜਾ ਸਕਦਾ ਸੀ ਜਦੋਂ ਕਿ ਗੁਰੂ ਨਾਨਕ ਸਾਹਿਬ ਇੱਕ ਹਿੰਦੂ ਘਰ ਵਿੱਚ ਜਨਮੇ ਹੋਏ ਸਨ। ਇਸ ਗੱਲ ਦਾ ਤਰਕ-ਭਰਪੂਰ ਜਵਾਬ ਇਹ ਹੈ ਕਿ ਪਹਿਲੀ ਗੱਲ ਤਾਂ ਇਹ ਕਿ ਗੁਰੂ ਨਾਨਕ ਸਾਹਿਬ ਹਿੰਦੂ ਨਹੀਂ ਸਨ। ਹਿੰਦੂ-ਮੁਸਲਿਮ ਵਾਲੀ ਗੱਲ ਤਾਂ ਉਹ ਵੇਈਂ-ਨਦੀ ਵਿਖੇ ਹੀ ਮੁਕਾ ਚੁੱਕੇ ਸਨ ਕਿ ਇੱਥੇ ਨ ਕੋਈ ਹਿੰਦੂ ਹੈ ਤੇ ਨਾ ਕੋਈ ਮੁਸਲਮਾਨ। ਦੂਜੇ ਸ਼ਬਦਾਂ ਵਿੱਚ ਗੁਰੂ ਜੀ ਨੇ ਸਾਫ਼ ਕਰ ਦਿੱਤਾ ਸੀ ਕਿ ਉਹ ਨਾ ਹੀ ਹਿੰਦੂ ਹਨ ਤੇ ਨਾ ਹੀ ਮੁਸਲਮਾਨ। ਉਹ ਤਾਂ ਸਗੋਂ ਇੱਕ ਅਕਾਲ ਪੁਰਖ ਦੀ ਸੰਤਾਨ ਹਨ। ਇੱਥੇ ਵਿਚਾਰਨ ਵਾਲੀ ਗੱਲ ਇਹ ਹੈ ਕਿ ਇਹ ਸੁਣ ਕੇ ਤਾਂ ਮੁਸਲਮਾਨਾਂ ਨੇ ਸੰਤੁਸ਼ਟ ਹੋ ਜਾਣਾ ਸੀ ਕਿ ਉਹ ਹਿੰਦੂ ਨਹੀਂ ਹਨ। ਮੁਸਲਮਾਨ ਲਈ ਇੰਨੀ ਗੱਲ ਹੀ ਵਾਧੂ ਸੀ। ਦੂਜੀ ਗੱਲ ਇਹ ਕਿ ਉਹ ਮੁਸਲਮਾਨ ਵੀ ਨਹੀਂ ਸਨ ਇਸ ਗੱਲ ਦਾ ਗੁੱਸਾ ਹੋ ਸਕਦਾ ਸੀ ਜਿਵੇਂ ਕਿ ਸੁਲਤਾਨਪੁਰ ਦੇ ਕਾਜ਼ੀ ਨੇ ਕੀਤਾ ਸੀ। ਪਰ ਮੁਸਲਮਾਨ ਦਾ ਇਹ ਗੁੱਸਾ ਵੀ ਉਸ ਸਮੇਂ ਘੱਟ ਜਾਂਦਾ ਹੈ ਜਦੋਂ ਗੁਰੂ ਜੀ ਇਹ ਵੀ ਕਹਿ ਦਿੰਦੇ ਹਨ ਕਿ ਉਹ ਤਾਂ ਇਕ ਅਕਾਲ ਪੁਰਖ ਦੀ ਸੰਤਾਨ ਹਨ। ਅਕਾਲ ਪੁਰਖ ਦਾ ਇੱਕ ਹੋਣਾ ਜਾਂ ਅਲਾਹ ਜਾਂ ਖ਼ੁਦਾ ਦਾ ਇੱਕ ਹੋਣਾ ਇਹ ਮੁਸਲਮਾਨ ਦਾ ਵੀ ਨਿਸ਼ਚਾ ਸੀ। ਇਸ ਲਈ ਗੁਰੂ ਨਾਨਕ ਸਾਹਿਬ ਕੀ ਸਨ ਜਾਂ ਕੀ ਨਹੀਂ ਸਨ ਇਸ ਗੱਲ ਦਾ ਸੰਤੋਸ਼ਜਨਕ ਹੱਲ ਗੁਰੂ ਸਾਹਿਬ ਦੀ ਆਪਣੀ ਵਿਚਾਰਧਾਰਾ ਵਿੱਚੋਂ ਹੀ ਨਿਕਲ ਆਇਆ ਸੀ। ਦੂਜੀ ਗੱਲ ਇਹ ਕਿ ਹਿੰਦੁਸਤਾਨ ਦਾ ਮੁਲਕ ਇਸਲਾਮੀ ਸਾਮਰਾਜ ਦੇ ਅਧੀਨ ਸੀ। ਇਸ ਲਈ ਹਿੰਦੁਸਤਾਨ ਵੀ ਇਸਲਾਮੀ ਸਾਮਰਾਜ ਹੀ ਸੀ। ਇਉਂ ਹਿੰਦੁਸਤਾਨ ਦਾ ਹਰ ਵਸਨੀਕ, ਖਾਸ ਕਰਕੇ ਗੈਰ-ਹਿੰਦੂ ਮੱਕੇ ਜਾਣ ਦਾ ਅਧਿਕਾਰ ਰੱਖਦਾ ਸੀ। ਤੀਜੀ ਗੱਲ ਮੱਕੇ ਦੇ ਹੱਜ ਲਈ ਉਹਨਾਂ ਸਮਿਆਂ ਵਿੱਚ ਅੱਜ ਜੈਸੀ ਕੱਟੜਤਾ ਨਹੀਂ ਸੀ।

ਪਉੜੀ 34ਵੀਂ ਵਿੱਚ ਦੱਸਿਆ ਗਿਆ ਹੈ ਕਿ ਗੁਰੂ ਜੀ ਨੇ ਜਿਸ ਤਰ੍ਹਾਂ ਦੀ ਵੀ ਅਤੇ ਜਿਵੇਂ ਵੀ ਮੱਕੇ ਵਿਖੇ ਉੱਥੋਂ ਦੇ ਕਾਜ਼ੀਆਂ ਨਾਲ ਗੱਲਬਾਤ ਕੀਤੀ ਉਸ ਵਿੱਚ ਉਹਨਾਂ ਸਭ ਨੂੰ ਆਪਣੀ ਵਿਚਾਰਾਧਾਰਾ ਬਾਰੇ ਨਿਸ਼ਚਤ ਕਰਵਾਇਆ। ਪਹਿਲੀ ਸਤਰ ਤੋਂ ਭਾਵ ਇਹੀ ਲਿਆ ਜਾ ਸਕਦਾ ਹੈ ਕਿ ਸੁਣਨ ਵਾਲੇ ਸਾਰੇ ਲੋਕ ਗੁਰੂ ਜੀ ਦੇ ਚਰਨੀ ਪੈ ਗਏ ਸਨ। ਇਸ ਤਰ੍ਹਾਂ ਗੁਰੂ ਜੀ ਨੇ ਮੱਕੇ ਵਿੱਚ ਵੀ ਆਪਣੇ ਵਿਚਾਰਾਂ ਨੂੰ ਸਥਾਪਤ ਕਰ ਦਿੱਤਾ ਸੀ। ਬਾਬਾ ਜਿੱਥੇ ਵੀ ਜਾਂਦਾ ਸੀ ਉਹ ਆਪਣੀਆਂ ਗੱਲਾਂ ਨੂੰ ਮਨਵਾਏ ਬਿਨਾ ਉਠਦਾ ਨਹੀਂ ਸੀ। ਜਿੱਥੇ ਵੀ ਬਾਬਾ ਜਾਂਦਾ ਸੀ ਉੱਥੇ ਹੀ ਬਾਬੇ ਦੀ ਪੂਜਾ ਹੋਣੀ ਸ਼ੁਰੂ ਹੋ ਜਾਂਦੀ ਸੀ। ਇਸ ਤਰ੍ਹਾਂ ਬਾਬਾ ਚੜ੍ਹਦੇ ਸੂਰਜ ਦੀ ਤਰ੍ਹਾਂ ਕਿਤੇ ਵੀ ਛੁਪਾਇਆ ਨਹੀਂ ਜਾ ਸਕਦਾ ਸੀ। ਉਹਨਾਂ ਦਾ ਦਰਿੜ੍ਹ ਕਰਵਾਇਆ ਗਿਆ ਗਿਆਨ ਸਾਰੇ ਜਗਤ ਨੂੰ ਰੁਸ਼ਨਾ ਰਿਹਾ ਸੀ। ਜਿਸ ਤਰ੍ਹਾਂ ਜੰਗਲ ਵਿੱਚ ਸ਼ੇਰ ਦੇ ਗਰਜਣ ਨਾਲ ਮਿਰਗਾਂ ਦੀਆਂ ਡਾਰਾਂ ਭੱਜੀਆਂ ਜਾਂਦੀਆਂ ਹਨ ਉਸੇ ਤਰ੍ਹਾਂ ਬਾਬੇ ਦੇ ਪਰਚਾਰ ਸਾਹਮਣੇ ਝੂਠ ਦੇ ਵਪਾਰੀ ਵੀ ਭੱਜ ਤੁਰਦੇ ਸਨ। ਮੱਕੇ ਤੋਂ ਬਾਅਦ, ਗੁਰੂ ਜੀ ਵੱਲੋਂ ਬਗਦਾਦ ਪਹੁੰਚਣ ਦੀ ਜਾਣਕਾਰੀ ਮਿਲਦੀ ਹੈ। ਬਾਬੇ ਨੇ ਬਗਦਾਦ ਪਹੁੰਚ ਕੇ ਸ਼ਹਿਰੋਂ ਬਾਹਰ ਹੀ ਆਪਣਾ ਠਹਿਰਾਅ ਕੀਤਾ। ਬਾਬੇ ਨੇ ਜਦੋਂ ਨਮਾਜ਼ ਕਰਦਿਆਂ ਬਾਂਗ ਦਿੱਤੀ ਤਾਂ ਉਹਨਾਂ ਦੀ ਬਾਂਗ ਦੀ ਅਵਾਜ਼ ਐਸੀ ਅਕਾਲਮਈ ਸੀ ਜਿਸ ਨੂੰ ਸੁਣਦਿਆਂ ਹੀ ਸੁੰਨ ਵਰਤ ਗਈ ਸੀ। ਉੱਥੋਂ ਦਾ ਪੀਰ ਵੀ ਇਸ ਅਗੰਮੀ ਬਾਂਗ ਨੂੰ ਸੁਣ ਕੇ ਹੈਰਾਨ ਹੋ ਗਿਆ ਸੀ। ਜਦੋਂ ਉਸ ਨੇ ਕੁਝ ਧਿਆਨ ਲਗਾ ਕੇ ਇਸ ਨੂੰ ਸੁਣਿਆ ਤਾਂ ਪਤਾ ਲੱਗਿਆ ਕਿ ਇੱਕ ਵੱਡਾ ਤਕੜਾ ਮਸਤਾਨਾ ਫ਼ਕੀਰ ਬੈਠਾ ਹੈ। ਉਸ ਪੀਰ ਨੇ ਨੇੜੇ ਆ ਕੇ ਦਸਤਪੰਜਾ ਕਰਦਿਆਂ ਹੋਇਆਂ ਪੁੱਛਿਆ ਕਿ ਇਹ ਫ਼ਕੀਰ ਕੌਣ ਹੈ ਅਤੇ ਕਿਸ ਸਿਲਸਿਲੇ ਨਾਲ ਸੰਬੰਧਤ ਹੈ। ਗੁਰੂ ਜੀ ਨੇ ਜਵਾਬ ਦਿੰਦਿਆਂ ਕਿਹਾ ਕਿ ਉਹਨਾਂ ਦਾ ਨਾਂ ਨਾਨਕ ਹੈ ਅਤੇ ਉਹਨਾਂ ਨੇ ਰੱਬ ਅਤੇ ਫ਼ਕੀਰ ਨੂੰ ਇੱਕੋ ਰੂਪ ਹੀ ਸਮਝਿਆ ਹੈ। ਭਾਵ ਕਿ ਉਹ ਸਿਰਫ ਇੱਕ ਅਕਾਲ ਪੁਰਖ ਦਾ ਨਾਮ ਜਪਣ ਵਾਲੇ ਫ਼ਕੀਰ ਹਨ। ਇਹ ਗੱਲ ਉਸ ਪੀਰ ਨੂੰ ਬੜੀ ਅਜੀਬ ਲੱਗੀ। ਕਿਉਂਕਿ ਇੱਕ ਤਾਂ ਗੁਰੂ ਜੀ ਰਬਾਬ ਰਾਹੀਂ ਰਾਗ ਅਲਾਪ ਰਹੇ ਸਨ ਅਤੇ ਦੂਜਾ ਪਰਮਾਤਮਾ ਦੇ ਵੀ ਇਕ ਹੋਣ ਦਾ ਸੰਦੇਸ਼ ਦੇ ਰਹੇ ਸਨ। ਇਸਲਾਮੀ ਮੁਲਕਾਂ ਵਿੱਚ ਰਾਗ ਅਲਾਪਣ ਦੀ ਮਨਾਹੀ ਸੀ ਪਰ ਗੁਰੂ ਜੀ ਰਾਗ ਅਲਾਪਕੇ ਹੀ ਪਰਮਾਤਮਾ ਦੀ ਏਕਤਾ ਦਾ ਸੰਦੇਸ਼ ਦੇ ਰਹੇ ਸਨ। ਇਸ ਲਈ ਬਗਦਾਦ ਦਾ ਪੀਰ ਹੈਰਾਨ-ਪਰੇਸ਼ਾਨ ਸੀ। ਉਸ ਨੇ ਫਿਰ ਕੁਝ ਤਕਰਾਰ ਕਰਦਿਆਂ ਹੋਇਆਂ ਪੁੱਛਿਆ ਕਿ ਉਸ ਨੇ ਇੱਥੇ ਆ ਕੇ ਐਨੀ ਅੱਤ ਕਿਉਂ ਚੁੱਕੀ ਹੋਈ ਹੈ। ਇੱਥੇ ਬਗਦਾਦ ਵਿੱਚ ਆ ਕੇ ਹੀ ਇਹ ਕਰਾਮਾਤ ਕਿਉਂ ਦਿਖਾਈ। ਭਾਵ ਕਿ ਰਾਗ ਅਤੇ ਪਰਮਾਤਮਾ ਦੀ ਏਕਤਾ ਦਾ ਅਦਭੁਤ ਵਿਚਾਰ ਕਿਉਂ ਪਰਗਟ ਕੀਤਾ ਹੈ। ਗੁਰੂ ਜੀ ਨੇ ਹੋਰ ਅੱਗੇ ਗੱਲ ਬਾਤ ਤੋਰਦੇ ਹੋਇਆਂ ਲੱਖਾਂ ਅਕਾਸ਼ਾਂ ਅਤੇ ਪਤਾਲਾਂ ਦੇ ਹੋਣ ਦੀ ਗੱਲ ਵੀ ਕਹੀ। ਇਹ ਹੋਰ ਵੀ ਅਦਭੁਤ ਗੱਲਾਂ ਸੁਣ ਕੇ ਪੀਰ ਨੇ ਕਿਹਾ ਕਿ ਉਹਨਾਂ ਨੂੰ ਇਸ ਗੱਲ ਦਾ ਗਿਆਨ ਕਰਵਾਇਆ ਜਾਵੇ ਕਿ ਲੱਖਾਂ ਅਕਾਸ਼ ਅਤੇ ਪਾਤਾਲ ਕਿਸ ਤਰ੍ਹਾਂ ਹਨ। ਪੀਰ ਦਾ ਪੁੱਤਰ ਵੀ ਉੱਥੇ ਆ ਗਿਆ ਸੀ। ਬਾਬੇ ਨਾਨਕ ਨੇ ਉਹਨਾਂ ਸਭ ਨੂੰ ਲੱਖਾਂ ਅਕਾਸ਼ਾਂ ਅਤੇ ਪਤਾਲਾਂ ਦੀ ਹੋਂਦ ਬਾਰੇ ਗਿਆਨ ਦਰਿੜ੍ਹ ਕਰਵਾਇਆ। ਭਾਈ ਸਾਹਿਬ ਕਹਿੰਦੇ ਹਨ ਕਿ ਬਾਬੇ ਦੇ ਗਿਆਨ ਦੀ ਕਲਾ ਛੁਪਾਈ ਨਹੀਂ ਛੁਪਦੀ ਸੀ।

ਸਿੱਟੇ ਵਜੋਂ ਪਉੜੀ 37 ਵੀਂ ਵਿੱਚ ਭਾਈ ਸਾਹਿਬ ਨੇ ਲਿਖਿਆ ਹੈ ਕਿ ਬਾਬੇ ਨੇ ਆਪਣੇ ਗਿਆਨ ਦੇ ਜ਼ੋਰ ਨਾਲ ਇਸਲਾਮ ਦੇ ਗੜ੍ਹ ਬਗਦਾਦ ਨੂੰ ਵੀ ਜਿੱਤ ਲਿਆ ਸੀ ਅਤੇ ਮੱਕੇ-ਮਦੀਨੇ ਨੂੰ ਵੀ ਜਿੱਤ ਲਿਆ ਸੀ। ਬਾਬੇ ਨੇ ਸਿੱਧਾਂ ਦੀਆਂ ਮੰਡਲੀਆਂ ਨੂੰ ਵੀ ਜਿੱਤ ਲਿਆ ਸੀ ਅਤੇ ਉਹਨਾਂ ਦੇ ਫਲਸਫ਼ਿਆਂ ਦੇ ਖੋਖਲੇਪਨ ਨੂੰ ਵੀ ਨੰਗਾ ਕਰ ਦਿੱਤਾ ਸੀ। ਇਹ ਭਾਈ ਸਾਹਿਬ ਦੀ, ਗੁਰੂ ਨਾਨਕ ਦੇਵ ਜੀ ਦੀਆਂ ਯਾਤਰਾਵਾਂ ਦੀ ਵਿਆਖਿਆ ਹੈ ਜਿਹੜੀ ਭਾਵੇਂ ਸਿਰਫ ਪਰਬਤਾਂ ਦੀ ਅਤੇ ਮੱਕੇ, ਮਦੀਨੇ ਤੇ ਬਗਦਾਦ ਦੀ ਹੀ ਹੈ ਪਰ ਹੈ ਇਹ ਭਾਵ-ਪੂਰਤ।

ਇੱਥੇ ਇਹ ਗੱਲ ਕਰਨੀ ਅਢੁੱਕਵੀਂ ਨਹੀਂ ਹੋਵੇਗੀ ਕਿ ਮੱਕੇ ਦੀ ਯਾਤਰਾ ਕਰਨ ਦੀ ਜੋ ਸਾਖੀ ਮਿਹਰਬਾਨ ਵਾਲੀ ਤੇ ਭਾਈ ਵੀਰ ਸਿੰਘ ਦੀ ਪੁਰਾਤਨ ਜਨਮਸਾਖੀ ਵਿੱਚ ਦਿੱਤੀ ਗਈ ਹੈ ਉਸ ਵਿੱਚ ਇੱਕ ਗੱਲ, ਵਿਸ਼ੇਸ਼ ਰੂਪ ਵਿੱਚ ਗੁਰੂ ਨਾਨਕ ਸਾਹਿਬ ਦੀ ਵਿਚਾਰਧਾਰਾ ਦੇ ਉਲਟ ਕਹੀ ਗਈ ਹੈ। ਜਿਵੇਂ ਕਿ ਜਦੋਂ ਗੁਰੂ ਨਾਨਕ ਸਾਹਿਬ ਮੱਕੇ ਨੂੰ ਜਾਂਦੇ ਹੋਏ ਰਾਹ ਜਾਂਦੇ ਯਾਤਰੀਆਂ ਨਾਲ ਗੱਲਾਂ ਬਾਤਾਂ ਕਰਦੇ ਹਨ ਤਾਂ ਯਾਤਰੀਆਂ ਦੇ ਪੁੱਛਣ ਤੇ ਆਪਣੇ ਬਾਰੇ ਅਤੇ ਮਰਦਾਨੇ ਬਾਰੇ ਜਾਤੀ ਤੌਰ 'ਤੇ ਕੁਝ ਦੱਸਦੇ ਹਨ ਤਾਂ ਮਿਹਰਬਾਨ ਵਾਰ-ਵਾਰ ਗੁਰੂ ਜੀ ਦੇ ਮੁਖ਼ਾਰਬਿੰਦ ਵਿਚੋਂ ਇਹੀ ਅਖਵਾ ਰਿਹਾ ਹੈ ਕਿ "ਉਹ ਹਿੰਦੂ ਹਨ ਅਤੇ ਮਰਦਾਨਾ ਮੁਸਲਮਾਨ ਹੈ।" ਮਿਸਾਲ ਦੇ ਤੌਰ ਤੇ ਜਦੋਂ ਮੱਕੇ ਨੂੰ ਜਾਣ ਵਾਲੇ ਯਾਤਰੀ ਗੁਰੂ ਨਾਨਕ ਸਾਹਿਬ ਤੋਂ ਪੁੱਛਦੇ ਹਨ: "ਤਬ ਉਨਹੁ ਫਕੀਰਹੁ ਕਹਿਆ", ਸਾਹਿਬ ਜੀ, ਤੇਰਾ ਨਾਮਿ ਕਿਆ ਹੈ? ਕਹੈ, ਜੀ ਨਾਮ ਕਰਤੇ ਪੁਰਖ ਕਾ, ਪਣੁ ਜੀ ਮਾਉਂ ਬਾਪ ਦਾ ਨਾਉਂ ਰੱਖਿਆ ਹੋਇਆ ਨਾਨਕੁ ਹੈ।" ਕਹੈ, ਮੀਆਂ! ਤੇਰਾ ਨਾਉਂ ਹਿੰਦੂਆਂ ਜੇਹਾ ਹੈ। ਕਹੈ, ਆਇ ਮੀਆਂ। ਅਜ ਮੈਂ ਹਿੰਦੂ ਹਾਂ। ਕਹੈ ਜਾਤਿ ਕਵਣ ਹੈ? ਕਹੈ, ਜਾਤਿ ਖਤ੍ਰੀ ਹੈ। ਕਹੈ, ਗੋਤ ਕਵਣ ਹੈ? ਕਹੈ, ਵੇਦੀ ਖਤ੍ਰੀ ਹੈ।" ਦੂਜੀ ਵਾਰ ਜਦੋਂ ਗੁਰੂ ਜੀ ਅੱਗੇ ਖਾਣਾ ਰੱਖਿਆ ਜਾਂਦਾ ਹੈ ਖਾਣ ਲਈ ਫ਼ਕੀਰਾਂ ਵੱਲੋਂ, ਤਾਂ ਗੁਰੂ ਜੀ ਕਹਿੰਦੇ ਹਨ: "ਏ ਸਾਹਿਬ ਦਿਅਹੁ, ਮੈਂ ਹਿੰਦੂ ਹਾਂ, ਏਹਿ ਮੁਸਲਮਾਨਿ ਹੈਨਿ; ਏਹਿ ਖਾਣਾ ਏਨਾਂ ਮੁਸਲਮਾਨਾਂ ਕੁ ਦੇਵਹੁ"। ਫਿਰ ਦੁਬਾਰਾ ਗੱਲਬਾਤ ਕਰਦੇ ਹੋਏ ਗੁਰੂ ਜੀ ਵੱਲੋਂ ਜੁਆਬ ਵਿੱਚ ਅਖ਼ਵਾਇਆ ਗਿਆ ਹੈ, "ਮੀਆਂ ਜੀ! ਮੈਂ ਹਿੰਦੂ ਹਾਂ ਅਰ ਏ (ਮਰਦਾਨਾ) ਮੁਸਲਮਾਨ ਹੈ, ਏਹਿ ਮੁਸਲਮਾਨਾਂ ਦੀ ਬੋਲੀ ਸਮਝਦੇ ਹੈਨਿ ਮੈਂ ਨਹੀਂ ਸਮਝਦਾ।"

ਇਹੀ ਗੱਲ ਭਾਈ ਵੀਰ ਸਿੰਘ ਵਾਲੀ ਪੁਰਾਤਨ ਜਨਮਸਾਖੀ ਵਿੱਚ ਕਹੀ ਗਈ ਹੈ। ਕਿਉਂਕਿ ਪੁਰਾਤਨ ਜਨਮਸਾਖੀ ਵਾਲੀ ਸਾਖੀ ਵੀ ਮਿਹਬਾਨ ਵਾਲੀ ਜਨਮਸਾਖੀ ਵਿਚਲੀ ਸਾਖੀ ਦਾ ਸੰਖੇਪ ਕੀਤਾ ਹੋਇਆ ਰੂਪ ਹੀ ਹੈ। ਇਸ ਲਈ ਇਸ ਵਿੱਚ ਬਾਕੀ ਗੱਲਾਂ ਤਾਂ ਛੱਡ ਦਿੱਤੀਆਂ ਗਈਆਂ ਹਨ। ਇਸ ਵਿੱਚ ਸਿਰਫ ਬੱਦਲੀ ਵਾਲੀ ਗੱਲ ਹੀ ਰੱਖੀ ਗਈ ਹੈ। ਇਸ ਵਿੱਚ ਵੀ ਇਉਂ ਅਖਵਾਇਆ ਗਿਆ ਹੈ: "ਤਬਿ ਹਾਜੀ ਡਿਠਾ, ਆਖਿਓਸੁ: ਜੁ ਇਹਿ ਬਦਲੀ ਮੇਰੇ ਉੱਤੇ ਹੈ। ਤਾਂ ਆਖਣਿ ਲਗਾ, ਜੋ ਹਿੰਦੂ ਤਾਂ ਮੱਕੇ ਨੂੰ ਕੋਈ ਨਾਹੀ ਗਇਆ ਤੂ ਮੇਰੇ ਨਾਲ ਚਲੁ ਨਾਹੀ। ਅਗੈ ਹੋਹੁ, ਕਿ ਪਿਛੈ ਹੋਹੁ।" ਬਾਕੀ ਸਭ ਗੱਲਾਂ ਸਾਖੀ ਨੂੰ ਸੰਖੇਪ ਕਰਦਿਆਂ ਛੱਡ ਦਿੱਤੀਆਂ ਗਈਆਂ ਹਨ। ਪਰ ਇਸ ਪੁਰਾਤਨ ਜਨਮਸਾਖੀ ਵਿੱਚ ਗੁਰੂ ਨਾਨਕ ਸਾਹਿਬ ਦੇ ਮੱਕੇ ਨੂੰ ਜਾਣ ਸਮੇਂ, ਪਹਿਨੇ ਹੋਏ ਜਿਹੜੇ ਬਸਤਰਾਂ ਦੀ ਗੱਲ ਕੀਤੀ ਗਈ ਹੈ ਉਹ ਇੱਕ ਤਾਂ ਬਹੁਤ ਹੀ ਹਾਸੋਹੀਣੀ ਹੈ ਅਤੇ ਦੂਜਾ, ਭਾਈ ਗੁਰਦਾਸ ਜੀ ਵੱਲੋਂ ਦੱਸੇ ਹੋਏ ਬਸਤਰਾਂ ਤੋਂ ਉਲਟ ਹੈ। ਪੁਰਾਤਨ ਜਨਮਸਾਖੀ ਵਿੱਚ ਦੱਸਿਆ ਗਿਆ ਹੈ: "ਚਉਥੀ ਉਦਾਸੀ ਪੱਛਮ ਕੀ ਹੋਈ। ਪੈਰ ਖੰਊਸਾਂ ਚੰਮ ਕੀਆਂ, ਅਤੇ ਚੰਮ ਕੀ ਸੁਥਣਿ। ਗਲਿ ਵਿਚਿ ਹਡੀਆਂ ਕੀ ਮਾਲਾ, ਮੱਥੇ ਟਿਕਾ ਬਿੰਦੀ ਕਾ, ਬਾਲਕਾਂ ਵਿੱਚ ਖੇਡੈ, ਤਬ ਨੀਲੇ ਬਸਤ੍ਰ ਥੇ, ਖੇਡਦਾ ਖੇਡਦਾ ਹਜ ਵਿਚਿ ਆਇ ਨਿਕਲਿਆ।"

ਹੁਣ ਦੇਖਿਆ ਜਾਵੇ ਕਿ ਉਕਤ ਲਿਬਾਸ ਪਹਿਨ ਕੇ ਵਿਅਕਤੀ ਕਿਹੋ ਜਿਹਾ ਲੱਗੇਗਾ? ਚੰਮ ਦੀ ਸੁੱਥਣ ਮਾਰੂਥਲ ਵਿੱਚ ਕਿਵੇਂ ਪਾਈ ਜਾ ਸਕਦੀ ਹੈ। ਗਲ ਵਿੱਚ ਹੱਡੀਆਂ ਦੀ ਮਾਲਾ ਕੀ ਦਰਸਾਵੇਗੀ? ਇਸ ਨਾਲ ਤਾਂ ਬੰਦਾ ਨਿਰਾ ਅਘੋਰੀ ਲੱਗੇਗਾ ਜਿਵੇਂ ਕਿ ਅਘੋਰੀ ਸਾਧੂ ਸਿਵਿਆਂ ਵਿੱਚ ਬੈਠੇ ਹੁੰਦੇ ਹਨ। ਕੀ ਹੱਜ ਨੂੰ ਗੁਰੂ ਸਾਹਿਬ ਇੰਝ ਜਾ ਸਕਦੇ ਸਨ? ਗੁਰੂ ਜੀ ਦਾ ਇਹ ਸਫਰ ਤਾਂ ਸਗੋਂ ਬਹੁਤ ਹੀ ਗੰਭੀਰਤਾ ਭਰਿਆ ਅਤੇ ਜੰਗੀ ਮੁਹਿੰਮ ਜੈਸਾ ਸੀ। ਪਰ ਪੁਰਾਤਨ ਜਨਮਸਾਖੀ ਵਾਲੇ ਨੇ ਇਸ ਨੂੰ ਬਹੁਤ ਹੀ ਗੈਰ-ਗੰਭੀਰਤਾ ਨਾਲ ਲਿਆ ਹੈ।

(ਚਲਦਾ...)

**ਜਦੋਂ ਗੁਰੂ ਨਾਨਕ ਸਾਹਿਬ ਮੱਕੇ ਨੂੰ ਜਾਂਦੇ ਹੋਏ ਰਾਹ ਜਾਂਦੇ ਯਾਤਰੀਆਂ ਨਾਲ ਗੱਲਾਂ ਬਾਤਾਂ ਕਰਦੇ ਹਨ ਤਾਂ ਯਾਤਰੀਆਂ ਦੇ ਪੁੱਛਣ ਤੇ ਆਪਣੇ ਬਾਰੇ ਅਤੇ ਮਰਦਾਨੇ ਬਾਰੇ ਜਾਤੀ ਤੌਰ 'ਤੇ ਕੁਝ ਦੱਸਦੇ ਹਨ ਤਾਂ ਮਿਹਰਬਾਨ ਵਾਰ-ਵਾਰ ਗੁਰੂ ਜੀ ਦੇ ਮੁਖ਼ਾਰਬਿੰਦ ਵਿਚੋਂ ਇਹੀ ਅਖਵਾ ਰਿਹਾ ਹੈ ਕਿ "ਉਹ ਹਿੰਦੂ ਹਨ ਅਤੇ ਮਰਦਾਨਾ ਮੁਸਲਮਾਨ ਹੈ।" ਮਿਸਾਲ ਦੇ ਤੌਰ ਤੇ ਜਦੋਂ ਮੱਕੇ ਨੂੰ ਜਾਣ ਵਾਲੇ ਯਾਤਰੀ ਗੁਰੂ ਨਾਨਕ ਸਾਹਿਬ ਤੋਂ ਪੁੱਛਦੇ ਹਨ: "ਤਬ ਉਨਹੁ ਫਕੀਰਹੁ ਕਹਿਆ", ਸਾਹਿਬ ਜੀ, ਤੇਰਾ ਨਾਮਿ ਕਿਆ ਹੈ? ਕਹੈ, ਜੀ ਨਾਮ ਕਰਤੇ ਪੁਰਖ ਕਾ, ਪਣੁ ਜੀ ਮਾਉਂ ਬਾਪ ਦਾ ਨਾਉਂ ਰੱਖਿਆ ਹੋਇਆ ਨਾਨਕੁ ਹੈ।" ਕਹੈ, ਮੀਆਂ! ਤੇਰਾ ਨਾਉਂ ਹਿੰਦੂਆਂ ਜੇਹਾ ਹੈ। ਕਹੈ, ਆਇ ਮੀਆਂ। ਅਜ ਮੈਂ ਹਿੰਦੂ ਹਾਂ। ਕਹੈ ਜਾਤਿ ਕਵਣ ਹੈ? ਕਹੈ, ਜਾਤਿ ਖਤ੍ਰੀ ਹੈ। ਕਹੈ, ਗੋਤ ਕਵਣ ਹੈ? ਕਹੈ, ਵੇਦੀ ਖਤ੍ਰੀ ਹੈ।"**




# ਗੁਰਮਤਿ ਵਿਚ ਕੁਦਰਤ ਦਾ ਫਲਸਫਾ

ਕਰਨਲ ਡਾ. ਦਲਵਿੰਦਰ ਸਿੰਘ ਗਰੇਵਾਲ



ਸ੍ਰਿਸ਼ਟੀ ਨੂੰ ਆਮ ਤੌਰ 'ਤੇ ਬ੍ਰਹਿਮੰਡ, ਸੰਸਾਰ, ਦੁਨੀਆ, ਵਿਸ਼ਵ, ਜਗਤ ਆਦਿ ਸਮਾਨਾਰਥੀ ਸ਼ਬਦਾਂ ਨਾਲ ਸਮਝਿਆ ਜਾਂਦਾ ਹੈ। ਏਥੇ ਸ੍ਰਿਸ਼ਟੀ ਦਾ ਭਾਵ ਸਮੁੱਚੇ ਬ੍ਰਹਿਮੰਡ ਤੋਂ ਹੈ ਜਿਸ ਵਿਚ ਧਰਤੀਆਂ, ਸਿਤਾਰੇ, ਆਕਾਸ਼ ਗੰਗਾ ਤੋਂ ਦਿਸਦੇ-ਅਣਦਿਸਦੇ, ਤੱਤਾਂ ਤੋਂ ਬਣੇ ਹਰ ਕਣ ਤੇ ਹਰ ਤਰੰਗ ਨੂੰ ਸ਼ਾਮਿਲ ਸਮਝਿਆ ਗਿਆ ਹੈ। ਵਰਲਡ ਕ੍ਰਿਸ਼ਚੀਅਨ ਐਨਸਾਈਕਲੋਪੀਡੀਆ ਅਨੁਸਾਰ ਦੁਨੀਆ ਵਿਚ 19 ਵੱਡੇ ਤੇ 270 ਦੇ ਕਰੀਬ ਛੋਟੇ ਧਰਮ ਹਨ, ਜਿਨ੍ਹਾਂ ਤੋਂ ਅੱਗੇ ਹੋਰ ਛੋਟੇ ਧਰਮ ਵੀ ਹਜ਼ਾਰਾਂ ਹਨ। ਇਨ੍ਹਾਂ ਧਰਮਾਂ ਵਿਚ ਘੱਟੋ ਘੱਟ 500 ਦੇ ਕਰੀਬ ਕਹਾਣੀਆਂ 'ਸ੍ਰਿਸ਼ਟੀ ਜਨਮ' ਨਾਲ ਸਬੰਧਿਤ ਹਨ ਤੇ ਹਰ ਇੱਕ ਦੀ ਆਪਣੀ ਵੱਖਰੀ ਕਹਾਣੀ ਹੈ। ਵੱਖ-ਵੱਖ ਦਰਸ਼ਨਾਂ ਤੇ ਧਰਮ ਸ਼ਾਸਤਰਾਂ ਨੇ ਮੂਲ-ਤੱਤ ਜਾਂ ਆਧਾਰਭੂਤ ਸਥਾਈ ਤੱਤਾਂ ਸਬੰਧੀ ਆਪਣੇ ਵਿਚਾਰ ਦਿੰਦਿਆਂ ਸ੍ਰਿਸ਼ਟੀ ਰਚਨਾ ਦੇ ਸਿਧਾਂਤ ਨਿਰਧਾਰਤ ਕੀਤੇ ਹਨ। ਇਨ੍ਹਾਂ ਵਿਚਾਰਧਾਰਾਵਾਂ ਨੂੰ ਅਸੀਂ ਪੁਰਾਤਨ ਸਭਿਅਤਾ ਸੋਚ ਵਿਧੀ ਤੇ ਨਵੀਨ ਸਭਿਅਤਾ ਸੋਚ ਵਿਧੀ ਅਨੁਸਾਰ ਵੰਡ ਸਕਦੇ ਹਾਂ। ਪੁਰਾਤਨ ਸਭਿਅਤਾ ਸੋਚ ਵਿਧੀ ਕਬੀਲਿਆਂ ਦੀ ਸਭਿਅਤਾ ਤੋਂ ਸ਼ੁਰੂ ਹੋ ਕੇ ਪੁਰਾਤਨ ਧਰਮਾਂ ਦੇ ਜਨਮ ਤਕ ਦੀ ਗਿਣੀ ਜਾ ਸਕਦੀ ਹੈ ਤੇ ਨਵੀਨ ਸਭਿਅਤਾ ਸੋਚ ਵਿਧੀ ਨਵੀਨ ਧਰਮਾਂ ਦੇ ਜਨਮ ਤਕ ਦੀ ਗਿਣੀ ਜਾ ਸਕਦੀ ਹੈ। ਨਵੀਨ ਸਭਿਅਤਾ ਸੋਚ ਵਿਧੀ ਨਵੀਨ ਧਰਮਾਂ ਦੀ ਸੋਚ ਵਿਧੀ ਤੋਂ ਸਾਇੰਸ ਯੁੱਗ ਦੀ ਸੋਚ ਵਿਧੀ ਤਕ ਵੀ ਗਿਣੀ ਜਾ ਸਕਦੀ ਹੈ। ਇਨ੍ਹਾਂ ਨੂੰ 'ਸ੍ਰਿਸ਼ਟੀਕਰਤਾ ਦੇ ਸ੍ਰਿਸ਼ਟੀ ਰਚਣ' ਤੇ 'ਬਿਗ ਬੈਂਗ (ਮਹਾਨ ਧਮਾਕਾ) 'ਜਿਹੀਆਂ ਸੋਚ ਵਿਧੀਆਂ ਵਿਚਾਲੇ ਵੀ ਵੰਡਿਆ ਜਾ ਸਕਦਾ ਹੈ।

ਅਸੀਂ ਇਨ੍ਹਾਂ ਸੋਚ-ਵਿਧੀਆਂ ਨੂੰ ਹੇਠ ਲਿਖੇ ਭਾਗਾਂ ਵਿਚ ਵਿਚਾਰਾਂਗੇ

(ੳ) ਕਬੀਲਿਆਂ ਦੀ ਸੋਚ ਵਿਧੀ

(ਅ) ਧਰਮਾਂ ਦੀ ਸੋਚ ਵਿਧੀ

(ੲ) ਵਿਗਿਆਨੀ ਸੋਚ ਵਿਧੀ

ਕਬੀਲਿਆਂ ਦੀ ਸੋਚ ਵਿਧੀ ਇਸ ਸੋਚ ਤੇ ਆਧਾਰਿਤ ਹੈ ਕਿ ਜੀਵਾਂ ਨੂੰ ਪੈਦਾ ਜੀਵਾਂ ਤੋਂ ਹੀ ਕੀਤਾ ਜਾ ਸਕਦਾ ਹੈ ਪਰ ਇਨ੍ਹਾਂ ਜੀਵਾਂ ਵਿਚ ਸਭ ਤੋਂ ਪਹਿਲੇ ਜੀਵ ਨੂੰ ਪੈਦਾ ਕਰਨ ਵਾਲਾ ਵੀ ਕੋਈ ਹੈ ਜੋ ਸਾਰੇ ਜੀਵਾਂ ਤੋਂ ਕਿਤੇ ਵੱਡਾ ਜਾਂ ਸ਼ਕਤੀਸ਼ਾਲੀ ਹੈ। ਰੱਬ ਨੇ ਜਦ ਇਨਸਾਨ ਪੈਦਾ ਕੀਤਾ ਤਾਂ ਉਸ ਦਾ ਰਹਿਣ-ਸਹਿਣ, ਜੀਣਾ-ਵਸਣਾ, ਖਾਣ-ਪੀਣ ਸਭ ਜੰਗਲ ਸੀ। ਹਰੇ ਭਰੇ ਰੁੱਖ, ਉਸਨੂੰ ਰਹਿਣ ਲਈ ਥਾਂ, ਖਾਣ ਲਈ ਫਲ ਤੇ ਵਧਣ ਲਈ ਚੰਗੀ ਹਵਾ ਦਿੰਦੇ ਸਨ। ਵਾਤਾਵਰਣ ਹਰਿਆਲੀ ਭਰਿਆ ਸੀ, ਖ਼ੁਸ਼ਗਵਾਰ ਸੀ। ਇਸ ਵਾਤਾਵਰਣ ਦੀ ਭਰਪੂਰਤਾ ਨੇ ਉਸ ਨੂੰ ਕਦੇ ਇਕੱਲਾ ਨਹੀਂ ਮਹਿਸੂਸ ਹੋਣ ਦਿੱਤਾ। ਉਹ ਇਸ ਸਮੁੱਚੇ ਕੁਦਰਤੀ ਵਾਤਾਵਰਣ ਦਾ ਅੰਗ ਸੀ ਤੇ ਰੱਬ ਦੇ ਬਿਲਕੁਲ ਨੇੜੇ। ਰੱਬ ਉਸ ਨੂੰ ਹਰ ਰੁੱਖ ਵਿਚ, ਪੱਥਰ ਵਿਚ, ਪਰਬਤ ਵਿਚ, ਆਕਾਸ਼ ਵਿਚ, ਸੂਰਜ ਵਿਚ, ਬੱਦਲ ਵਿਚ, ਪਾਣੀ ਵਿਚ ਗੱਲ ਕੀ ਰੱਬ ਦੀ ਪੈਦਾ ਕੀਤੀ ਹਰ ਚੀਜ਼ ਵਿਚ ਦਿਸਦਾ ਸੀ। ਉਹ ਰੱਬ ਨੂੰ ਕੁਦਰਤ ਨਾਲੋਂ ਨਿਖੇੜ ਕੇ ਨਹੀਂ ਸੀ ਵੇਖਦਾ। ਜੇ ਉਹ ਕੁਦਰਤੀ ਕ੍ਰਿਸ਼ਮਿਆਂ ਦੀ ਪ੍ਰਸ਼ੰਸਾ ਕਰਦਾ ਸੀ ਤਾਂ ਆਪਣੇ ਭਾਣੇ ਰੱਬ ਦੀ ਪ੍ਰਸੰਸ ਕਰਦਾ ਸੀ। ਜੇ ਉਹ ਕੁਦਰਤੀ ਕ੍ਰਿਸ਼ਮਿਆਂ ਨੂੰ ਪੂਜਦਾ ਸੀ ਤਾਂ ਆਪਣੇ ਭਾਣੇ ਰੱਬ ਨੂੰ ਪੂਜਦਾ ਸੀ। ਰੱਬ ਦਾ ਤੇ ਇਨਸਾਨ ਦਾ ਰਿਸ਼ਤਾ ਕੁਦਰਤ ਦੇ ਰਾਹੀਂ ਰਿਹਾ। ਕੁਦਰਤ ਨੂੰ ਤੇ ਰੱਬ ਨੂੰ ਅੰਗ ਸੰਗ ਸਮਝ ਕੇ ਉਹ ਹਰ ਜੋਖੋਂ ਭਰਿਆ ਕਦਮ ਚੁੱਕਦਾ ਰਿਹਾ ਤੇ ਅੱਗੇ ਵਧਦਾ ਰਿਹਾ। ਰੱਬ, ਕੁਦਰਤ ਤੇ ਇਨਸਾਨ ਦਾ ਇਹੋ ਸਬੰਧ ਅੱਜ ਤੱਕ ਵੀ ਉਨ੍ਹਾਂ ਕਬੀਲਿਆਂ ਵਿਚ ਵੇਖਿਆ ਜਾ ਸਕਦਾ ਹੈ ਜੋ ਮਸ਼ੀਨੀ ਯੁਗ ਨਾਲ ਪ੍ਰਭਾਵਤ ਨਹੀਂ ਹੋਏ। ਅਰੁਣਾਂਚਲ ਵਿਚ ਆਦੀ ਕਬੀਲਾ ਇਸ ਨੂੰ 'ਆਬੋ-ਤਾਨੀ' 'ਸੂਰਜ-ਚੰਦਰਮਾ' ਮੰਨਦਾ ਹੈ ਤੇ ਉਸ ਦੀ ਪੂਜਾ ਵੀ ਉਸੇ ਤਰ੍ਹਾਂ ਕਰਦਾ ਹੈ। ਵਿਲਟਵੋਡਲ ਦੇ ਕਬੀਲੇ ਜਟਰਾ ਵਟਿਡ ਦੇ ਲੋਕਾਂ ਦਾ ਵਿਚਾਰ ਉਹ ਗਰੀਮ ਆਰਕਲੇਸੀਜ਼ਰ ਹੈ ਜਿਸ ਨੇ ਨੱਕ ਸਿਣਕਿਆ ਤੇ ਨੱਕ ਸਿਣਕਣ ਨਾਲ ਜੋ ਮਵਾਦ ਨਿਕਲਿਆ ਉਸ ਤੋਂ ਸੰਸਾਰ ਦੀ ਰਚਨਾ ਹੋਈ। ਇਸੇ ਤਰ੍ਹਾਂ ਲੱਖਾਂ ਕਬੀਲਿਆਂ ਨੇ ਆਪਣੇ ਆਪਣੇ 'ਸ੍ਰਿਸ਼ਟੀਕਰਤਾ' ਮੰਨ ਲਏ। ਪਰਬਤ, ਪੱਥਰ, ਅੱਗ, ਦਰਿਆ, ਪਾਣੀ ਅਤੇ ਵੱਖ-ਵੱਖ ਜੀਵ ਵੀ ਸ੍ਰਿਸ਼ਟੀਕਰਤਾ ਮੰਨ ਲਏ ਗਏ।

ਇਹੋ ਵਿਚਾਰਧਾਰਾ ਮੁਢਲੇ ਧਰਮਾਂ ਵਿਚ ਨਵੇਂ ਰੂਪ ਵਿਚ ਆ ਗਈ। ਭਾਰਤੀ ਵਿਚਾਰ-ਪਰੰਪਰਾ ਵਿਚ ਸ੍ਰਿਸ਼ਟੀ ਦੀ ਰਚਨਾ ਸਬੰਧੀ ਅਧਿਆਤਮਵਾਦੀ ਜਾਂ ਆਤਮਵਾਦੀ (ਜਿਵੇਂ ਉਪਨਿਸ਼ਦ, ਸਮ੍ਰਿਤੀਆਂ ਆਦਿ) ਅਤੇ ਭੌਤਿਕਵਾਦੀ (ਜਿਵੇਂ ਬ੍ਰਹਿਸਪਤੀ ਤੇ ਭ੍ਰਿਗੂ ਆਦਿ ਰਿਸ਼ੀ ਜੋ ਪਦਾਰਥ ਨੂੰ ਪਰਮ ਸੱਚ ਮਿਲਦੇ ਹਨ) ਦੇ ਦ੍ਰਿਸ਼ਟੀਕੋਣਾਂ ਤੋਂ ਵਿਚਾਰ ਕੀਤਾ ਗਿਆ। ਅਧਿਆਤਮਵਾਦੀ ਵਿਚਾਰਧਾਰਾ ਬ੍ਰਹਮ ਨੂੰ ਸ੍ਰਿਸ਼ਟੀ ਦੀ ਰਚਨਾ-ਸ਼ਕਤੀ ਮੰਨਦੀ ਆਈ ਹੈ।

ਸ਼ਤਪਥ ਬ੍ਰਹਮਾ ਵਿਚ ਲਿਖਿਆ ਹੈ ਕਿ ਪ੍ਰਜਾਪਤੀ ਨੇ 'ਭੂ' ਕਿਹਾ ਤਾਂ ਧਰਤੀ ਬਣੀ ਅਤੇ 'ਭੂਵ' ਕਿਹਾ ਤਾਂ ਆਕਾਸ਼ ਬਣਿਆ। ਤੈਤਰੀਯ ਬ੍ਰਹਮਾ ਅਨੁਸਾਰ ਪ੍ਰਜਾਪਤੀ ਨੇ ਆਪਣੇ ਆਪ ਨੂੰ ਪ੍ਰਗਟ ਕਰਨ ਦੀ ਇੱਛਾ ਲਈ ਤਪ ਕੀਤਾ ਤਾਂ ਉਸਦੇ ਸੁਆਸ ਵਿਚ ਸ਼ਕਤੀ ਆ ਗਈ। ਇਸ ਤਰ੍ਹਾਂ ਉਸ ਨੇ ਆਪਣੇ ਸੁਆਸ ਨਾਲ ਅਸੁਰ (ਦੈਂਤਾਂ) ਪਿੱਤਰਾਂ, ਆਦਮੀਆਂ ਤੇ ਦੇਵਤਿਆਂ ਦੀ ਰਚਨਾ ਕੀਤੀ। ਸ਼ਤਪਥ ਬ੍ਰਾਹਮ ਅਨੁਸਾਰ ਪਹਿਲਾ ਪੁਰਖ (ਪਰਮ ਆਤਮਾ) ਇਕੱਲਾ ਹੀ ਸੀ, ਇਸ ਕਾਰਨ ਉਹ ਖੁਸ਼ ਨਹੀਂ ਸੀ ਤਾਂ ਉਸਨੇ ਸਾਥ ਦੀ ਇੱਛਾ ਕੀਤੀ ਤੇ ਆਪਣੇ ਆਪੇ ਨੂੰ ਦੋ ਭਾਗਾਂ ਵਿੱਚ ਵੰਡ ਲਿਆ ਜਿਨ੍ਹਾਂ ਵਿਚੋਂ ਇੱਕ ਪਤੀ ਤੇ ਇੱਕ ਪਤਨੀ ਦਾ ਰੂਪ ਧਾਰਨ ਕਰ ਗਿਆ। 'ਅਰਧ-ਨਾਰੀ-ਈਸ਼ਵਰਮ' ਦੀਆਂ ਮੂਰਤੀਆਂ ਪ੍ਰਮਾਤਮਾ ਦੇ ਇਸੇ ਰੂਪ ਨੂੰ ਦਰਸਾਉਂਦੀਆਂ ਹਨ। ਪਤਨੀ ਨੇ ਸੋਚਿਆ ਕਿ ਪਤੀ ਮੇਰੇ ਨਾਲੋਂ ਹੀ ਟੁੱਟਕੇ ਬਰਾਬਰ ਦਾ ਹੋ ਕੇ ਮੇਰੇ ਨਾਲ ਰਤੀ ਕ੍ਰਿਆ ਕਰਦਾ ਹੈ ਤਾਂ ਅਲੋਪ ਹੋ ਕੇ ਗਊ ਬਣ ਗਈ ਤਾਂ ਪਤੀ ਸਾਨ੍ਹ ਹੋ ਗਿਆ, ਉਹ ਘੋੜੀ ਹੋ ਗਈ ਤੇ ਉਹ ਘੋੜਾ, ਇੰਜ ਸ੍ਰਿਸ਼ਟੀ ਦਾ ਵਿਧਾਨ ਰਚਦਾ ਗਿਆ।

ਮਨੂ ਲਿਖਦਾ ਹੈ ਕਿ ਪ੍ਰਜਾਪਤੀ ਨੇ ਆਪਣੇ ਹੀ ਸਰੀਰ ਵਿਚੋਂ ਕਈ ਜੀਵ ਉਤਪੰਨ ਕਰਨ ਦੀ ਇੱਛਾ ਕਰਕੇ ਪਹਿਲਾਂ ਜਲ ਉਤਪੰਨ ਕੀਤਾ ਅਤੇ ਉਸ ਵਿੱਚ ਬੀਜ ਸੁੱਟ ਦਿੱਤਾ। ਇਹ ਬੀਜ ਇੱਕ ਸੂਰਜ ਵਾਂਗ ਚਮਕਣ ਵਾਲੇ ਸਵਰਨ ਦਾ ਆਂਡਾ ਬਣ ਗਿਆ। ਇਸ ਵਿਚੋਂ ਆਪ ਹੀ ਸਾਰੀ ਸ੍ਰਿਸ਼ਟੀ ਦਾ ਪਿਤਾ ਬ੍ਰਹਮ ਉਤਪੰਨ ਹੋਇਆ। ਬ੍ਰਹਮਾ ਇੱਕ ਸਾਲ ਆਂਡੇ ਦੇ ਅੰਦਰ ਰਹਿ ਕੇ ਆਪਣੇ ਆਪ ਹੀ ਦੋ ਭਾਗਾਂ ਵਿੱਚ ਹੋ ਗਿਆ (ਅਰਧ-ਨਾਰੀ-ਈਸ਼ਵਰਮ) ਜਿਸ ਤੋਂ ਸੰਸਾਰ ਦੀ ਰਚਨਾ ਹੋਈ। ਹਰ ਇੱਕ ਪੁਰਾਣ ਵਿਚ ਸ੍ਰਿਸ਼ਟੀ ਰਚਨਾ ਬਾਰੇ ਵਰਨਣ ਮਿਲਦੇ ਹਨ ਭਾਵੇਂ ਇਹ ਆਪੋ ਵਿਚ ਮੇਲ ਨਹੀਂ ਖਾਂਦੇ। ਮਤੱਸਯ ਪੁਰਾਣ, ਹਰੀਵੰਸ਼ ਪੁਰਾਣ, ਵਿਸ਼ਣੂਪੁਰਾਣ ਆਦਿ ਇਸ ਸੰਬੰਧ ਵਿੱਚ ਵਰਨਣਯੋਗ ਹਨ। ਉਪਨਿਸ਼ਦਾਂ ਵਿੱਚ ਬ੍ਰਹਮ ਨੂੰ ਸ੍ਰਿਸ਼ਟੀ ਸਾਜਣ ਵਾਲਾ ਮੰਨਿਆ ਗਿਆ ਹੈ। ਜਿਵੇਂ ਅਗਨੀ ਤੋਂ ਅਸੰਖ ਚਿੰਗਾਰੀਆਂ ਨਿਕਲਕੇ ਫਿਰ ਖ਼ਤਮ ਹੋ ਜਾਂਦੀਆਂ ਹਨ ਉਸੇ ਤਰ੍ਹਾਂ ਬ੍ਰਹਮ ਤੋਂ ਸਾਰਾ ਪਸਾਰਾ ਹੁੰਦਾ ਹੈ ਤੇ ਉਸੇ ਵਿਚ ਮਿਲ ਜਾਂਦਾ ਹੈ। ਮੁੰਡਕ ਉਪਨਿਸ਼ਦ (211) ਤੇ ਪ੍ਰਸਨ ਉਪਨਿਸ਼ਦ (6/47) ਵਿਚ ਸ੍ਰਿਸ਼ਟ ਕਰਨ ਉਤੇ ਪ੍ਰਕਾਸ਼ ਪਾਇਆ ਗਿਆ ਹੈ।

ਭਗਵਦ ਗੀਤਾ ਪੁਰਸ਼ੋਤਮ ਸਿਧਾਂਤ ਸਾਂਖ ਯੋਗ, ਨਿਆਇ ਅਤੇ ਵੈਸ਼ੈਸ਼ਕ ਆਦਿ ਦਰਸ਼ਨ ਵਿਸਥਾਰ ਸਹਿਤ ਵਿਸ਼ਲੇਸ਼ਣ ਕਰਦੇ ਹਨ।

ਈਸਾਈ ਧਰਮ ਗ੍ਰੰਥ ਬਾਈਬਲ ਵਿਚ ਇਕ ਪ੍ਰਸਿੱਧ ਕਥਾ ਆਉਂਦੀ ਹੈ ਜਿਸ ਅਨੁਸਾਰ ਰੱਬ ਨੇ ਆਦਮੀ ਨੂੰ ਮਿੱਟੀ ਨਾਲ ਬਣਾਇਆ ਜਿਸ ਦਾ ਨਾਂ ਸੀ ਆਦਮ। ਉਹ 'ਸੁਰਗ ਦੇ ਬਾਗ਼' ਵਿਚ ਰਹਿਣ ਲੱਗਾ। ਉਸ ਲਈ ਪਹਿਲਾ ਪਸ਼ੂ, ਫਲ ਤੋਂ ਅੰਤ ਔਰਤ (ਹਵਾ) ਬਣਾਈ। ਆਦਮ ਤੇ ਹਵਾ ਦੋਨਾਂ ਨੂੰ ਇਕ ਖਾਸ ਸੇਬ ਦਾ ਫਲ ਖਾਣ ਦੀ ਮਨਾਹੀ ਕੀਤੀ ਗਈ ਪਰ ਉਨ੍ਹਾਂ ਨੇ ਸ਼ੈਤਾਨ ਦੇ ਕਹਿਣ 'ਤੇ ਉਹ ਸੇਬ ਖਾ ਲਿਆ ਤੇ ਉਨ੍ਹਾਂ ਵਿਚ ਵਾਸ਼ਨਾ ਪੈਦਾ ਹੋ ਗਈ। ਇਸ ਕਸੂਰ ਕਾਰਨ ਰੱਬ ਨੇ ਆਦਮ ਤੇ ਹਵਾ ਨੂੰ 'ਸੁਰਗੀ ਬਾਗ਼ ਵਿਚੋਂ ਕੱਢ ਦਿੱਤਾ ਤਾਂ ਉਹ ਦੋਨੋਂ ਧਰਤੀ ਉਪਰ ਆ ਗਏ ਤੇ ਆਪਣਾ ਪਰਿਵਾਰਕ ਜੀਵਨ ਆਰੰਭਿਆ, ਜਿਸ ਤੋਂ ਸ੍ਰਿਸ਼ਟੀ ਅੱਗੇ ਵਧੀ। ਬਾਈਬਲ ਅਨੁਸਾਰ ਹੀ ਈਸ਼ਵਰ ਦੀ ਆਤਮਾ ਜਗ ਉੱਪਰ ਫੈਲਦੀ ਸੀ। ਉਸ ਨੇ ਆਖਿਆ: ਚਾਨਣਾ ਹੋਵੇ, ਤਾਂ ਪ੍ਰਕਾਸ਼ ਹੋ ਗਿਆ। ਫੇਰ ਈਸ਼ਵਰ ਨੇ ਪਹਿਲੇ ਚਾਨਣ ਨੂੰ ਹਨੇਰੇ ਤੋਂ ਵੱਖ ਕਰਕੇ ਦਿਨ ਬਣਾਏ, ਦੂਜੇ ਦਿਨ ਆਕਾਸ਼ ਰਚਿਆ, ਤੀਜੇ ਦਿਨ ਬਨਸਪਤੀ ਆਦਿ,

ਹੌਲੀ ਹੌਲੀ ਈਸਾਈ ਖੋਜੀਆਂ ਨੇ ਕਹਾਣੀਆਂ ਵਿਚੋਂ ਥਿਊਰੀਆਂ ਲੱਭ ਲਈਆਂ ਜਿਨ੍ਹਾਂ ਵਿਚ 'ਕਰੀਏਸ਼ਨ ਸਾਇੰਸ ਥਿਊਰੀ', 'ਨੇਚੁਰਲ ਐਵੋਲਿਊਸ਼ਨ ਥਿਊਰੀ', 'ਥੀਇਸਟਿਕ ਐਵੋਲਿਊਸ਼ਨ ਥਿਊਰੀ', 'ਬਾਈਬਲ ਦੀ ਪਰਲੈ ਥਿਊਰੀ' ਆਦਿ ਪ੍ਰਚਲਤ ਰਹੀਆਂ। ਇਨ੍ਹਾਂ ਥਿਊਰੀਆਂ ਵਿਚ ਸਾਇੰਸਦਾਨਾਂ ਨੇ ਵੀ ਆਪਣਾ ਯੋਗਦਾਨ ਦਿੱਤਾ ਜਿਨ੍ਹਾਂ ਵਿਚ 'ਬਿਗ-ਬੈਂਗ ਥਿਉਰੀ', 'ਸਟੀਡੀ ਸਟੇਟ ਥਿਊਰੀ', 'ਪਲਸੇਟਿੰਗ ਥਿਉਰੀ' ਆਦਿ ਵੀਹਵੀਂ ਸਦੀ ਵਿਚ ਬੜੀਆਂ ਪ੍ਰਚਲਤ ਹੋਈਆਂ।

ਇਨ੍ਹਾਂ ਸਾਰੀਆਂ ਥਿਊਰੀਆਂ ਨੂੰ ਸੰਖੇਪ ਵਿਚ ਦੇ ਕੇ ਉਨ੍ਹਾਂ ਦਾ ਮਹੱਤਵ ਹੇਠਾਂ ਪੜਚੋਲਿਆ ਗਿਆ ਹੈ।

ਕ੍ਰੀਏਸ਼ਨ ਸਾਇੰਸ ਥਿਊਰੀ (ਉਤਪਤੀ ਦੀ ਵਿਗਿਆਨ ਥਿਊਰੀ) : ਆਰਕਾਂਸਾਸ (ਯੂ.ਐਸ.ਏ.) ਰਿਆਸਤ ਵਿਚ ਇੱਕ ਮੁਕੱਦਮੇ ਦੌਰਾਨ ਉਤਪਤੀ ਦੀ ਥਿਊਰੀ ਨੂੰ ਇੱਕ ਪਰਿਭਾਸ਼ਾ ਦੇ ਦਿੱਤੀ ਗਈ। ਉਤਪਤੀ ਵਿਗਿਆਨ ਦਾ ਭਾਵ ਉਤਪਤੀ ਸੰਬੰਧੀ ਵਿਗਿਆਨਕ ਗਵਾਹੀਆਂ ਦੇ ਆਧਾਰ ਤੇ ਕੱਢੇ ਗਏ ਨਤੀਜੇ (ਆਰਕਾਸਾਂਸ ਲਾਅ # 590 ਸੈਕਸ਼ਨ 4 (ਏ)। ਉਤਪਤੀ ਵਿਗਿਆਨ ਦੀਆਂ ਗਵਾਹੀਆਂ ਤੋਂ ਕੱਢੇ ਗਏ ਨਤੀਜੇ ਹੇਠ ਲਿਖਿਤ ਅਨੁਸਾਰ ਹਨ

1. ਸ਼ਕਤੀ, ਸ੍ਰਿਸ਼ਟੀ ਤੇ ਜੀਵਨ ਦਾ ਅਣਹੋਂਦ ਤੋਂ ਹੋਂਦ ਵਿਚ ਅਚਾਨਕ ਉਤਪਤੀ।

2. ਇੱਕ ਜੀਵਾਣੂ ਤੋਂ ਸਾਰੀ ਸ੍ਰਿਸ਼ਟੀ ਤੇ ਸਾਰੇ ਜੀਵਾਂ ਦਾ ਕੁਦਰਤੀ ਚੋਣ ਰਾਹੀਂ ਫੈਲਾ ਕਰਨੋਂ ਅਸਮਰੱਥ ਹੋਣਾ।

3. ਮੁਢਲੀ ਉਪਜ ਤੋਂ ਪੈਦਾ ਹੋਏ ਪੌਦਿਆਂ ਤੇ ਜਾਨਵਰਾਂ ਤੋਂ ਬਦਲੀ ਦੀ ਸੰਭਾਵਨਾ ਕੁੱਝ ਹੱਦ ਤਕ ਹੀ ਹੈ।

4. ਮਨੁੱਖਾਂ ਤੇ ਬਣ-ਮਾਣੂਆਂ ਦੇ ਖਾਨਦਾਨੀ ਮੁੱਢ ਵੱਖਰੇ ਵੱਖਰੇ ਹਨ।

5. ਭੂ ਵਿਗਿਆਨ ਰਾਹੀਂ ਪਰਲੈ ਦੇ ਭੌਂ ਤੇ ਹੋਏ ਅਸਰ ਤੇ ਸਮੁੱਚੀ ਦੁਨੀਆਂ ਤੇ ਹੜ੍ਹ ਦੀ ਵਿਆਖਿਆ ਦੀ ਹੋਰ ਖੋਜ ਦੀ ਲੋੜ।

6. ਨਵੀਆਂ ਖੋਜਾਂ ਤੇ ਲੱਭਤਾਂ ਅਨੁਸਾਰ ਧਰਤੀ ਜੀਵਾਂ ਦੀ ਉਤਪਤੀ ਦਾ ਦੁਬਾਰਾ ਮੁਲਾਂਕਣ।

ਅੱਡ-ਅੱਡ ਗਰੁੱਪਾਂ ਦੇ ਉਤਪਤੀ ਵਿਗਿਆਨੀਆਂ ਨੇ ਮਿਲ ਕੇ ਇਨ੍ਹਾਂ ਨਤੀਜਿਆਂ ਦੀ ਡੂੰਘਾਈ ਨਾਲ ਖੋਜ ਅੱਗੇ ਵਧਾਈ। ਇਨ੍ਹਾਂ ਵਿਗਿਆਨੀਆਂ ਨੂੰ ਉਤਪਤੀ ਵਿਗਿਆਨਕਾਂ ਦੇ ਨਾਂ ਨਾਲ ਜਾਣਿਆ ਜਾਂਦਾ ਹੈ।

ਕੁਦਰਤੀ ਵਿਕਾਸ (ਨੇਚਰਲ ਐਵੋਲਿਊਸ਼ਨ) - ਕੁਦਰਤੀ ਵਿਕਾਸ ਦੀ ਥਿਊਰੀ ਮੁਤਾਬਕ 1. 4 ਅਰਬ (14 ਬਿਲੀਅਨ) ਸਾਲ ਪਹਿਲਾਂ ਸ੍ਰਿਸ਼ਟੀ ਦੀ ਸ਼ੁਰੂਆਤ ਹੋਈ ਜਿਸ ਵਿਚੋਂ ਧਰਤੀ ਦੀ ਹੋਂਦ 4. 5 ਬਿਲੀਅਨ (45 ਕਰੋੜ) ਸਾਲ ਪਹਿਲਾਂ ਹੋਈ। ਜ਼ਿੰਦਗੀ ਦੀ ਸ਼ੁਰੂਆਤ ਚਟਾਨਾਂ ਵਿਚਲੇ ਬੈਕਟੀਰੀਆ ਰਾਹੀਂ ਹੋਈ ਤੇ ਲਗਾਤਾਰ ਵਿਕਾਸ ਹੁੰਦਾ ਗਿਆ। ਵਿਕਾਸ ਦੀ ਪ੍ਰਕਿਰਿਆ ਕੁਦਰਤੀ ਸ਼ਕਤੀਆਂ ਨਾਲ ਵਧਦੀ ਗਈ, ਜਿਸ ਲਈ ਕਿਸੇ ਰੱਬ, ਦੇਵੀ-ਦੇਵਤਿਆਂ ਆਦਿ ਦੀ ਲੋੜ ਨਹੀਂ ਸੀ।

ਕਈ ਲੋਕ ਇਸ ਵਿਚਾਰਧਾਰਾ ਨੂੰ 'ਰਬ ਤੋਂ ਮੁਨਕਰ ਹੋਈ' ਮੰਨਦੇ ਹਨ। ਪਰ ਕੁੱਝ ਵਿਚਾਰਕ ਇਸ ਸਭ ਪ੍ਰਕਿਰਿਆ ਪਿੱਛੇ ਈਸ਼ਰ ਦਾ ਹੱਥ ਮੰਨਦੇ ਹਨ। ਇਨ੍ਹਾਂ ਵਿਚਾਰਧਾਰਕਾਂ ਨੂੰ ਥੀਇਸਟਿਕ ਐਵੋਲਿਊਸ਼ਨ ਗਰੁਪ ਜਾਂ (ਰੱਬ ਵਿਸ਼ਵਾਸੀ ਵਿਕਾਸ ਗਰੁਪ) ਵੀ ਕਿਹਾ ਜਾਂਦਾ ਹੈ।

ਬਾਈਬਲ ਦੀ ਪਰਲੈ (ਸਰਵ ਵਿਨਾਸ਼ੀ) ਥਿਊਰੀ ਵਿਚ ਯਕੀਨ ਰੱਖਣ ਵਾਲੇ ਮੰਨਦੇ ਹਨ ਕਿ ਜੋ ਵੀ ਭੂਗੋਲਿਕ ਬਣਾਵਟਾਂ ਅੱਜ ਕੱਲ੍ਹ ਵੇਖਦੇ ਹਾਂ ਉਹ ਨਾਉਚੀਅਨ ਹੜ੍ਹ ਨਾਲ ਬਣੀਆਂ ਹਨ। 'ਹੜ੍ਹ ਨੇ ਧਰਤੀ ਉਤੇ ਬੇਹੱਦ ਤਬਦੀਲੀਆਂ ਲਿਆ ਦਿੱਤੀਆਂ ਜਿਨ੍ਹਾਂ ਵਿੱਚ ਵੱਡੇ ਪਰਬਤ, ਜਵਾਲਾਮੁਖੀ ਤੇ ਵੱਖ ਵੱਖ ਤਰ੍ਹਾਂ ਦੀਆਂ ਚਟਾਨਾਂ ਸ਼ਾਮਿਲ ਹਨ'।

ਕੁਝ ਵਿਚਾਰਕ ਸਾਰੇ ਜੀਵਾਂ ਜਾਨਵਰਾਂ ਨੂੰ 'ਨੋਆਹ ਆਰਕ' ਦੇ ਵਾਸੀਆਂ ਤੇ ਉਨ੍ਹਾਂ ਦੇ ਪਰਿਵਾਰਾਂ ਤੇ ਪਾਲਤੂ ਪਸ਼ੂਆਂ ਦੇ ਵੰਸ਼ ਮੰਨਦੇ ਹਨ ਜੋ ਧਰਤੀ ਤੇ ਫੈਲਦੇ ਗਏ। ਉਤਪਤੀ ਵਿਗਿਆਨੀ ਧਰਤੀ ਦਾ ਜਨ 10, 000 ਸਾਲ ਪਹਿਲਾਂ ਹੋਇਆ ਮੰਨਦੇ ਹਨ।

**ਅਜੋਕੇ ਸਾਇੰਸਦਾਨਾਂ ਦੀ ਵਿਚਾਰਧਾਰਾ -**

ਬਿਗ ਬੈਂਗ ਥਿਊਰੀ (ਵਿਸ਼ਾਲ ਧਮਾਕਾ ਵਿਚਾਰਧਾਰਾ) : ਇਹ ਲੀ ਮਾਇਤਰ ਤੇ ਮੈਮੋ ਨਾਮ ਦੇ ਸਾਇੰਸਦਾਨਾਂ ਦੀ ਥਿਊਰੀ ਹੈ। ਇਸ ਵਿਚਾਰਧਾਰਾ ਅਨੁਸਾਰ ਸਾਰੇ ਵਿਸ਼ਵ ਦੇ ਤੱਤ ਪਹਿਲਾਂ ਇੱਕ ਅਤਿਅੰਤ ਸੰਘਣੀ ਤੇ ਗਰਮ ਅਗਨ ਗੇਂਦ ਵਿਚ ਸਥਿਤ ਸਨ। ਤਕਰੀਬਨ 20 ਬਿਲੀਅਨ (2 ਅਰਬ) ਵਰ੍ਹੇ ਪਹਿਲਾਂ ਇਕ ਵਿਸ਼ਾਲ ਧਮਾਕਾ ਹੋਇਆ ਜਿਸ ਨਾਲ ਇਹ ਸੰਘਣੀ ਗਰਮ ਅਗਨ-ਗੇਂਦ ਬੜੀ ਰਫ਼ਤਾਰ ਨਾਲ ਹਰ ਦਿਸ਼ਾ ਵਿਚ ਫੈਲ ਗਈ ਜਿਸ ਵਿਚੋਂ ਸਿਤਾਰੇ ਤੇ ਆਕਾਸ਼ ਗੰਗਾ ਬਣੀਆਂ ਜੋ ਅਜੇ ਵੀ ਬਾਹਰ ਵਲ ਵਧੀ ਜਾ ਰਹੀਆਂ ਹਨ ਤੇ ਸਾਡੀਆਂ ਨਜ਼ਰਾਂ ਤੋਂ ਅਦ੍ਰਿਸ਼ ਹੋਈ ਜਾ ਰਹੀਆਂ ਹਨ।

ਸਟੀਡੀ ਸਟੇਟ ਥਿਊਰੀ (ਸਮਤੋਲਵੀਂ ਸਥਿਤੀ ਵਿਚਾਰਧਾਰਾ) : ਇਹ ਵਿਚਾਰਧਾਰਾ ਬੌਂਡੀ, ਗੋਲਡ ਅਤੇ ਫਰੈਡ ਹਾਇਲ ਦੀ ਹੈ। ਜਿਸ ਅਨੁਸਾਰ; ਸ੍ਰਿਸ਼ਟੀ ਦੀ ਉਮਰ ਅਣਗਿਣਤ ਵਰ੍ਹਿਆਂ ਦੀ ਹੈ ਤੇ ਇਹ ਬ੍ਰਹਿਮੰਡੀ ਕਾਨੂੰਨਾਂ ਦੀ ਨਿਯਮਿਤ ਪਾਲਣਾ ਕਰਦੀ ਹੈ ਤੇ ਸਮੇਂ ਤੇ ਸਥਾਨ ਤੋਂ ਅਪ੍ਰਭਾਵਿਤ ਇਹ ਸਭ ਤੋਂ ਇਕੋ ਜਿਹੀ ਲਗਦੀ ਹੈ। (ਐਨਸਾਈਕਲੋਪੀਡੀਆ ਬ੍ਰਿਟੈਨਿਕਾ ਭਾਗ 8, ਪੰਨਾ 1007)। ਆਕਾਸ਼ ਗੰਗਾਵਾਂ ਖਾਲੀ ਸਥਾਨ ਤੋਂ ਲਗਾਤਾਰ ਉਪਜਦੀਆਂ ਰਹਿੰਦੀਆਂ ਹਨ ਜੋ ਬ੍ਰਹਿਮੰਡ ਦੇ ਖਿੱਤੇ ਵਿਚੋਂ ਨਜ਼ਰੋਂ ਬਾਹਰ ਜਾਂਦੀਆਂ ਆਕਾਸ਼ ਗੰਗਾ ਦਾ ਸਥਾਨ ਲੈਂਦੀਆਂ ਰਹਿੰਦੀਆਂ ਹਨ। ਨਤੀਜੇ ਵਜੋਂ ਸਮੁੱਚਾ ਘੇਰਾ ਤੇ ਸਥਾਨ ਬਰਾਬਰ ਰਹਿੰਦਾ ਹੈ ਤੇ ਸ੍ਰਿਸ਼ਟੀ ਦੀ ਸਮਤੋਲ ਅਵਸਥਾ ਬਰਕਰਾਰ ਰਹਿੰਦੀ ਹੈ। ਇਸ ਅਨੁਸਾਰ ਭੂਤ, ਵਰਤਮਾਨ ਤੇ ਭਵਿੱਖ ਵਿੱਚ ਅੰਤਰ ਨਹੀਂ ਕੀਤਾ ਜਾ ਸਕਦਾ ਤੇ ਅਕਾਸ਼ ਗੰਗਾਵਾਂ ਵਿਚਲਾ ਫਾਸਲਾ ਵਧਦਾ-ਘਟਦਾ ਨਹੀਂ। ਰੇਡਿਆਈ ਤਰੰਗਾਂ ਨਾਲ ਨਾਪਣ ਪਿੱਛੋਂ ਇਸ ਥਿਊਰੀ ਦੀ ਧਾਰਨਾ ਗਲਤ ਸਿੱਧ ਹੋਈ ਹੈ (ਐਨਸਾਕਲੋਪੀਡੀਆ ਬਰਿਟੇਨਿਕਾ ਭਾਗ 18 ਪੰਨਾ 1007) ਗਲਤ ਧਾਰਨਾਵਾਂ ਦੇ ਆਧਾਰ ਤੇ ਸ੍ਰਿਸ਼ਟੀ ਨੂੰ ਲਗਾਤਾਰ ਫੈਲਦੇ ਮੰਨ ਲੈਣਾ ਠੀਕ ਨਹੀਂ (ਐਨਸਾਈਕਲੋਪੀਡੀਆ ਆਫ ਫਿਜ਼ਿਕਸ, ਪੰਨਾ 142) ਇਹ ਤਾਂ ਹੀ ਹੋ ਸਕਦੀ ਹੈ ਜੇ ਸ੍ਰਿਸ਼ਟੀ ਆਪਣੇ ਆਪੇ ਤੋਂ ਉਪਜੀ ਹੋਵੇ ਤੇ ਜਿਸ ਦੀਆਂ ਨਾਂ ਹੱਦਾਂ ਹੋਣ ਤੇ ਨਾ ਸਮੇਂ ਦਾ ਬੰਧਨ ਹੋਵੇ।

ਪਲਸੇਟਿੰਗ ਥਿਊਰੀ (ਧੜਕਣ ਵਿਚਾਰਧਾਰਾ) : ਇਸ ਵਿਚਾਰਧਾਰਾ ਅਨੁਸਾਰ ਬ੍ਰਹਿਮੰਡ ਵਾਰੀ ਵਾਰੀ ਫੈਲਦਾ ਤੇ ਸੁੰਗੜਦਾ ਭਾਵ ਧੜਕਣਾਂ ਵਾਂਗੂੰ ਵਧਦਾ ਘਟਦਾ ਰਹਿੰਦਾ ਹੈ। ਇਸ ਸਮੇਂ ਵਿਚਾਰਧਾਰਾ ਅਨੁਸਾਰ ਹੋ ਸਕਦਾ ਹੈ ਕਿ ਕਿਸੇ ਖਾਸ ਸਮੇਂ ਬ੍ਰਹਿਮੰਡ ਦੇ ਫੈਲਾਅ (ਗ੍ਰੈਵੀਟੇਸ਼ਨਲ ਖਿਚਾਅ) ਨਾਲ ਰੁਕ ਜਾਵੇ ਤੇ ਬ੍ਰਹਿਮੰਡ ਫਿਰ ਸੁੰਗੜਣ ਲਗ ਜਾਵੇ। ਇੱਕ ਹੱਦ ਤੱਕ ਸੁੰਗੜਣ ਮਗਰੋਂ ਇੱਕ ਵੱਡਾ ਧਮਾਕਾ ਫਿਰ ਹੋਵੇ ਤੇ ਬ੍ਰਹਿਮੰਡ ਫੈਲਣ ਲੱਗ ਜਾਵੇ। ਇਸ ਵਾਰੀ-ਵਾਰੀ ਦੇ ਫੈਲਣ ਤੇ ਸੁੰਗੜਣ ਕਰਕੇ ਇਹ ਬ੍ਰਹਿਮੰਡ ਧੜਕਦਾ ਜਾਪੇਗਾ। ਇਸ ਵਿਚਾਰਧਾਰਾ ਨੂੰ ਵਿਗਿਆਨਕ ਤੌਰ ਤੇ ਕਿਵੇਂ ਜਾਂਚਿਆ ਜਾਵੇ। ਬ੍ਰਹਿਮੰਡ ਇਤਨਾ ਵਿਸ਼ਾਲ ਹੈ ਕਿ ਇਸਦੇ ਵਧਣ-ਘਟਣ ਨੂੰ ਮਾਪਿਆ ਨਹੀਂ ਜਾ ਸਕਦਾ। ਇਸ ਦੇ ਸੈਂਪਲ ਵੀ ਨਹੀਂ ਲਏ ਜਾ ਸਕਦੇ ਕਿਉਂਕਿ ਬ੍ਰਹਿਮੰਡ ਵਿੱਚ ਕੋਈ ਵੀ ਚੀਜ਼ ਇਕੋ ਜਿਹੀ ਨਹੀਂ ਤੇ ਸਾਨੂੰ ਇਹੋ ਜਿਹੇ ਸੈਂਪਲ ਮਿਲ ਹੀ ਨਹੀਂ ਸਕਦੇ ਜੋ ਸਾਰੇ ਬ੍ਰਹਿਮੰਡ ਦੀ ਪ੍ਰਤੀਨਿਧਤਾ ਕਰ ਸਕਣ। ਬ੍ਰਹਿਮੰਡ ਦਾ ਲਗਾਤਾਰ ਬਦਲੀ ਦਾ ਸੁਭਾਅ ਕਿਸੇ ਵੀ ਸੈਂਪਲ ਨੂੰ ਉਸਦੇ ਵਿਸ਼ਾਲ ਰੂਪ ਦਾ ਪ੍ਰਤੀਨਿਧ ਨਹੀਂ ਬਣਾ ਸਕਦਾ। ਇਸ ਕਰਕੇ ਇਹ ਧੜਕਣ ਵਿਚਾਰਧਾਰਾ ਦੀ ਹੋਂਦ ਦਾ ਸਭ ਤੋਂ ਵੱਡਾ ਦੋਸ਼ ਹੈ ਇਹ ਇੱਕ ਇਹੋ ਜਿਹੀ ਵਿਚਾਰਧਾਰਾ ਹੈ ਜੋ ਕਦੇ ਵੀ ਪਰਖੀ ਨਹੀਂ ਜਾ ਸਕਦੀ ਤੇ ਬਿਨਾਂ ਪਰਖਣ ਦੇ ਇਸ ਵਿਚਾਰਧਾਰਾ ਨੂੰ ਵਿਗਿਆਨਕ ਤੱਕੜੀ ਤੇ ਨਹੀਂ ਤੋਲਿਆ ਜਾ ਸਕਦਾ।

ਜੈਨ ਮਤ ਅਨੁਸਾਰ ਦ੍ਰਵਯ-ਸੰਜੋਗ ਤੋਂ ਸੰਸਾਰ ਦੀ ਉਤਪਤੀ ਹੁੰਦੀ ਹੈ। ਇਹ ਨਿੱਤ ਅਤੇ ਅਨਿੱਤ ਦੋਹਾਂ ਤਰ੍ਹਾਂ ਦੀ ਹੁੰਦੀ ਹੈ। ਬੋਧ ਮੱਤ ਵਾਲੇ ਜਗਤ ਨੂੰ ਸੁਤੰਤਰ ਸੱਤਾ ਸਮਝਦੇ ਹੋਇਆਂ ਵੀ ਇਸ ਨੂੰ ਪਰਿਵਰਤਨਸ਼ੀਲ ਮੰਨਦੇ ਹਨ। ਪਰਮਾਤਮਾ ਵਿੱਚ ਵਿਸ਼ਵਾਸ ਨਾ ਰੱਖਣ ਕਾਰਨ ਇਨ੍ਹਾਂ ਦੋਹਾਂ ਮੱਤਾਂ ਅਨੁਸਾਰ ਪਰਮਾਤਮਾ ਤੋਂ ਸ੍ਰਿਸ਼ਟੀ ਦੀ ਉਤਪਤੀ ਮੰਨਣ ਦਾ ਸਵਾਲ ਨਹੀਂ ਉਠਦਾ।

ਨਿਆਇ ਸ਼ਾਸਤ੍ਰ ਵਾਲੇ ਈਸ਼ਵਰ ਨੂੰ ਸੰਸਾਰ ਦਾ, ਸਿਰਜਕ, ਪੋਸ਼ਕ ਅਤੇ ਸੰਹਾਰਕ ਮੰਨਦੇ ਹਨ। ਈਸ਼ਵਰ ਨੇ ਵਿਸ਼ਵ ਦਾ ਨਿਰਮਾਣ ਸੁੰਨ ਤੋਂ ਨਹੀਂ ਕੀਤਾ ਸਗੋਂ ਪਰਮਾਣੂ, ਦਿਨ, ਆਕਾਰ, ਆਕਾਸ਼, ਮਨ ਅਤੇ ਆਤਮਾ ਆਦਿ ਉਪਦਾਨਾਂ ਤੋਂ ਕੀਤੀ ਹੈ। ਸਾਂਖਯ ਦਰਸ਼ਨ ਅਨੁਸਾਰ ਪ੍ਰਕ੍ਰਿਤੀ ਸੰਸਾਰ ਦਾ ਆਦਿ ਕਾਰਣ ਹੈ, ਜੋ ਨਿੱਤ, ਜੜ੍ਹ ਅਤੇ ਪਰਿਵਰਤਨਸ਼ੀਲ ਹੈ। ਇਸ ਦਾ ਨਿਸ਼ਾਨਾਂ 'ਪੁਰਸ਼' ਦੀ ਉਦੇਸ਼ ਪੂਰਤੀ ਤੋਂ ਭਿੰਨ ਹੋਰ ਕੁੱਝ ਵੀ ਨਹੀਂ ਹੈ। ਯੋਗ-ਸ਼ਾਸਤ੍ਰ ਦਾ ਦ੍ਰਿਸ਼ਟੀਕੋਣ ਵੀ ਸਾਂਖਯ-ਮਤ ਅਨੁਸਾਰੀ ਹੈ। ਉਸ ਅਨੁਸਾਰ ਪ੍ਰਕ੍ਰਿਤੀ ਅਤੇ ਪੁਰਸ਼ ਦੇ ਸੰਯੋਗ ਨਾਲ ਸੰਸਾਰ ਦੀ ਰਚਨਾ ਦਾ ਆਰੰਭ ਹੁੰਦਾ ਹੈ। ਸੰਯੋਗ ਦਾ ਅੰਤ ਹੋਣ ਤੇ ਪ੍ਰਲਯ ਹੁੰਦੀ ਹੈ।

ਅਦ੍ਵੈਤ-ਵੇਦਾਂਤ ਅਨੁਸਾਰ ਬ੍ਰਹਮਾ, ਚੈਤਨਯ, ਸਤਿ ਨਿਰਗੁਣ, ਨਿਰਾਕਾਰ, ਸਚਿਦਾਨੰਦ ਹੈ। ਮਾਇਆ ਨਾਲ ਸੰਬੰਧਿਤ ਬ੍ਰਹਮ ਈਸ਼ਵਰ ਅਖਵਾਉਂਦਾ ਹੈ। ਇਨ੍ਹਾਂ ਦੋਹਾਂ ਵਿੱਚ ਕੋਈ ਤਾਂਤ੍ਰਿਕ ਅੰਤਰ ਨਹੀਂ ਹੈ। ਈਸ਼ਵਰ ਕੇਵਲ ਲੀਲਾ ਲਈ ਹੀ ਸ੍ਰਿਸ਼ਟੀ ਦੀ ਰਚਨਾ ਕਰਦਾ ਹੈ ਇਸ ਲਈ ਇਹ ਸ੍ਰਿਸ਼ਟੀ ਦਾ ਉਪਾਦਾਨ ਕਾਰਨ ਹੈ। ਗੁਣਾਂ ਦੀ ਅਸਮਾਨ

ਅਵਸਥਾ ਕਰਕੇ ਮਾਇਆ ਵਿੱਚ ਕੁੱਝ ਕ੍ਰਿਆ ਹੁੰਦੀ ਹੈ। ਤਮੋ ਗੁਣ ਦੀ ਪ੍ਰਧਾਨਤਾ ਕਾਰਣ ਪੰਜ ਸੂਖਮ ਭੂਤਾਂ ਦੀ ਉਤਪਤੀ ਹੁੰਦੀ ਹੈ। ਪਹਿਲਾਂ ਆਕਾਸ਼, ਆਕਾਸ਼ ਤੋਂ ਵਾਯੂ, ਵਾਯੂ ਤੋਂ ਅਗਨੀ, ਅਗਨੀ ਤੋਂ ਜਲ ਅਤੇ ਜਲ ਤੋਂ ਪ੍ਰਿਥਵੀ ਦਾ ਵਿਕਾਸ ਹੁੰਦਾ ਹੈ। ਇਨ੍ਹਾਂ ਪੰਜਾਂ ਦਾ ਫਿਰ ਪੰਜ ਤਰ੍ਹਾਂ ਦਾ ਸੰਯੋਗ ਹੁੰਦਾ ਹੈ, ਜਿਸ ਤੋਂ ਪੰਜ ਸਥੂਲ ਤੱਤਾਂ ਦੀ ਉਤਪਤੀ ਹੁੰਦੀ ਹੈ। ਇਸ ਕ੍ਰਿਆ ਨੂੰ ਪੰਚੀਕਰਣ ਕਹਿੰਦੇ ਹਨ। ਇਹੀ ਕਿਰਿਆ 'ਵਿਵਰਤ' ਜਾਂ 'ਅਧਿਆਸ' ਅਖਵਾਉਂਦੀ ਹੈ। ਰਾਮਾਨੁਜ ਚਾਲੀਸਾ ਅਨੁਸਾਰ ਸ੍ਰਿਸ਼ਟੀ ਸ਼ਾਖਾਵਾਂ ਨੇ ਵੀ ਕੁਲ ਮਿਲਾਕੇ ਸਾਂਖਯ ਮਤ ਜਾਂ ਵੇਦਾਂਤ ਦਰਸ਼ਨ ਦੇ ਆਧਾਰ ਤੇ ਹੀ ਆਪਣੇ ਦ੍ਰਿਸ਼ਟੀਕੋਣ ਪ੍ਰਗਟ ਕੀਤੇ ਹਨ।

ਇਸਲਾਮ ਅਨੁਸਾਰ ਅੱਲਾ ਦੇ ਕੇਵਲ ਕੁੰਨ (ਹੋ ਜਾ) ਕਹਿਣ ਨਾਲ ਅਭਾਵ ਤੋਂ ਸ੍ਰਿਸ਼ਟੀ ਦੀ ਉਤਪਤੀ ਹੋਈ ਹੈ।

ਯਹੂਦੀ ਮੱਤ ਦੀ ਪਵਿੱਤਰ ਪੁਸਤਕ ਪੁਰਾਣਾ ਅਹਿਦਨਾਮਾ (Old Testament) ਦੇ ਪਹਿਲੇ ਪਾਠ ਉਤਪਤੀ (Genesis) ਵਿਚ ਵੀ ਇਹ ਸੰਕੇਤ ਮਿਲਦਾ ਹੈ ਕਿ ਪਰਮਾਤਮਾ ਨੇ ਸਾਰੇ ਆਕਾਰ ਬਣਾਏ ਅਤੇ ਆਦਿ ਵਿਚ ਕੇਵਲ ਉਹੀ ਸੀ। ਸ੍ਰਿਸ਼ਟੀ ਬਣਾ ਕੇ ਫਿਰ ਉਹ ਅਟੰਕ ਹੋ ਕੇ ਬੈਠ ਗਿਆ। ਆਦਿ ਸਮੇਂ (ਜਦੋਂ ਸ੍ਰਿਸ਼ਟੀ ਨਹੀਂ ਸੀ) ਚਾਰੇ ਪਾਸੇ ਹਨੇਰਾ ਸੀ।

ਸ੍ਰਿਸ਼ਟੀ ਰਚਣ ਦੀ ਵਿਆਖਿਆ ਗੁਰਮਤਿ ਵਿਚ ਬੜੇ ਵਿਸਥਾਰ ਨਾਲ ਕੀਤੀ ਗਈ ਹੈ ਜੋ ਹੋਰ ਵਿਚਾਰ-ਸਿਧਾਂਤਾਂ ਤੋਂ ਵੱਖਰੀ ਹੈ। ਗੁਰੂ ਨਾਨਕ ਦੇਵ ਜੀ ਨੇ ਬਾਣੀ ਵਿੱਚ ਸ੍ਰਿਸ਼ਟੀ ਰਚਨਾ ਦਾ ਹਰ ਪੱਖ ਛੋਹਿਆ ਹੈ। ਗੁਰੂ ਨਾਨਕ ਦੇਵ ਜੀ ਨੇ ਪਰਮ ਪੁਰਖ ਪਰਮਾਤਮਾ ਨੂੰ ਸ੍ਰਿਸ਼ਟੀ ਦਾ ਕਰਤਾ ਮੰਨਿਆ ਹੈ।

ਤੁਧੁ ਆਪੇ ਸ੍ਰਿਸਟੀ ਸਭ ਉਪਾਈ ਜੀ
ਤੁਧੁ ਆਪੇ ਸਿਰਜਿ ਸਭ ਗੋਈ।। (ਪੰਨਾ 11)
ਰੰਗ ਪਰੰਗ ਉਪਾਰਜਨਾ ਬਹੁ ਬਹੁ ਬਿਧਿ ਭਾਤੀ।
ਤੂੰ ਜਾਣਹਿ ਜਿਨਿ ਉਪਾਈ ਐ ਸਭੁ ਖੇਲੁ ਤੁਮਾਤੀ।। (ਪੰਨਾ 138)

ਗੁਰੂ ਜੀ ਨੇ ਸ੍ਰਿਸ਼ਟੀ ਦੀ ਰਚਨਾ ਬਾਰੇ ਸ੍ਰਿਸ਼ਟੀ ਕਰਤਾ ਦੀ ਸ੍ਰਿਸ਼ਟੀ ਰਚਣ ਤੋਂ ਪਹਿਲਾਂ ਦੀ ਅਵਸਥਾ, ਸ੍ਰਿਸ਼ਟੀ ਰਚਣ ਵੇਲੇ ਦੀ ਅਵਸਥਾ ਤੇ ਸ੍ਰਿਸ਼ਟੀ ਰਚਣ ਤੋਂ ਬਾਅਦ ਦੀ ਅਵਸਥਾ ਨੂੰ ਬਾਖੂਬੀ ਬਿਆਨਿਆ ਹੈ।

ਸ੍ਰਿਸ਼ਟੀ ਰਚਣ ਤੋਂ ਪਹਿਲਾਂ : ਕਰਤਾ ਦੀ ਰਚਨਾ ਤੋਂ ਪਹਿਲਾਂ ਦੀ ਅਵਸਥਾ ਨੂੰ ਗੁਰੂ ਜੀ ਨੇ 'ਸੁੰਨ, 'ਧੁੰਦੂਕਾਰ', 'ਗੁਬਾਰ', 'ਬਿਸਮਾਦ', 'ਤਾੜੀ', 'ਗੁਪਤ' 'ਆਪੇ ਆਪਿ' ਦੀ ਅਵਸਥਾ ਬਿਆਨਿਆ ਹੈ।

1. ਅਰਬਦ ਨਰਬਦ ਧੁੰਧੂਕਾਰਾ।।(ਮਾਰੂ, ਪੰਨਾ 1035)
2. ਕੇਤੇ ਜੁਗ ਵਰਤੇ ਗੁਬਾਰੈ।।
ਤਾੜੀ ਲਾਈ ਅਪਰ ਅਪਾਰੇ।।(ਮਾਰੂ, ਪੰਨਾ 1036)
3. ਕੇਤੜਿਆ ਦਿਨ ਗੁਪਤ ਕਹਾਇਆ।।
ਕੇਤੜਿਆ ਦਿਨ ਸੁੰਨਿ ਸਮਾਇਆ।। (ਮਾਰੂ-4, ਪੰਨਾ 1071)
4. ਆਦਿ ਕਉ ਬਿਸਮਾਦੁ ਬੀਚਾਰੁ ਕਥੀਅਲੇ।।
ਸੁੰਨ ਨਿਰੰਤਰਿ ਵਾਸੁ ਲੀਆ।। (ਰਾਮ-1, ਪੰਨਾ 940)
5. ਛਤੀਹ ਜੁਗ ਗੁਬਾਰ ਸਾ ਆਪੇ ਗਣਤ ਕੀਨੀ।।
ਆਪੇ ਸ੍ਰਿਸ਼ਟੀ ਸਭ ਸਾਜੀਅਨੁ ਆਪਿ ਮਤਿ ਦੀਨੀ।। (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 949)

ਗੁਰਮਤਿ ਦ੍ਰਿਸ਼ਟੀ ਅਨੁਸਾਰ ਰਚਨਾ ਤੋਂ ਪੂਰਵ ਦੀ 'ਸੁੰਨ' ਬੋਧੀ ਦਾਰਸ਼ਨਿਕ ਨਾਗਾਰੁਜਨ ਦੇ 'ਸ਼ੂੰਨਯਵਾਦ' ਤੋਂ ਭਿੰਨ ਹੈ। ਚਿੰਤਕਾਂ ਨੇ ਨਾਗਾਰੁਜਨ ਦੇ ਸੁੰਨ ਦੇ ਅਰਥ 'Nothing' ਤੋਂ ਕੀਤੇ ਹਨ। ਗੁਰਬਾਣੀ ਨੇ ਭਾਵੇਂ ਨਿਰਗੁਣ ਬ੍ਰਹਮ ਦੀ ਆਦਿ ਅਵਸਥਾ ਪ੍ਰਗਟਾਉਣ ਲਈ 'ਸੁੰਨ' ਸ਼ਬਦ ਦਾ ਪ੍ਰਯੋਗ ਕੀਤਾ ਹੈ (Encyclopedia Britannica (Micropaedia) Vol IV P-592) ਪਰ ਇਸ ਦਾ ਭਾਵ ਇਹ ਹੈ ਕਿ ਇਕੋ ਇੱਕ ਪਰਮ ਸਤਾ ਦੀ ਹੋਂਦ ਤੋਂ ਬਿਨਾਂ ਹੋਰ ਕੁੱਝ ਨਹੀਂ ਸੀ। ਇਹ ਉਸ ਦੀ ਅਕ੍ਰਿਆਸ਼ੀਲਤਾ ਦਾ ਪ੍ਰਗਟਾਵਾ ਹੈ।

ਛੱਤੀ ਯੁਗ ਸੁੰਨ ਅਵਸਥਾ ਦਾ ਵਰਨਣ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਕੀਤਾ ਗਿਆ ਹੈ।

ਛਤੀਹ ਜੁਗ ਗੁਬਾਰ ਸਾ।।(ਮਹਲਾ 3, ਪੰਨਾ 949)
ਜੁਗ ਛਤੀਹ ਕੀਓ ਗੁਬਾਰਾ।।(ਮਾਰੂ-3, ਪੰਨਾ 1061)
ਜੁਗ ਛਤੀਹ ਗੁਬਾਰ ਕਰਿ।।(ਬਿਹ: ਵਾਰ-4, ਪੰਨਾ 555)
ਜੁਗ ਛਤੀਹ ਤਿਨੈ ਵਰਤਾਏ।।(ਮਾਰੂ-1, ਪੰਨਾ 1026)
ਜੁਗ ਛਤੀਹ ਗੁਬਾਰ ਤਿਸਹੀ।।(ਮਲਾਰ ਵਾਰ-1, ਪੰਨਾ 1282)

ਇਹ ਛੱਤੀ ਤਰ੍ਹਾਂ ਦੇ ਯੁੱਗਾਂ ਦਾ ਬੋਧਕ ਸ਼ਬਦ-ਜੁੱਟ ਹੈ, ਭਾਰਤੀ ਚਿੰਤਨ ਅਨੁਸਾਰ ਕਾਲ-ਪ੍ਰਮਾਣ ਨੂੰ ਯੁੱਗ ਕਿਹਾ ਜਾਂਦਾ ਹੈ। ਯੁੱਗ ਗਿਣਤੀ ਵਿਚ ਚਾਰ ਹਨ ਸਤਿਯੁੱਗ (ਕ੍ਰਿਤਯੁੱਗ), ਤ੍ਰੇਤਾ ਯੁੱਗ, ਦਵਾਪਰ ਯੁੱਗ ਅਤੇ ਕਲਿਯੁੱਗ। ਇਨ੍ਹਾਂ ਯੁਗਾਂ ਦੀ ਮਿਆਦ ਕ੍ਰਮਵਾਰ 4800, 3600, 2400 ਅਤੇ 1200 ਦੇਵਤਾ ਵਰ੍ਹੇ ਹੈ। ਦੇਵਤਾ ਵਰ੍ਹਾ ਮਨੁੱਖ ਦੇ 360 ਵਰ੍ਹਿਆਂ ਜਿੰਨਾ ਹੈ। ਇਸ ਤਰ੍ਹਾਂ ਯੁੱਗਾਂ ਦੀ ਮਿਆਦ ਮਨੁੱਖੀ ਸਾਲਾਂ ਅਨੁਸਾਰ ਇਸ ਤਰ੍ਹਾਂ ਹੈ : ਸਤਿਯੁੱਗ- 17, 28, 000 ਵਰ੍ਹੇ, ਤ੍ਰੇਤਾ ਯੁੱਗ- 12, 96, 000 ਵਰ੍ਹੇ, ਦਵਾਪਰ ਯੁੱਗ- 8, 64, 000 ਵਰ੍ਹੇ ਅਤੇ ਕਲਿਯੁੱਗ 4, 32, 000 ਵਰ੍ਹੇ। ਇਨ੍ਹਾਂ ਚਾਰ ਯੁੱਗਾਂ ਦਾ ਸਮੁੱਚ ਚਤੁਰਯਸ਼ੀ ਜਾਂ ਮਹਾਂਯੁੱਗ ਅਖਵਾਉਂਦਾ ਹੈ ਅਤੇ ਇਸ ਵਿੱਚ ਕੁਲ 4, 32, 00, 00, 000 (ਚਾਰ ਅਰਬ ਬੱਤੀ ਕਰੋੜ) ਵਰ੍ਹੇ ਹੁੰਦੇ ਹਨ। ਵਿਦਵਾਨਾਂ ਨੇ ਹਰ ਇੱਕ ਯੁੱਗ ਦੀਆਂ ਨੌਂ ਨੌਂ ਚੌਂਕੜੀਆਂ ਕਲਪਿਤ ਕੀਤੀਆਂ ਹਨ। ਇਸ ਤਰ੍ਹਾਂ ਯੁਗਾਂ ਦੀ ਗਿਣਤੀ ਛੱਤੀ ਹੋ ਗਈ। ਛੱਤੀ ਯੁੱਗ ਦਾ ਸਮਾਂ ਇਸ ਤਰ੍ਹਾਂ ਹੋਇਆ : 94, 32, 00, 00, 000 = 38, 88, 00, 00, 000 ਵਰ੍ਹੇ।

ਪਰਮਾਤਮਾ ਦੀ ਸੁੰਨ ਅਵਸਥਾ, ਅੰਧਕਾਰ ਜਾਂ ਧੁੰਧੂਕਾਰ ਅਵਸਥਾ, 38 ਅਰਬ 88 ਕਰੋੜ ਬਣਦੀ ਹੈ। ਸੁੰਨ ਅਵਸਥਾ ਦੀ ਸਥਿਤੀ ਦਾ ਵਰਨਣ ਗੁਰੂ ਨਾਨਕ ਦੇਵ ਜੀ ਨੇ (ਪੰਨਾ 1038-39) ਇਸ ਤਰ੍ਹਾਂ ਕੀਤਾ ਹੈ :



ਅਰਬਦ ਨਰਬਦ ਧੁੰਧੂਕਾਰਾ।।ਧਰਣਿ ਨ ਗਗਨਾ ਹੁਕਮੁ ਅਪਾਰਾ।।
ਨਾ ਦਿਨੁ ਰੈਨਿ ਨ ਚੰਦੁ ਨ ਸੂਰਜੁ ਸੁੰਨ ਸਮਾਧਿ ਲਗਾਇਦਾ।।(1)
ਖਾਣੀ ਨ ਬਾਣੀ ਪਉਣਾ ਨ ਪਾਣੀ।। ਓਪਤਿ ਖਪਤਿ ਨ ਆਵਣ ਜਾਣੀ।।
ਖੰਡ ਪਤਾਲ ਸਪਤ ਨਹੀਂ ਸਾਗਰ ਨਦੀ ਨ ਨੀਰ ਵਹਾਇਦਾ।। 2.।
ਨਾ ਤੰਦਿ ਸੁਰਗੁ ਮਛੁ ਪਇਆਲਾ।। ਦੋਜਕੁ ਭਿਸਤੁ ਨਹੀਂ ਪੈ ਕਾਲਾ।।
ਨਰਕੁ ਸੁਰਗੁ ਨਹੀ ਜੰਮਣੁ ਮਰਣਾ ਨ ਕੋ ਆਇ ਨ ਜਾਇਦਾ।। 3.।
ਬ੍ਰਹਮਾ ਬਿਸਨੁ ਮਹੇਸੁ ਨ ਕੋਈ।। ਅਵਰੁ ਨ ਦੀਸੈ ਏਕੋ ਕੋਈ।।
ਨਾਰਿ ਪੁਰਖੁ ਨਹੀ ਜਮੰਤ ਨ ਜਨਮਾ ਨਾ ਕੋ ਦੁਖੁ ਸੁਖੁ ਪਾਇਦਾ।। 4.।
ਨਾ ਤਦਿ ਜਤੀ ਸਤੀ ਬਨਵਾਸੀ।। ਨਾ ਤਦਿ ਸਿਧ ਸਾਧਿਕ ਸੁਖਵਾਸੀ।।
ਜੋਗੀ ਜੰਗਮ ਭੇਖੁ ਨ ਕੋਈ ਨਾ ਕੋ ਨਾਥ ਕਹਾਇਦਾ।। 5.।
ਜਪ ਤਪ ਸੰਜਮ ਨ ਬੁਤ ਪੂਜਾ।। ਨਾ ਕੋ ਆਖਿ ਵਖਾਣੈ ਦੂਜਾ।।
ਆਪੇ ਆਪਿ ਉਪਾਇ ਵਿਗਸੈ ਆਪੇ ਕੀਮਤਿ ਪਾਇਦਾ।। 6.।
ਨਾ ਸੁਚਿ ਸੰਜਮ ਤੁਲਸੀ ਮਾਲਾ।। ਗੋਪੀ ਕਾਨੁ ਨ ਗਊ ਗੋਆਲਾ।।
ਤੰਤੁ ਮੰਤੁ ਪਾਖੰਡ ਨ ਕੋਈ ਨਾ ਕੋ ਵੰਸੁ ਵਜਾਇੰਦਾ।। 7.।
ਕਰਮ ਧਰਮ ਨਹੀ ਮਾਇਆ ਮਾਖੀ, ਜਾਤਿ ਜਨਮ ਨਹੀ ਦੀਸੈ ਆਖੀ।।
ਮਮਤਾ ਜਾਲੁ ਕਾਲੁ ਨਹੀ ਮਾਥੈ ਨ ਕੋ ਕਿਸੇ ਧਿਆਇਦਾ।। 8.।
ਨਿੰਦੁ ਬਿੰਦੁ ਨਹੀ ਜੀਉ ਨ ਜਿੰਦੋ।। ਨ ਤਦਿ ਗੋਰਖੁ ਨਾ ਮਾਛਿੰਦੋ।।
ਨਾ ਤਦਿ ਗਿਨੁ ਧਿਆਨ ਕੁਲ ਓਪਤਿ ਨਾ ਕੋ ਗਣਤ ਗਣਾਇਦਾ।। 9.।
ਵਰਨ ਭੇਖ ਨਹੀਂ ਬ੍ਰਹਮਣ ਖਤ੍ਰੀ।। ਦੇਉ ਨ ਦੇਹੁਰਾ ਗਊ ਗਇਤ੍ਰੀ।।
ਹੋਮ ਜਗ ਨਹੀ ਤੀਰਥਿ ਨਾਵਣ ਨਾ ਜੋ ਪੂਜਾ ਲਾਇਦਾ।। 10.।
ਨਾ ਕੋ ਮੁਲਾ ਨਾ ਕੋ ਕਾਜੀ।। ਨਾ ਕੋ ਸੇਖ ਮਸਾਇਦੁ ਹਾਜੀ।।
ਰੀਅਤਿ ਗਉ ਨ ਹਉਮੈ ਦੁਨੀਆ ਨਾ ਕੋ ਕਹਣੁ ਕਹਾਇਦਾ।। 11.।
ਗਉ ਨ ਭਗਤੀ ਨਾ ਸਿਵ ਸਕਤੀ।। ਸਾਜਨੁ ਮੀਤੁ ਬਿੰਦੁ ਨਹੀ ਰਕਤੀ।।
ਆਪੇ ਸਾਹੁ ਆਪੇ ਵਣਜਾਰਾ ਸਾਚ ਏਹੋ ਭਾਇਦਾ।। 12.।
ਬੇਦ ਕਤੇਬ ਨ ਸਿੰਮ੍ਰਿਤ ਸਾਸਤ।। ਪਾਠ ਪੁਰਾਣ ਉਦੈ ਨਹੀਂ ਆਸਤ।।
ਕਹਤਾ ਬਕਤਾ ਆਪਿ ਅਗੋਚਰ ਆਪੇ ਅਦਖੁ ਲਖਾਇਦਾ।। 13.।

ਸੁੰਨ ਅਵਸਥਾ ਵਿਚੋਂ ਪ੍ਰਗਟ ਹੋਣ ਬਾਰੇ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਲਿਖਿਆ ਮਿਲਦਾ ਹੈ।

ਸੁੰਨ ਕਲਾ ਅਪਰੰਪਰਿਧਾਰੀ।। ਆਰਿ ਨਿਰਾਲਮ ਅਪਰ ਅਪਾਰੀ।। (ਪੰਨਾ 1037)।

ਸੁੰਨ ਵਿਚੋਂ ਸਾਰੀ ਸ੍ਰਿਸ਼ਟੀ ਰਚਣ ਬਾਰੇ ਇਸ ਤਰ੍ਹਾਂ ਦਰਜ ਹੈ;

ਆਪੇ ਕੁਦਰਤਿ ਕਰਿ ਕਰਿ ਦੇਖੈ ਸੁਨਹੁੰ ਸੁੰਨੁ ਉਪਾਇਦਾ।। 1.।
ਪਉਣੁ ਪਾਣੀ ਸੁੰਨੈ ਤੇ ਸਾਜੇ।। ਸ੍ਰਿਸਟੀ ਉਪਾਇ ਕਾਇਆ ਗੜ ਰਾਜੇ।।
ਅਗਨਿ ਪਾਣੀ ਜੀਉ ਜੋਤਿ ਤੁਮਾਰੀ ਸੁੰਨੇ ਕਲਾ ਰਹਾਇਦਾ।। 2.।
ਸੁੰਨਹੁ ਬ੍ਰਹਮਾ ਬਿਸਨੁ ਮਹੇਸੁ ਉਪਾਏ।। ਸੁੰਨੇ ਵਰਤੇ ਜੁਗ ਸਬਾਏ।।
ਇਸੁ ਪਦ ਵੀਚਾਰੇ ਸੋ ਜਨੁ ਪੂਰਾ ਤਿਸੁ ਮਿਲੀ ਐ ਭਰਮੁ ਚੁਕਾਇਦਾ।। 3.।
ਸੁੰਨਹੁ ਸਪਤ ਸਰੋਵਰ ਥਾਪੇ।। ਜਿਨ ਸਾਜੇ ਵੀਚਾਰੇ ਆਪੇ।।
ਤਿਤੁ ਸਤਸਰਿ ਮਨੂਆ ਗੁਰਮਖਿ ਨਾਵੈ ਫਿਰਿ ਬਾਹੁੜਿ ਜੋਨਿ ਨ ਪਾਇਦਾ।। 4.।
ਸੁੰਨਹੁ ਚੰਦੁ ਸੂਰਜੁ ਸੈਣਾਰੇ।। ਤਿਸ ਕੀ ਜੋਤਿ ਤ੍ਰਿਭਵਣ ਸਾਰੇ।।
ਸੁੰਨ ਅਲਖ ਅਪਾਰ ਨਿਰਾਲਮੁ ਸੁੰਨੇ ਤਾੜੀ ਲਾਇਦਾ।। 5.।
ਸੁੰਨਹੁੰ ਧਰਤਿ ਅਕਾਸੁ ਉਪਾਏ। ਬਿਨ ਥੰਮਾ ਰਾਖੇ ਸਚੁ ਕਲ ਪਾਏ।।
ਤ੍ਰਿਭਵਣ ਸਾਜਿ ਮੇਖੁਲੀ ਮਾਇਆ ਆਪਿ ਉਪਾਇ ਖਪਾਇਆ।। 6.।
ਸੁੰਨਹੁੰ ਖਾਣੀ ਸੁੰਨਹੁ ਬਾਣੀ।। ਸੁੰਨਹੁ ਉਪਜੀ ਸੁੰਨਿ ਸਮਾਣੀ।।
ਉਤਭੁਜੁ ਚਲਤੁ ਕੀਆ ਸਿਰਿ ਕਰਤੈ ਬਿਸਮਾਦੁ ਸਬਦਿ ਦੇਖਾਇਦਾ।। 7.।
ਸੁੰਨਹੁ ਰਾਤਿ ਦਿਨ ਸੁ ਦੁਇ ਕੀਏ।। ਓਪਤ ਖਪਤ ਸੁਖ ਦੁਖ ਦੀਏ।।
ਸੁਖਦੁਖ ਹੀ ਤੇ ਅਮਰ ਅਤੀਤਾ ਗੁਰਮੁਖਿ ਨਿਜ ਘਰਿ ਪਾਇਦਾ।। 8.।
ਸਾਮਵੇਦੁ ਰਾਗੁ ਜੁਜਰੁ ਅਥਰਬਣੁ।। ਬ੍ਰਹਮੇ ਮੁਖਿ ਮਾਇਆ ਹੈ ਤ੍ਰੈਗੁਣ।।
ਤਾਕੀ ਕੀਮਤਿ ਕਹਿ ਨ ਸਕੈ ਕੋ ਤਿਉ ਬੋਲੋ ਜਿਉ ਬੋਲਾਇਦਾ।। 9.।
ਸੁਨਹੁੰ ਸਪਤ ਪਾਤਾਲ ਉਪਾਏ।। ਸੁੰਨਹੁ ਭਵਣੁ ਰਖੇ ਲਿਵ ਲਾਏ।।
ਆਪੇ ਕਾਰਣੁ-ਕੀਆ ਅਪਰੰਪਰਿ ਸਭਿ ਤੇਰੋ ਕੀਆ ਕਮਾਇਦਾ।। 10.।
ਸੁੰਨਹੁੰ ਉਪਜੇ ਦਸ ਅਵਤਾਰਾ।। ਸ੍ਰਿਸ਼ਟਿ ਉਪਾਇ ਕੀਆ ਪਾਸਾਰਾ।।
ਦੇਵ ਦਾਨਵ ਗਣ ਗੰਦਰਬ ਸਾਜੇ ਸਭਿ ਲਿਖਿਆ ਕਰਮ ਕਮਾਇਦਾ।। 12.।
ਪੰਜ ਤਤੁ ਸੁੰਨਹੁੰ ਪਰਗਾਸ।। ਦੇਹ ਸੰਜੋਗੀ ਕਰਮ ਅਭਿਆਸਾ।।
ਬੁਰਾ ਭਲਾ ਦੁਇ ਮਸਤਕਿ ਲੀਖੋ ਪਾਪੁ ਪੁੰਨੁ ਬੀਜਾਇਦਾ।। 14.।

ਸ਼ਿਰਸ਼ਟੀ ਦਾ ਇਸ ਤੋਂ ਵਿਸਤ੍ਰਤ ਵਰਨਣ ਦੁਨੀਆ ਦੇ ਹੋਰ ਕਿਸੇ ਵੀ ਗ੍ਰੰਥ ਵਿਚ ਨਹੀਂ।


ਜਉ ਤਉ ਪ੍ਰੇਮ ਖੇਲਣ ਕਾ ਚਾਉ ॥ ਸਿਰੁ ਧਰਿ ਤਲੀ ਗਲੀ ਮੇਰੀ ਆਉ ॥

*"If you wish to play the Game of Love, place your head in your palm and walk on My Path."*
**- Guru Nanak Dev Ji**

BAISAKHI 2019 CELEBRATION
KEERTAN DARBAR & NAGAR KEERTAN



Sunday, April 14, 2019 • 7:00 am - 6:00 pm
Los Angeles Convention Center
1201 S. FIGUEROA STREET, LOS ANGELES, CA 90015

AMRIT VELA PROGRAM
GURU RAM DAS ASHRAM
1620 Preuss Rd., Los Angeles, CA 90035
3:30 am Japji Sahib
3:50 am Asa di Var
6:30 am Grand Motorcade Procession of Siri Guru Granth Sahib Ji to Convention Center

KEERTAN DARBAR PROGRAM
Convention Center, Concourse Hall
7:00 am Prakash of Siri Guru Granth Sahib Ji, followed by Children's Jethas from Southern CA Gurudwaras, Ragi Jethas from Southern CA Gurudwaras, Guest Ragi Jethas & Honored Guests
*Children's Activities Room • Baisakhi Bazaar*
*Langar served all day*
3:00 pm Grand Procession of Siri Guru Granth Sahib Ji to the Guru's Nagar Keertan Float

NAGAR KEERTAN PROGRAM
Gilbert Lindsey Plaza and Downtown Los Angeles
*Gatka Demonstrations, Delicious snacks served after the parade*
3:00 pm - 6:00 pm

PLEASE ATTEND WITH YOUR FAMILY AND FRIENDS! ALL ARE WELCOME

AMRIT SANCHAR
Saturday, April 13, 2019
at Guru Ram Das Ashram

Please call: (310) 201-0954
*For more Baisakhi Celebration information, visit*
www.gururamdasashram.org
47975

ਆਪ ਜੀ ਸਾਰੇ ਪਰਿਵਾਰ ਸਮੇਤ ਸੇਵਾ ਵਿੱਚ ਸ਼ਾਮਿਲ ਹੋਵੋ, ਅਤੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ



# ਪਾਠਕਾਂ ਦਾ ਨਜ਼ਰੀਆ

## ਘਰਾਂ ਵਿਚ ਪਿਆਰ ਮੁਹੱਬਤ ਦੇ ਰੰਗ ਨਹੀਂ ਬਲਕਿ ਮਾਇਆਵਾਦੀ ਸੋਚ ਦਾ ਰੰਗ

ਘਰਾਂ ਵਿਚ ਪਿਆਰ ਮੁਹੱਬਤ ਦੇ ਰੰਗ ਨਹੀਂ ਬਲਕਿ ਮਾਇਆਵਾਦੀ ਸੋਚ ਦਾ ਰੰਗ ਜ਼ੋਰ ਫੜਦਾ ਜਾ ਰਿਹਾ ਹੈ। ਮਾਨਸਿਕਤਾ ਇਸ ਕਦਰ ਵਿਗੜ ਗਈ ਹੈ ਕਿ ਜਾਇਦਾਦ ਖਾਤਰ ਪੋਤਰਾ ਦਾਦੇ ਦਾ ਤੇ ਪੁੱਤਰ ਪਿਉ ਦਾ ਕਾਤਲ ਬਣ ਰਿਹਾ ਹੈ। ਆਪਣੇ ਘਰਾਂ ਵਿੱਚ ਬੱਚਿਆਂ ਦੇ ਹੱਥਾਂ ਵਿੱਚ ਵੀ ਇਹ ਪੀੜ੍ਹੀ ਸੁਰੱਖਿਅਤ ਮਹਿਸੂਸ ਨਹੀਂ ਕਰਦੀ। ਸਾਡੀ ਗੁਜ਼ਾਰਿਸ਼ ਹੈ ਨਵੀਂ ਪੀੜ੍ਹੀ ਨੂੰ ਕਿ ਹੋ ਸਕਦਾ ਕਿਧਰੇ ਸਾਡੇ ਅਨੁਵੰਸ਼ਿਕ ਗੁਣਾਂ ਕਾਰਨ ਸਾਡੀ ਪੀੜ੍ਹੀ ਵਿੱਚ ਕੁਝ ਸਖਤ ਤੇ ਗੁਸੈਲ ਸੁਭਾਅ ਜਾਗ ਪਿਆ ਹੋਵੇ। ਕਈ ਗਲਤ ਫੈਸਲੇ ਵੀ ਹੋ ਗਏ ਹੋਣਗੇ ਪਰ ਹੁਣ ਅਸੀਂ ਤੁਹਾਡੇ ਨਾਲ ਰਲ ਕੇ ਪੁਰਾਣਾ ਵਿਰਸਾ ਮਾਣਨਾ ਚਾਹੁੰਦੇ ਹਾਂ, ਜੋ ਅਸੀਂ ਕਿਧਰੇ ਭੁੱਲ ਬੈਠੇ ਹਾਂ। ਅਸੀਂ ਭੁੱਲ ਗਏ ਪਰ ਤੁਸੀਂ ਨਾ ਭੁੱਲਿਓ ਤੇ ਅਗਲੀਆਂ ਪੀੜ੍ਹੀਆਂ ਲਈ ਵੀ ਰੋਲ ਮਾਡਲ ਬਣਿਓ। ਆਪਣੇ ਵਿਰਸੇ ਨੂੰ ਸਮਝੋ-ਪੜ੍ਹੋ ਤੇ ਉਹ ਕਦਰਾਂ ਕੀਮਤਾਂ ਅਪਣਾ ਲਓ ਜੋ ਜਮਾਨੇ ਦੀ ਹਵਾ ਵਿੱਚ ਕਿਧਰੇ ਖੇਰੂੰ-ਖੇਰੂੰ ਹੋ ਗਈਆਂ ਹਨ।

**-ਪ੍ਰੋ. ਕੁਲਮਿੰਦਰ ਕੌਰ**

## ਕਾਲੇ ਧਨ ਬਾਰੇ ਸਾਜ਼ਿਸ਼ੀ ਚੁੱਪ

8 ਮਾਰਚ, 2009 ਨੂੰ ਜਰਮਨ ਅਧਿਕਾਰੀਆਂ ਨੇ ਜਰਮਨ ਬੈਂਕਾਂ ਵਿਚ ਜਮ੍ਹਾਂ ਕਾਲੇ ਧਨ ਦੇ 50 ਭਾਰਤੀ ਖਾਤਾ ਧਾਰਕਾਂ ਦੇ ਨਾਵਾਂ ਦੀ ਸੂਚੀ ਭਾਰਤ ਸਰਕਾਰ ਨੂੰ ਸੌਂਪੀ ਸੀ। ਭਾਰਤ ਸਰਕਾਰ ਨੂੰ ਚਾਹੀਦਾ ਹੈ ਕਿ ਇਹ ਕਾਲੇ ਨਾਮ ਨਸ਼ਰ ਕਰ ਦੇਵੇ ਤਾਂ ਕਿ ਭਾਰਤੀ ਜਨਤਾ ਨੂੰ ਕਾਲੀਆਂ ਭੇਡਾਂ ਦਾ ਪਤਾ ਲੱਗ ਸਕੇ। ਭਾਰਤ ਦੀ 126 ਕਰੋੜ ਦੀ ਆਬਾਦੀ ਵਿਚ ਸਿਰਫ਼ 2.5 ਫ਼ੀਸਦੀ ਲੋਕ ਟੈਕਸ ਅਦਾ ਕਰਦੇ ਹਨ। ਅਮਰੀਕਾ ਨੇ ਕਾਲਾ ਧਨ ਜਮ੍ਹਾਂ ਕਰਵਾਉਣ ਵਾਲੇ ਅਮਰੀਕਨਾਂ ਦਾ ਨਾਮ ਸਵਿਸ ਬੈਂਕਾਂ ਪਾਸੋਂ ਪਤਾ ਕਰਵਾ ਕੇ ਸਾਰਾ ਕਾਲਾ ਧਨ ਵਾਪਸ ਮੰਗਵਾ ਲਿਆ ਸੀ। ਭਾਰਤ ਸਰਕਾਰ ਸਵਿਸ ਬੈਂਕਾਂ ਵਿਚ ਜਮ੍ਹਾਂ ਕਾਲੇ ਧਨ ਬਾਰੇ ਭਲਾ ਪਤਾ ਕਿਉਂ ਨਹੀਂ ਕਰ ਸਕਦੀ ?

ਜਨ ਲੋਕਪਾਲ ਬਿਲ ਦੇ ਘੇਰੇ ਵਿਚ ਪ੍ਰਧਾਨ ਮੰਤਰੀ, ਜੱਜ, ਕੇਂਦਰੀ ਅਤੇ ਪ੍ਰਾਂਤਕ ਮੰਤਰੀ, ਸਾਰੇ ਗਜ਼ਟਿਡ ਅਫ਼ਸਰ, ਸਾਰੇ ਕੇਂਦਰੀ ਅਤੇ ਪ੍ਰਾਂਤਕ ਅਫ਼ਸਰ, ਸਾਰੇ ਵਿਧਾਇਕ, ਬੋਰਡਾਂ ਅਤੇ ਨਿਗਮਾਂ ਦੇ ਸਾਰੇ ਚੇਅਰਮੈਨ ਆਦਿ ਆਉਣੇ ਚਾਹੀਦੇ ਹਨ। ਸੰਵਿਧਾਨ ਦੀ ਧਾਰਾ 131 ਜਿਸ ਵਿਚ ਭ੍ਰਿਸ਼ਟਾਚਾਰੀ ਬੰਦੇ ਵਿਰੁੱਧ ਕੇਸ ਦਰਜ ਕਰਨ ਲਈ ਉੱਪਰੋਂ ਆਗਿਆ ਲੈਣੀ ਪੈਂਦੀ ਹੈ, ਮਨਸੂਖ਼ ਕੀਤੀ ਜਾਵੇ।

ਭੁੱਖਮਰੀ ਲੋਕਤੰਤਰੀ ਪ੍ਰਣਾਲੀ ਲਈ ਲਾਹਣਤ ਹੈ। ਭਾਰਤ ਵਿਚ 75 ਕਰੋੜ ਤੋਂ ਵੱਧ ਲੋਕ ਸਿਰਫ਼ ਪ੍ਰਤੀ ਦਿਨ 20 ਰੁਪਏ ਨਾਲ ਗੁਜ਼ਾਰਾ ਕਰਦੇ ਹਨ। ਸਰਕਾਰਾਂ ਦਾ ਇਨ੍ਹਾਂ ਵੱਲ ਕੋਈ ਧਿਆਨ ਨਹੀਂ ਹੈ। ਅਜਿਹੇ ਪੈਸੇ ਨੂੰ ਵਾਪਸ ਲਿਆ ਕਿ ਇਸ ਤਰਫ਼ ਧਿਆਨ ਦਿੱਤਾ ਜਾ ਸਕਦਾ ਹੈ। ਸਵਿਸ ਬੈਂਕਾਂ ਵਿਚ ਅਰਬਾਂ ਰੁਪਇਆਂ ਦਾ ਕਾਲਾ ਧਨ ਦੇਸ਼ ਵਿਚ ਵਾਪਸ ਲਿਆਉਣ ਲਈ ਯਤਨਾਂ ਦੇ ਨਾਲ-ਨਾਲ ਚਿੰਤਾ ਇਨ੍ਹਾਂ ਗੱਲਾਂ ਦੀ ਵੀ ਹੈ ਕਿ ਕਾਲਾ ਧਨ ਪੈਦਾ ਕਰਨ ਵਾਲੇ ਸਾਰੇ ਸੋਮਿਆਂ ਨੂੰ ਬੰਦ ਕਿਉਂ ਨਹੀਂ ਕੀਤਾ ਜਾਂਦਾ ? ਸੰਪਤੀ ਪੈਦਾ ਕਰਨ ਦੇ ਮੁੱਖ ਸਾਧਨ ਸਰਕਾਰ ਅਤੇ ਜਨ ਸ਼ਕਤੀ ਦੇ ਕੰਟਰੋਲ ਹੇਠਾਂ ਹੋਣ। ਵੱਧ ਤੋਂ ਵੱਧ ਕਿਸੇ ਕੋਲ ਸੰਪਤੀ ਕਿੰਨੀ ਹੋਵੇ ? ਸੰਪਤੀ ਦੀ ਉਪਰਲੀ ਹੱਦ ਨਿਸ਼ਚਿਤ ਕੀਤੀ ਜਾਵੇ। ਕੁਝ ਅਰਬਪਤੀ ਖਰਬਪਤੀ ਨਾ ਬਣ ਸਕਣ। ਪ੍ਰਾਪਰਟੀ ਟੈਕਸ ਲਾਜ਼ਮੀ ਹੋਵੇ। ਮਿਹਨਤ ਕਰਨ ਵਾਲੇ ਵਰਗ ਦੀਆਂ ਉਜਰਤਾਂ ਵਿਚ ਵਾਧਾ ਹੋਵੇ ਅਤੇ ਕਾਣੀ ਵੰਡ ਖ਼ਤਮ ਕੀਤੀ ਜਾਵੇ।

**-ਪ੍ਰੋ. ਹਮਦਰਦਵੀਰ ਨੌਸ਼ਹਿਰਵੀ**

## ਪੰਜਾਬ ਦੇ ਸਿਆਸਤਦਾਨਾਂ ਦੇ ਝੂਠੇ ਵਾਅਦੇ

ਪੰਜਾਬੀਆਂ ਦੀ ਮਾਨਸਿਕਤਾ ਵਿਚ ਮੌਤ ਦੇ ਗੌਰਵ ਨੂੰ ਸਥਾਪਤੀ ਮਿਲੀ ਹੋਈ ਹੈ। 'ਮੌਤ ਨੂੰ ਕਰਨ ਮਖੌਲਾਂ' ਵਾਲੇ ਪੰਜਾਬੀ ਹੁਣ ਵਿਆਹਾਂ/ਮਰਨਿਆਂ 'ਤੇ ਵਿੱਤੋਂ ਵੱਧ ਖ਼ਰਚ ਕਰਕੇ ਕਰਜ਼ਾ ਸਿਰ ਚੜ੍ਹਾ ਕੇ ਮਰਨ ਵਿਚ ਵੀ ਪਿੱਛੇ ਨਹੀਂ ਰਹੇ। ਅਸੀਂ ਇਕ ਦਿਨ ਦੇ ਪ੍ਰੋਗਰਾਮਾਂ 'ਤੇ ਵੱਧ-ਚੜ੍ਹ ਕੇ ਖ਼ਰਚ ਕਰਦੇ ਹਾਂ ਅਤੇ ਫਿਰ ਜ਼ਿੰਦਗੀ ਦੇ ਅਹਿਮ ਵਰ੍ਹਿਆਂ ਨੂੰ ਉਸ ਇਕ ਦਿਨ 'ਤੇ ਵਾਰ ਦਿੰਦੇ ਹਾਂ। ਆਮ ਵਿਅਕਤੀ ਮਿਹਨਤ ਨਾਲ ਕੀਤੀ ਕਮਾਈ ਜਿਸ ਨੂੰ ਉਹ ਜ਼ਿੰਦਗੀ ਦੀਆਂ ਛੋਟੀਆਂ-ਛੋਟੀਆਂ ਖ਼ੁਸ਼ੀਆਂ ਨੂੰ ਵਾਰ ਕੇ, ਕਿਰਸ ਕਰਕੇ ਇਕੱਠਾ ਕਰਦਾ ਹੈ, ਉਸ ਕਮਾਈ ਨੂੰ ਇਕ ਦਿਨ ਦੇ ਜਸ਼ਨ 'ਤੇ ਬਰਬਾਦ ਕੀਤਾ ਜਾਂਦਾ ਹੈ। ਅਸੀਂ ਬਰਬਾਦੀ ਵਿਚ ਚਾਅ ਲੱਭਦੇ ਹਾਂ। ਬਰਬਾਦ ਹੋ ਕੇ ਅਤੇ ਦੂਜੇ ਨੂੰ ਬਰਬਾਦ ਕਰਵਾ ਕੇ ਖ਼ੁਸ਼ੀ ਮਹਿਸੂਸ ਕਰਦੇ ਹਾਂ। ਅਜਿਹੀ ਕੌਮ ਆਪਣੀ ਬਰਬਾਦੀ ਦਾ ਭਵਿੱਖ ਆਪਣੇ ਹੱਥੀਂ ਲਿਖ ਰਹੀ ਹੈ।

ਸਿਆਸੀ ਪਾਰਟੀਆਂ ਵਿਚ ਸੀਟਾਂ ਦੀ ਵੰਡ ਨੇ ਕਲੇਸ਼ ਪਾਇਆ ਹੋਇਆ ਹੈ। ਸੀਟਾਂ ਵਿਕਣ ਦੇ ਸ਼ਰੇਆਮ ਦੋਸ਼ ਲਾਏ ਜਾ ਰਹੇ ਹਨ। ਵਫ਼ਾਦਾਰੀਆਂ ਬਦਲਣ ਦੀ ਹਨ੍ਹੇਰੀ ਵਗ ਰਹੀ ਹੈ। ਸੱਤਾ ਦੀ ਭੁੱਖ ਤੇ ਧਨ ਦੀ ਲਾਲਸਾ ਨੇ ਸਭ ਸਿਧਾਂਤਾਂ ਨੂੰ ਛਿੱਕੇ ਟੰਗ ਦਿੱਤਾ ਹੈ। ਚੋਣਾਂ, ਉਮੀਦਵਾਰਾਂ ਲਈ ਜ਼ਿੰਦਗੀ ਮੌਤ ਦਾ ਸਵਾਲ ਬਣ ਗਈਆਂ ਹਨ। ਹਰ ਵਰਗ ਨੂੰ ਅਜਿਹੇ ਰੰਗੀਨ ਸੁਪਨੇ ਦਿਖਾਏ ਜਾ ਰਹੇ ਹਨ ਕਿ ਜਿਵੇਂ ਕੁਰਸੀ ਰੂਪੀ ਅਲਾਦੀਨ ਦਾ ਚਿਰਾਗ ਹਾਸਲ ਕਰਨ ਤੋਂ ਬਾਅਦ ਸਭ ਲੋਕਾਂ ਦਾ ਕਾਇਆ-ਕਲਪ ਹੋ ਜਾਵੇਗਾ। ਹਰ ਸਿਆਸੀ ਧਿਰ ਆਪਣੇ ਆਪ ਨੂੰ ਦੇਸ਼ ਦਾ 'ਅਸਲੀ ਵਾਰਸ' ਦੱਸਣ ਦਾ ਯਤਨ ਕਰ ਰਹੀ ਹੈ। ਸਾਲਾਂ ਤੋਂ ਲਟਕਦੇ ਮਸਲੇ ਇਕ ਵਾਰ ਫਿਰ ਝਾੜ ਪੂੰਝ ਕੇ ਲਿਸ਼ਕਾਏ ਜਾ ਰਹੇ ਹਨ ਤੇ ਵੋਟਾਂ ਹਾਸਲ ਕਰਨ ਦਾ ਮੁੱਦਾ ਬਣਾਏ ਜਾ ਰਹੇ ਹਨ। ਹਰ ਪਾਰਟੀ ਆਪਣੇ ਆਪ ਨੂੰ ਲੋਕ-ਹਿੱਤਾਂ ਦੀ ਪਹਿਰੇਦਾਰ, ਮਜ਼ਦੂਰਾਂ, ਕਿਸਾਨਾਂ ਤੇ ਮੁਲਾਜ਼ਮਾਂ ਦੀ ਹਮਦਰਦ, ਭ੍ਰਿਸ਼ਟਾਚਾਰ ਤੋਂ ਮੁਕਤ ਤੇ ਸਾਫ਼-ਸੁਥਰਾ ਪ੍ਰਸ਼ਾਸਨ ਦੇਣ ਦੇ ਲੰਮੇ-ਚੌੜੇ ਵਾਅਦਿਆਂ ਦੀ ਰੇਲ ਬਣਾਉਣ ਵਿਚ ਇਕ-ਦੂਜੇ ਤੋਂ ਅੱਗੇ ਹੋਣ ਦਾ ਯਤਨ ਕਰ ਰਹੀ ਹੈ। ਅਕਸਰ ਹੀ ਲੋਕ ਸਿਆਸੀ ਨੇਤਾਵਾਂ ਵਲੋਂ ਫੈਲਾਏ ਭਰਮਜਾਲ ਵਿਚ ਫਸ ਜਾਂਦੇ ਹਨ। ਪੰਜਾਬ ਦੀ ਸਥਿਤੀ ਵੀ ਬਦਤਰ ਹੋ ਚੁੱਕੀ ਹੈ ਤੇ ਹਕੂਮਤ ਦੋ ਸਾਲਾਂ ਵਿਚ ਵਿਕਾਸ ਹੋਣ ਦੇ ਵੱਡੇ ਦਾਅਵੇ ਕਰ ਰਹੀ ਹੈ। ਜ਼ਮੀਨੀ ਪੱਧਰ 'ਤੇ ਕਿਤੇ ਵੀ ਕੁਝ ਦਿਖਾਈ ਨਹੀਂ ਦੇ ਰਿਹਾ। ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਨੇ ਸੈਂਕੜੇ ਘਰਾਂ ਵਿਚ ਸੱਥਰ ਵਿਛਾ ਦਿੱਤੇ ਹਨ। ਮੁਲਾਜ਼ਮਾਂ ਨੂੰ ਆਪਣੀਆ ਹੱਕੀ ਮੰਗਾਂ ਲਈ ਧਰਨੇ ਮੁਜ਼ਾਹਰੇ ਤੇ ਮਰਨ ਵਰਤਾਂ ਦੇ ਬਾਵਜੂਦ ਲਾਠੀਆਂ ਤੇ ਹੋਰ ਜਬਰ ਤੋਂ ਬਿਨਾਂ ਕੁਝ ਨਹੀਂ ਮਿਲਿਆ। ਕੋਈ ਟੈਂਕੀਆਂ 'ਤੇ ਚੜ੍ਹਿਆ ਬੈਠਾ ਰਿਹਾ, ਕੋਈ ਆਪਣੀ ਜਾਨ ਨੂੰ ਖ਼ਤਰੇ ਵਿਚ ਪਾ ਕੇ ਕਈ ਮੰਜ਼ਲੀ ਇਮਾਰਤ ਤੋਂ ਛਾਲ ਮਾਰ ਕੇ, ਅੰਨ੍ਹੀ ਬੋਲੀ ਤੇ ਸੰਵੇਦਨਾ ਤੋਂ ਸੱਖਣੀ ਸਰਕਾਰ ਨੂੰ ਜਗਾਉਣ ਦੀ ਕੋਸ਼ਿਸ਼ ਕਰਦਾ ਰਿਹਾ ਹੈ। ਪਰ ਕਿਤੇ ਵੀ ਕੁਝ ਸੁਖਾਵਾਂ ਨਹੀਂ ਵਾਪਰਿਆ ਤੇ ਇਨ੍ਹਾਂ ਲੰਮੇ ਸੰਘਰਸ਼ਾਂ ਦੇ ਬਾਵਜੂਦ ਸਰਕਾਰ ਦੇ ਕੰਨਾਂ 'ਤੇ ਜੂੰਅ ਨਹੀਂ ਸਰਕੀ। ਹੁਣ ਵੋਟਾਂ ਦੇ ਮੌਸਮ ਵਿਚ ਲੋਕਾਂ ਤੋਂ ਕਿਹੜੇ ਮੂੰਹ ਨਾਲ ਵੋਟਾਂ ਮੰਗੀਆਂ ਜਾਣਗੀਆਂ ? ਕਿਹੜੀ ਪ੍ਰਾਪਤੀ ਦੱਸੀ ਜਾਵੇਗੀ ? ਬਹੁਤ ਢੀਠ ਨੇ ਸਿਆਸੀ ਪਾਰਟੀਆਂ, ਇਹ ਬਿਨਾਂ ਵਿਕਾਸ ਤੇ ਮੁੱਦਿਆਂ ਤੋਂ ਹੀ ਵੋਟਾਂ ਮੰਗਣ ਲਈ ਆਉਣਗੀਆਂ। ਵੋਟਰ ਨੂੰ ਬਹੁਤ ਜਾਗਰੂਕ ਹੋ ਕੇ ਆਪਣਾ ਫਰਜ਼ ਨਿਭਾਉਣ ਦੀ ਲੋੜ ਹੈ।

**- ਸੋਹਜਦੀਪ**

## ਮੌਜੂਦਾ ਮੀਡੀਆ ਦਾ ਸਰੂਪ ਤੇ ਕਿਰਦਾਰ

ਜ਼ਿਆਦਾਤਰ ਭਾਰਤ ਵਿਚ ਮੀਡੀਆ ਉੱਪਰ ਪੀਲੀ ਪੱਤਰਕਾਰੀ ਭਾਵ ਵਿਕਾਊ ਹੋਣ ਦੇ ਦੋਸ਼ ਲਗਦੇ ਹਨ, ਜਿਸਦਾ ਮਤਲਬ ਹੁੰਦਾ ਹੈ, ਇੱਕ ਪਾਸੜ, ਝੂਠੀ ਤੇ ਜਾਅਲੀ ਪੱਤਰਕਾਰੀ ਕਰਨਾ। ਇਹ ਦੋਸ਼ ਬਹੁਤ ਵਾਰ ਸੱਚ ਸਾਬਤ ਹੋਏ ਹਨ।

ਸਾਡੇ ਦੇਸ਼ ਵਿਚ ਲਗਪਗ ਬਾਰਾਂ ਮਹੀਨੇ ਚੋਣਾਵੀ ਮਾਹੌਲ ਬਣਿਆ ਹੀ ਰਹਿੰਦਾ ਹੈ। ਚੋਣਾਵੀ ਮਾਹੌਲ ਦੀ ਰਿਪੋਰਟਿੰਗ ਵੀ ਦੇਖਣ ਵਾਲੀ ਹੁੰਦੀ ਹੈ। ਕਰੋੜਾਂ ਦੀ ਗਿਣਤੀ ਵਿੱਚੋਂ ਕੁਝ ਸੈਂਕੜੇ ਲੋਕਾਂ ਦੀ ਰਾਇ ਉੱਪਰ ਅਧਾਰਿਤ ਓਪੀਨੀਅਨ ਪੋਲ, ਐਗਜ਼ਿਟ ਪੋਲ ਆਦਿ ਨੂੰ ਜਿਸ ਤਰ੍ਹਾਂ ਪੇਸ਼ ਕੀਤਾ ਜਾਂਦਾ ਹੈ, ਉਹ ਵੇਖਣ ਵਾਲਾ ਹੁੰਦਾ ਹੈ। ਕੁਝ ਟੀਵੀ ਚੈਨਲ ਤਾਂ ਰਿਪੋਰਟਾਂ ਇੰਜ ਦੀਆਂ ਪੇਸ਼ ਕਰਦੇ ਹਨ ਕਿ ਕੋਈ ਵੀ ਕੋਰਾ ਝੂਠ, ਸੱਚ ਹੀ ਲਗਣ ਲੱਗ ਪੈਂਦਾ ਹੈ।

ਥੋੜ੍ਹੇ ਦਿਨ ਪਹਿਲਾਂ ਪੁਲਵਾਮਾ ਵਿੱਚ ਸਾਡੇ ਦੇਸ਼ ਦੀ ਪੈਰਾ ਮਿਲਟਰੀ ਫੌਜ ਉੱਪਰ ਹੋਏ ਬਹੁਤ ਵੱਡੇ ਜਿਹਾਦੀ ਹਮਲੇ, ਉਸ ਤੋਂ ਬਾਅਦ ਭਾਰਤੀ ਹਵਾਈ ਸੈਨਾ ਦੁਆਰਾ ਪਾਕਿਸਤਾਨ ਵਿੱਚ ਮੌਜੂਦ ਜਿਹਾਦੀ ਠਿਕਾਣਿਆਂ ਉੱਪਰ ਕੀਤੇ ਹਵਾਈ ਹਮਲੇ ਤੇ ਪਾਕਿਸਤਾਨੀ ਫੌਜ ਦੁਆਰਾ ਪਕੜੇ ਗਏ ਭਾਰਤੀ ਪਾਇਲਟ ਬਾਰੇ ਕੁਝ ਭਾਰਤੀ ਟੀਵੀ ਚੈਨਲਾਂ ਨੇ ਤਾਂ ਐਸੀ ਵਚਿੱਤਰ ਅਤੇ ਅਨੋਖੀ ਕਿਸਮ ਦੀ ਪੱਤਰਕਾਰੀ ਪੇਸ਼ ਕੀਤੀ ਕਿ ਆਮ ਮਨੁੱਖ ਦੇ ਲੂੰਅ ਕੰਡੇ ਖੜ੍ਹੇ ਹੋ ਗਏ। ਇਹਨਾਂ ਦਾ ਵੱਸ ਚਲਦਾ ਤਾਂ ਉਹ ਦੋਨਾਂ ਦੇਸ਼ਾਂ ਵਿੱਚ ਯੁੱਧ ਕਰਵਾ ਕੇ ਹੀ ਦਮ ਲੈਂਦੇ। ਟੀਵੀ ਚੈਨਲਾਂ ਨੂੰ ਸਾਰੇ ਪਹਿਲੂਆਂ ਦਾ ਤਵਾਜ਼ਨ ਬਣਾ ਕੇ ਪੇਸ਼ ਕਰਨਾ ਚਹੀਦਾ ਸੀ ਨਾ ਕਿ ਹੱਦ ਤੋਂ ਵੱਧ ਇੱਕ ਪਾਸੜ ਅਤੇ ਭੜਕਾਊ ਵਿਸ਼ਲੇਸ਼ਨ ਕਰਕੇ ਆਮ ਲੋਕਾਂ ਨੂੰ ਉਕਸਾਉਣ ਦਾ ਯਤਨ ਕਰਨਾ। ਪਰ ਕੀ ਕੀਤਾ ਜਾ ਸਕਦਾ ਹੈ ਮੌਜੂਦਾ ਦੌਰ ਤੇ ਜ਼ਮਾਨਾ ਹੀ ਪਾ ਪੜ੍ਹਿਆਂ ਦਾ ਹੈ। ਜ਼ਿਆਦਾਤਰ ਟੀਵੀ ਐਂਕਰਾਂ ਦੇ ਇਹ ਬਿਆਨ ਕਿ ਹੁਣ ਆਖਰੀ ਫੈਸਲਾ ਹੋ ਕੇ ਰਹੇਗਾ ... ਖ਼ੂਨ ਦਾ ਬਦਲਾ ਖ਼ੂਨ ... ਪਾਕਿਸਤਾਨ ਨੂੰ ਮਸਲ ਕੇ ਰੱਖ ਦਿਆਂਗੇ ... ਘਰ ਵਿੱਚ ਘੁਸ ਕੇ ਮਾਰਾਂਗੇ ... ਪਾਕਿਸਤਾਨ ਨੂੰ ਦੁਨੀਆ ਦੇ ਨਕਸ਼ੇ ਤੋਂ ਮਿਟਾ ਕੇ ਰਹਾਂਗੇ ... ਉਹਨਾਂ ਦੇ ਵਿਹਾਰ ਤੋਂ ਇੰਜ ਲੱਗਦਾ ਸੀ ਕਿ ਉਹ ਪੱਤਰਕਾਰ ਨਹੀਂ, ਸਗੋਂ ਆਪਣੇ ਆਪ ਨੂੰ ਲੋਕ ਪ੍ਰਸ਼ਾਸਨ ਦੇ ਮੁਖੀ ਸਮਝਦੇ ਹਨ ਤੇ ਕਿਸੇ ਵੀ ਪ੍ਰਕਾਰ ਦੇ ਵੱਡੇ ਅਤੇ ਅਹਿਮ ਫੈਸਲੇ ਲੈ ਸਕਣ ਦਾ ਅਧਿਕਾਰ ਵੀ ਰੱਖਦੇ ਹਨ।

ਇਸੇ ਤਰ੍ਹਾਂ ਹੀ ਕਈ ਵਾਰ ਮੀਡੀਆ ਨਿਆਂਪਾਲਕਾ ਦਾ ਕਿਰਦਾਰ ਵੀ ਆਪ ਹੀ ਨਿਭਾਉਣਾ ਸ਼ੁਰੂ ਕਰ ਦਿੰਦਾ ਹੈ। ਕਿਸੇ ਵੀ ਆਮ ਤੇ ਅਹਿਮ ਕੇਸ ਵਿੱਚ ਅਦਾਲਤ ਦਾ ਫੈਸਲਾ ਅਜੇ ਬਾਅਦ ਵਿੱਚ ਆਉਣਾ ਹੁੰਦਾ ਹੈ ਪਰ ਜ਼ਿਆਦਾਤਰ ਮੀਡੀਆ ਆਪਣਾ ਫੈਸਲਾ ਪਹਿਲਾਂ ਹੀ ਸੁਣਾ ਦਿੰਦਾ ਹੈ। ਇਹ ਵੀ ਦੇਖਿਆ ਗਿਆ ਹੈ ਕਿ ਮੀਡੀਆ ਦੁਆਰਾ ਅਦਾਲਤ ਦੇ ਕਿਸੇ ਫੈਸਲੇ ਵਿਰੁੱਧ ਚਲਾਈ ਜਾਂਦੀ ਮੁਹਿੰਮ ਦਾ ਇਸ ਕਦਰ ਪ੍ਰਭਾਵ ਪੈਂਦਾ ਹੈ ਕਿ ਕਈ ਵਾਰ ਅਦਾਲਤਾਂ ਦੇ ਫੈਸਲੇ ਪ੍ਰਭਾਵਿਤ ਹੋਏ ਜਾਪਦੇ ਵੀ ਹਨ।

**- ਗੋਵਰਧਨ ਗੱਬੀ**

## ਚੌਕੀਦਾਰ ਜਵਾਬਦੇਹੀ ਤੋਂ ਕਿਉਂ ਭੱਜ ਰਿਹਾ ਹੈ ?

ਕੀ ਇਸ ਵੇਲੇ ਸਾਰੇ ਭਾਰਤ ਦਾ ਇੱਕੋ-ਇੱਕ ਮਸਲਾ ਚੌਕੀਦਾਰ ਹੈ ? ਕੀ ਅਸੀਂ ਚੌਕੀਦਾਰ ਚੁਣਨ ਲਈ ਵੋਟਾਂ ਪਾਈਆਂ ਸੀ। ਅਸੀਂ ਤਾਂ ਦੇਸ਼ ਦੀ ਤਰੱਕੀ ਲਈ ਬਹੁਮਤ ਦਿਵਾਇਆ ਸੀ। ਅਸੀਂ ਤਾਂ ਦੋ ਕਰੋੜ ਨੌਕਰੀਆਂ ਹਰ ਵਰ੍ਹੇ ਲੈਣ ਲਈ ਸਰਕਾਰ ਚੁਣੀ ਸੀ। ਅਸੀਂ ਤਾਂ ਪੰਦਰਾਂ ਲੱਖ ਦੇ ਝਾਂਸੇ ਵਿੱਚ ਆਏ ਸੀ, ਤਾਂਹੀ ਤਾਂ ਅਸੀਂ ਕਾਲੇ ਧਨ ਦੀ ਵਾਪਸੀ ਲਈ ਭਾਜਪਾ ਨੂੰ ਵੋਟ ਪਾਈ ਸੀ। ਚੌਕੀਦਾਰ ਲਈ ਤਾਂ ਵੋਟਾਂ ਦੀ ਲੋੜ ਹੀ ਨਹੀਂ ਸੀ। ਹਾਂ, ਜੇ ਮੋਦੀ ਤੇ ਉਹਨਾਂ ਦੀ ਕੈਬਨਿਟ ਖ਼ੁਦ ਨੂੰ ਚੌਕੀਦਾਰ ਮੰਨਦੀ ਹੈ ਤਾਂ ਨੀਰਵ ਮੋਦੀ, ਵਿਜੇ ਮਾਲਿਆ, ਮੇਹੁਲ ਚੌਕਸੀ ਦੇਸ਼ ਦਾ ਹਜ਼ਾਰਾਂ ਕਰੋੜ ਲੈ ਕੇ ਫ਼ਰਾਰ ਕਿਉਂ ਹੋ ਗਏ ? ਚੌਕੀਦਾਰ ਉਦੋਂ ਰਾਖੀ ਕਿਉਂ ਨਹੀਂ ਸੀ ਕਰ ਰਿਹਾ। ਜੇ ਸਾਡੇ ਗਲੀ ਗਵਾਂਢ ਵਿੱਚ ਚੋਰੀ ਹੋਵੇ ਤਾਂ ਸਭ ਤੋਂ ਪਹਿਲਾਂ ਜਵਾਬਦੇਹੀ ਚੌਕੀਦਾਰ ਦੀ ਹੁੰਦੀ ਹੈ, ਪਰ ਸਾਡੇ ਦੇਸ਼ ਵਾਲਾ ਚੌਕੀਦਾਰ ਜਵਾਬਦੇਹੀ ਤੋਂ ਕਿਉਂ ਭੱਜ ਰਿਹਾ ਹੈ ?

ਇਹ ਵੇਲਾ ਦੇਸ਼ ਵਿੱਚ ਪੰਜ ਵਰ੍ਹਿਆਂ ਵਿੱਚ ਕੀਤੇ ਕੰਮਾਂ ਦਾ ਵੇਰਵਾ ਪੇਸ਼ ਕਰਨ ਦਾ ਹੈ, ਦੇਸ਼ ਵਾਸੀਆਂ ਨੂੰ ਹਿਸਾਬ ਦੇਣ ਦਾ ਹੈ। ਚੌਕੀਦਾਰ ਕਹਿਣ ਤੇ ਅਖਵਾਉਣ ਦਾ ਨਹੀਂ। ਜੋ ਕੁਝ 2014 ਦੇ ਮੈਨੀਫੈਸਟੋ ਵਿੱਚ ਕਿਹਾ ਗਿਆ ਸੀ, ਉਹ ਪੂਰਾ ਕਿਉਂ ਨਹੀਂ ਹੋਇਆ, ਵੇਲਾ ਇਹਦਾ ਜਵਾਬ ਦੇਣ ਦਾ ਹੈ। ਦੇਸ਼ ਵਿੱਚੋਂ ਗੁਰਬਤ, ਜਾਤ-ਪਾਤ, ਧਾਰਮਿਕ ਵਿਤਕਰੇਬਾਜ਼ੀ ਕਿਉਂ ਨਹੀਂ ਮੁੱਕੀ, ਗਾਂ ਦੇ ਨਾਂਅ 'ਤੇ ਲੋਕਾਂ ਦਾ ਕਤਲ ਕਿਉਂ ਹੋਇਆ ਅਤੇ ਹੋ ਰਿਹਾ ਹੈ, ਨੋਟਬੰਦੀ ਕਾਰਨ ਸੈਂਕੜੇ ਲੋਕ ਬਿਨਾਂ ਕਸੂਰ ਕਿਉਂ ਮਰੇ, ਕੀ ਉਹਨਾਂ ਨੂੰ ਕੋਈ ਮੁਆਵਜ਼ਾ ਮਿਲਿਆ ? ਜੀ ਐੱਸ ਟੀ ਮਗਰੋਂ ਵਪਾਰੀਆਂ ਦਾ ਲੱਕ ਕਿਵੇਂ ਟੁੱਟਿਆ, ਇਹਨਾਂ ਗੱਲਾਂ ਪ੍ਰਤੀ ਜਵਾਬਦੇਹ ਹੋਣ ਦੀ ਲੋੜ ਹੈ, ਨਾ ਕਿ ਚੌਕੀਦਾਰ ਭਰਤੀ ਕਰਨ ਦੀ।ਚੌਕੀਦਾਰ ਨਰਿੰਦਰ ਮੋਦੀ ਦਾ ਨਵਾਂ ਪੱਤਾ ਪਤਾ ਨਹੀਂ ਕਿੰਨਾ ਕੁ ਕਾਮਯਾਬ ਹੋਵੇਗਾ, ਪਰ ਜਿਹੜੇ ਚੌਕੀਦਾਰ ਹੀ ਚੋਰ ਹੈ ਦਾ ਨਾਅਰਾ ਦੇ ਰਹੇ ਹਨ, ਉਹਨਾਂ ਨੂੰ ਸਾਲ ਪਹਿਲਾਂ ਸਰਗਰਮੀ ਫੜਨੀ ਚਾਹੀਦੀ ਸੀ, ਜਿਹੜੀ ਹੁਣ ਤੱਕ ਨਹੀਂ ਦਿਸ ਰਹੀ। ਜੇ ਹੁਣ ਖੱਖੜੀਆਂ ਵਾਂਗ ਇਵੇਂ ਹੀ ਖਿੱਲਰੇ ਰਹੇ ਤਾਂ ਸਰਮਾਏਦਾਰੀ ਦਾ ਪੱਖ ਪੂਰਨ ਵਾਲਾ ਆਪੇ ਬਣਿਆ 'ਚੌਕੀਦਾਰ' ਤਾਂ ਚੰਮ ਦੀਆਂ ਚਲਾਵੇਗਾ ਹੀ।

**- ਐਡਵੋਕੇਟ ਗੁਰਮੀਤ ਸਿੰਘ ਸ਼ੁਗਲੀ**

# ਡਿਜ਼ੀਟਲ ਸਰਾਪ

**ਇਕਵਾਕ ਸਿੰਘ ਪੱਟੀ**, ਮੋ. 9815024920

ਉਜਾਗਰ ਸਿੰਘ ਨੇ ਅੱਜ ਬੰਤਾ ਸਿੰਘ ਨਾਲ ਸਵੇਰੇ ਉਸ ਦੇ ਘਰ ਦੇ ਨੇੜੇ ਹੋਈ ਦੋ ਤੀਵੀਆਂ ਦੀ ਆਪਸੀ ਲੜਾਈ ਦਾ ਜ਼ਿਕਰ ਕਰਦੇ ਹੋਏ ਬੰਤਾ ਸਿੰਘ ਨੂੰ ਹੈਰਾਨ ਕਰ ਦਿੱਤਾ, "ਅਖੇ! ਅੱਜ ਤਾਂ ਤੀਵੀਆਂ ਨੇ ਇੱਕ ਦੂਜੇ ਨੂੰ ਡਿਜੀਟਲ ਸਰਾਪ ਦਿੱਤੇ।" ਬੰਤਾ ਸਿੰਘ ਨੇ ਉਤਸੁਕਤਾ ਨਾਲ ਪੁੱਛਿਆ, "ਇਹ ਡਿਜੀਟਲ ਸਰਾਪ ਕੀ ਹੋਏ ਭਲਾ ?" ਤਾਂ ਉਜਾਗਰ ਸਿੰਘ ਨੇ ਭੇਤ ਖੋਲ੍ਹਦਿਆਂ ਦੱਸਿਆ,"ਬਈ ਹੋਇਆ ਇੰਵ ਕਿ ਕਿਸੇ ਗੱਲ ਤੋਂ ਮਿਹਣੋ-ਮਿਹਣੀ ਹੁੰਦੀਆਂ ਤੀਵੀਆਂ ਦਾ ਇੱਕ ਦੂਜੇ ਨੂੰ 'ਤੇਰਾ ਬੇੜਾ ਗਰਕ ਜਾਏ', 'ਤੇਰਾ ਕੱਖ ਨਾ ਰਹੇ' ਕਹਿਣਾ ਤਾਂ ਅਕਸਰ ਸੁਣੀਂਦਾ ਸੀ, ਅੱਜ ਉਹ ਕਹਿ ਰਹੀਆਂ ਸਨ, ਤੇਰਾ ਮੋਬਾਇਲ ਖਰਾਬ ਹੋ ਜੇ ਤਾਂ ਦੂਜੀ ਕਹਿੰਦੀ ਤੇਰਾ ਮੋਬਾਇਲ ਸੜ ਜਾਏ, ਬੱਸ ਇੱਕ ਦੂਜੇ ਤੋਂ ਵੱਧ-ਵੱਧ ਕੇ, 'ਤੇਰਾ ਮੋਬਾਇਲ ਹੈਂਗ ਹੋ ਜੇ', 'ਤੇਰਾ ਨੈੱਟ ਬੰਦ ਹੋ ਜੇ', 'ਤੇਰੀ ਵਟਸਐਪ ਨਾ ਚੱਲੇ', 'ਤੇਰੀ ਕੋਈ ਵੀ ਚੀਜ਼ ਮੋਬਾਇਲ ਚ ਡਾਊਨਲੋਡ ਨਾ ਹੋਵੇ', 'ਤੇਰੇ ਮੋਬਾਇਲ ਦਾ ਪਾਸਵਰਡ ਤੇਰੇ ਘਰਵਾਲੇ ਨੂੰ ਪਤਾ ਲੱਗ ਜੇ' ਅਤੇ ਅੱਗੇ ਪਤਾ ਨਹੀਂ ਹੋਰ ਵੀ ਬਹੁਤ ਕੁੱਝ।"

ਆਪ ਹੀ ਦੱਸ ਬੰਤਾ ਸਿੰਹਾਂ ਬਣ ਗਏ ਨਾ ਡਿਜੀਟਲ ਜ਼ਮਾਨੇ ਦੇ ਡਿਜੀਟਲ ਸਰਾਪ ਫਿਰ, ਤੇ ਦੋਵੇਂ ਮੁਸਕਰਾਉਂਦੇ ਹੋਏ ਹੋਰ ਗੱਲਾਂ ਬਾਤਾਂ ਨੂੰ ਹੋ ਤੁਰੇ।

# ਬੇਦਾਵਾ



ਦਸਮ ਪਾਤਸ਼ਾਹ!
ਮੈਂ ਮਹਾਂ ਸਿੰਘ ਤਾਂ ਕੀ
ਸਿੰਘ ਵੀ ਨਹੀਂ
ਇਕ ਆਮ ਜਿਹਾ ਸਿੱਖ ਹਾਂ।
ਗਲਤੀਆਂ ਗੁਸਤਾਖੀਆਂ ਦਾ ਪੁਤਲਾ ਹਾਂ।
ਇਸ ਲਈ ਸ਼ਾਇਦ ਮੈਨੂੰ ਝੋਰਾ ਹੈ
ਕਿ ਮੈਂ ਤੈਨੂੰ ਬੇਦਾਵਾ ਲਿਖ ਦਿੱਤਾ ਹੈ।
ਇਸੇ ਅਹਿਸਾਸ ਸਦਕਾ
ਮੈਂ ਬੇਚੈਨ ਜਿਹਾ ਹਾਂ!
ਪਰ ਮੈਂ ਉਹ ਵੀ ਨਹੀਂ
ਜੋ ਖਿਦਰਾਣੇ ਦੀ ਢਾਬ ਵੱਲ ਮੁੜ ਸਕਾਂ
ਤੇਰੇ ਲਈ, ਪੰਥ ਲਈ ਲੜ ਮਰ ਸਕਾਂ।
ਉਂਞ ਮੇਰੀ ਚਾਹਨਾ ਹੈ
ਕਿ ਤੂੰ ਕ੍ਰਿਪਾ ਕਰੇਂ
ਤੇ ਮੇਰਾ ਬੇਦਾਵਾ ਪਾੜ ਦੇਵੇਂ!
ਮੈਨੂੰ ਪਤਾ ਹੈ-
ਮੈਂ ਐਸਾ ਸਿੱਖ ਹਾਂ ਮੇਰੇ ਪਾਤਸ਼ਾਹ!
ਜੋ ਸੇਵਾ ਤੋਂ ਬਿਨਾ ਹੀ
ਮੇਵੇ ਦਾ ਤਲਬਗਾਰ ਹਾਂ।
ਮੈਂ ਹੁਣ ਦਾ
ਇਕ ਆਮ ਜਿਹਾ ਸਿੱਖ ਹਾਂ-ਪਾਤਸ਼ਾਹ
ਮੈਂ ਮਹਾਂ ਸਿੰਘ ਤਾਂ ਕੀ
ਸਿੰਘ ਵੀ ਨਹੀਂ ਹਾਂ।



**ਸ਼ੇਰ ਸਿੰਘ ਕੰਵਲ**, (011-602-482-2276)

### ਬਰਸੀ 'ਤੇ ਵਿਸ਼ੇਸ਼

# ਪ੍ਰਸਿੱਧ ਕਰਾਂਤੀਕਾਰੀ ਤੇਜਾ ਸਿੰਘ ਸੁਤੰਤਰ

**-ਗੁਰਸ਼ਰਨਜੀਤ ਸਿੰਘ ਪੁਰੇਵਾਲ**

ਪ੍ਰਸਿੱਧ ਕਰਾਂਤੀਕਾਰੀ ਤੇਜਾ ਸਿੰਘ ਸੁਤੰਤਰ ਪਹਿਲਾਂ ਇਕ ਧਰਮ ਪ੍ਰਚਾਰਕ ਸਨ। ਉਹ ਆਜ਼ਾਦੀ ਸੰਗਰਾਮ ਵਿਚ ਖੱਬੀ ਵਿਚਾਰਧਾਰਾ ਦੇ ਝੰਡਾ ਬਰਦਾਰ ਤੇ ਲਾਲ ਪਾਰਟੀ ਦੀ ਰੂਹ ਬਣੇ। ਪੈਪਸੂ ਦੀ ਮੁਜ਼ਾਹਰਾ ਲਹਿਰ ਵਿਚ ਉਨ੍ਹਾਂ ਨੇ ਅਹਿਮ ਯੋਗਦਾਨ ਪਾਇਆ। ਉਨ੍ਹਾਂ ਦਾ ਜਨਮ 16 ਜੁਲਾਈ 1901ਈਸਵੀ ਨੂੰ ਭਾਈ ਕਿਰਪਾਲ ਸਿੰਘ ਦੇ ਘਰ ਪਿੰਡ ਅਲੂਣਾ ਜ਼ਿਲ੍ਹਾ ਗੁਰਦਾਸਪੁਰ ਵਿਚ ਹੋਇਆ। ਉਨ੍ਹਾਂ ਦਾ ਮੁੱਢਲਾ ਨਾਂ ਸਮੁੰਦ ਸਿੰਘ ਸੀ। ਸਕੂਲ ਦੀ ਪੜ੍ਹਾਈ ਖ਼ਤਮ ਕਰਨ ਉਪਰੰਤ ਉਨ੍ਹਾਂ ਖ਼ਾਲਸਾ ਕਾਲਜ ਅੰਮ੍ਰਿਤਸਰ ਵਿੱਚ ਦਾਖ਼ਲਾ ਲਿਆ। ਜਲ੍ਹਿਆਂਵਾਲੇ ਬਾਗ਼ ਦੇ ਖ਼ੂਨੀ ਕਾਂਡ ਦੇ 13 ਅਪਰੈਲ 1919 ਨੂੰ ਵਾਪਰਨ 'ਤੇ ਵਿਰੋਧ ਪ੍ਰਗਟ ਕਰਨ ਲਈ ਇਕ ਸਭਾ ਵਿਚ ਭਾਗ ਲੈਣ ਕਾਰਨ ਉਨ੍ਹਾਂ ਨੂੰ ਕਾਲਜ ਛੱਡਣਾ ਪਿਆ। ਫਿਰ ਉਹ ਗੁਰਦੁਆਰਾ ਸੁਧਾਰ ਅੰਦੋਲਨ ਵਿਚ ਕੁੱਦ ਪਏ। ਛੇ ਸਤੰਬਰ 1921 ਈਸਵੀ ਨੂੰ ਉਨ੍ਹਾਂ ਗੁਰਦੁਆਰਾ 'ਤੇਜਾ' ਜ਼ਿਲ੍ਹਾ ਗੁਰਦਾਸਪੁਰ ਨੂੰ ਮਹੰਤਾਂ ਤੋਂ ਆਜ਼ਾਦ ਕਰਵਾਇਆ। ਉਨ੍ਹਾਂ ਨੇ ਆਪਣਾ 'ਸੁਤੰਤਰ ਜਥਾ' ਬਣਾਇਆ ਤੇ ਇਸ ਜਥੇ ਦੀ ਅਗਵਾਈ ਕਰਕੇ "ਤੇਜਾ ਵੀਹਲਾ" ਪਿੰਡ ਦਾ ਗੁਰਦੁਆਰਾ ਆਜ਼ਾਦ ਕਰਵਾਇਆ। ਇਸ ਦਿਨ ਤੋਂ ਸਮੁੰਦ ਸਿੰਘ, ਤੇਜਾ ਮਹੰਤਾਂ ਤੋਂ ਗੁਰਦੁਆਰੇ ਸੁਤੰਤਰ ਕਰਾਉਣ ਕਾਰਨ, 'ਤੇਜਾ ਸਿੰਘ ਸੁਤੰਤਰ' ਬਣ ਗਿਆ।



ਉਹ ਸ਼੍ਰੋਮਣੀ ਕਮੇਟੀ ਦੇ ਮੈਂਬਰ ਵੀ ਰਹੇ। ਉਨ੍ਹਾਂ ਨੇ ਗੁਰਦਾਸਪੁਰ ਜ਼ਿਲ੍ਹੇ ਦਾ ਗੁਰਦੁਆਰਾ 'ਓਠੀਆਂ' ਵੀ ਆਜ਼ਾਦ ਕਰਵਾਇਆ ਅਤੇ 'ਗੁਰੂ ਕਾ ਬਾਗ਼' ਮੋਰਚਾ ਵਿੱਚ ਵੀ ਹਿੱਸਾ ਲਿਆ। ਉਹ ਸੰਨ 1923 ਵਿਚ ਧਰਮ ਪ੍ਰਚਾਰ ਲਈ ਕਾਬਲ ਚਲੇ ਗਏ। ਉਥੇ ਉਨ੍ਹਾਂ ਦੀ ਮੁਲਾਕਾਤ ਗ਼ਦਰੀ ਆਗੂਆਂ ਭਾਈ ਰਤਨ ਸਿੰਘ ਚੱਬਾ ਊਧਮ ਸਿੰਘ ਕਸੇਲ, ਸੰਤੋਖ ਸਿੰਘ ਤੇ ਗੁਰਮੁੱਖ ਸਿੰਘ ਆਦਿ ਨਾਲ ਹੋਈ। ਉਹ ਆਜ਼ਾਦ ਬੇਗ ਨਾਂ ਹੇਠ ਤੁਰਕੀ ਗਏ ਤੇ ਉਥੋਂ ਦੀ ਫ਼ੌਜ ਵਿੱਚ ਅਫ਼ਸਰ ਵੀ ਰਹੇ। ਉਹ ਬਰਲਿਨ ਵੀ ਗਏ। ਉਨ੍ਹਾਂ ਨੇ ਸਾਰੇ ਯੂਰਪ ਦੀ ਯਾਤਰਾ ਕੀਤੀ। ਅਮਰੀਕਾ ਵਿੱਚ ਉਨ੍ਹਾਂ ਨੇ ਭਾਰਤੀਆਂ ਨੂੰ ਕਰਾਂਤੀ ਲਈ ਸਰਗਰਮ ਕੀਤਾ। ਫਿਰ ਉਹ 1932 ਵਿੱਚ ਉੱਤਰੀ ਅਮਰੀਕਾ ਛੱਡ ਕੇ ਮੈਕਸੀਕੋ, ਕਿਊਬਾ, ਪਾਨਾਮਾ, ਅਰਜਨਟਾਈਨਾ ਤੇ ਬਰਾਜ਼ੀਲ ਵੀ ਗਏ ਜਿੱਥੇ ਉਹ ਅਜੀਤ ਸਿੰਘ ਨੂੰ ਮਿਲੇ। ਫਿਰ ਉਹ ਰੂਸ ਦੇ ਸ਼ਹਿਰ ਮਾਸਕੋ ਗਏ। ਉਥੇ ਉਨ੍ਹਾਂ ਕੁਤਬ ਯੂਨੀਵਰਸਿਟੀ ਵਿੱਚ ਦਾਖ਼ਲਾ ਲਿਆ। ਏਥੇ ਉਨ੍ਹਾਂ ਦੀ ਮੁਲਾਕਾਤ 'ਹੋਚੀ ਮਿਨ੍ਹ' ਨਾਲ ਵੀ ਹੋਈ ਜੋ ਮਗਰੋਂ 'ਵੀਅਤਨਾਮ' ਦਾ ਉੱਘਾ ਸੁਤੰਤਰਤਾ ਸੰਗਰਾਮੀਆ ਬਣਿਆ। ਸਾਧੂ ਭੇਸ ਵਿੱਚ ਉਨ੍ਹਾਂ ਆਪਣੀ ਵਿਚਾਰਧਾਰਾ ਦਾ ਪ੍ਰਚਾਰ ਕੀਤਾ। ਉਨ੍ਹਾਂ ਨੂੰ 16 ਜਨਵਰੀ 1936 ਨੂੰ ਗ੍ਰਿਫ਼ਤਾਰ ਕਰਕੇ ਕੈਂਬਲਪੁਰ ਜੇਲ੍ਹ ਭੇਜਿਆ ਗਿਆ ਜਿੱਥੇ ਉਹ ਛੇ ਸਾਲ ਬੰਦ ਰਹੇ। ਜੇਲ੍ਹ ਵਿਚ ਹੀ ਉਨ੍ਹਾਂ ਗਿਆਨੀ ਤੇ ਪੰਜਾਬ ਯੂਨੀਵਰਸਿਟੀ ਲਾਹੌਰ ਤੋਂ ਬੀ.ਏ. ਦੀ ਪ੍ਰੀਖਿਆ ਪਾਸ ਕੀਤੀ। ਉਹ ਸੰਨ 1937 ਵਿੱਚ ਕੈਦ ਦੌਰਾਨ ਕਾਂਗਰਸ ਪਾਰਟੀ ਦੇ ਨਾਮਜ਼ਦ ਮੈਂਬਰ ਵਜੋਂ ਪੰਜਾਬ ਵਿਧਾਨ ਸਭਾ ਲਈ ਚੁਣੇ ਗਏ। ਸੰਨ1942 ਵਿੱਚ ਉਹ ਸਰਬ ਭਾਰਤੀ ਕਿਸਾਨ ਸਭਾ ਦੇ ਮੀਤ ਪ੍ਰਧਾਨ ਚੁਣੇ ਗਏ। ਸੰਨ 1944 ਤੋਂ 1947 ਤੱਕ ਉਹ ਕਮਿਊਨਿਸਟ ਪਾਰਟੀ ਦੇ ਸਕੱਤਰ ਰਹੇ।

ਉਨ੍ਹਾਂ ਨੇ ਸੰਨ 1948 ਵਿੱਚ "ਲਾਲ ਪਾਰਟੀ" ਦੀ ਨੀਂਹ ਰੱਖ ਕੇ ਮਜ਼ਦੂਰਾਂ ਦੇ ਹੱਕਾਂ ਲਈ ਜ਼ੋਰਦਾਰ ਆਵਾਜ਼ ਉਠਾਈ। ਸਰਕਾਰ ਨੇ ਉਨ੍ਹਾਂ ਦੀ ਗ੍ਰਿਫ਼ਤਾਰੀ ਲਈ ਵਾਰੰਟ ਜਾਰੀ ਕਰ ਦਿੱਤੇ ਪਰ ਉਹ ਰੂਪੋਸ਼ ਹੋ ਗਏ। ਰੂਪੋਸ਼ੀ ਮਗਰੋਂ ਉਹ ਸੰਨ 1963 ਵਿਚ ਲੋਕਾਂ ਵਿਚ ਆਏ।

ਤੇਜਾ ਸਿੰਘ ਨੇ ਉਰਦੂ ਵਿਚ 'ਲਾਲ ਝੰਡਾ' ਤੇ ਪੰਜਾਬੀ ਵਿਚ 'ਲਾਲ ਸਵੇਰਾ' ਹਫ਼ਤਾਵਾਰੀ ਸੰਪਾਦਿਤ ਕੀਤੇ। ਸੰਨ 1971 ਵਿਚ ਉਹ ਲੋਕ ਸਭਾ ਦੇ ਮੈਂਬਰ ਚੁਣੇ ਗਏ। 12 ਅਪਰੈਲ, 1973 ਨੂੰ ਸੰਸਦ ਵਿਚ ਤਕਰੀਰ ਕਰਦਿਆਂ ਉਹ ਬੇਹੋਸ਼ ਹੋ ਗਏ ਅਤੇ ਦਿਲ ਦੇ ਦੌਰੇ ਕਾਰਨ ਉਨ੍ਹਾਂ ਦੀ ਮੌਤ ਹੋ ਗਈ। ਉਹ ਬਹੁਤ ਵਧੀਆ ਵਕਤਾ ਅਤੇ ਗ਼ਰੀਬਾਂ, ਮਜ਼ਦੂਰਾਂ ਦੇ ਹਮਦਰਦ ਸਨ। ਉਨ੍ਹਾਂ ਨੇ ਆਪਣੇ ਜੀਵਨ ਦਾ ਇੱਕ-ਇੱਕ ਪਲ ਦੇਸ਼ ਸੇਵਾ ਦੇ ਲੇਖੇ ਲਾਇਆ। ਤੇਜਾ ਸਿੰਘ ਸੁਤੰਤਰ ਦੀ ਸੇਵਾ ਸਾਦਗੀ ਆਪਣੇ ਆਪ ਵਿਚ ਇਕ ਮਿਸਾਲ ਹੈ।

## ਰੱਖਿਓ ਤੁਸੀਂ ਖਿਆਲ !

**-ਸ਼ੇਰ ਸਿੰਘ ਕੰਵਲ**

ਨੀ ਧੀਓ
ਨੀ ਕੁੜੀਓ ਚਿੜੀਓ
ਰੱਖਿਓ ਕੁੜੇ ਖਿਆਲ।
ਚਤੁਰ ਸ਼ਿਕਾਰੀ ਥਾਂ ਥਾਂ ਬੈਠੇ
ਲਾ ਕੇ ਚੰਦਰੇ ਜਾਲ।
ਸ਼ਹਿਰ ਨਹੀਂ ਇਹ
ਹੁਣ ਹੈ ਜੰਗਲ
ਦਹਿਸ਼ਤ ਪੈ ਗਈ
ਘਟ ਗਏ ਮੰਗਲ।
ਸੱਚ ਨੂੰ ਫ਼ਾਹੀਆਂ
ਸੱਚ ਨੂੰ ਸੰਗਲ।
ਨਸ਼ਿਆਂ ਨੇ ਹੈ ਖਾ ਲਈ ਧਰਤੀ
ਥਾਂ ਥਾਂ ਹੁੰਦੀ ਹਾਲ ਪੁਕਾਰ।
ਕੌਣ ਜੁ ਇਸ ਦੇ ਪਰਦੇ ਕੱਜੇ ?
ਥਾਂ ਥਾਂ ਇੱਜ਼ਤ ਹੋਏ ਲੰਗਾਰ।
ਅੱਜ ਮਲਾਹਾਂ ਕੁੜੀਓ ਚਿੜੀਓ
ਸ਼ਹੁ ਸਾਗਰ ਵਿਚ ਬੇੜੀ ਰੋੜੀ।
ਕਿਰਤੀ ਕਾਮਾ ਰੁੜਿਆ ਜਾਵੇ।
ਰੋੜ ਰਹੇ ਹਨ ਮੋਹਰੀ ਕੋਹੜੀ।
ਨੀ ਬੱਚੀਓ! ਤੁਸੀਂ ਬਚ ਕੇ ਉਡਣਾ
ਆਪਣੇ ਖੰਭ ਨਿਰੋਏ ਰੱਖਣੇ।
ਤੁਸਾਂ ਦੀ ਦੌਲਤ ਵਿਚ ਜੱਗ ਵਸਦਾ
ਤੁਸਾਂ ਬਾਝ ਜੱਗ ਅੰਬਰ ਸੱਖਣੇ।
ਨੀ ਧੀਓ
ਨੀ ਕੁੜੀਓ ਚਿੜੀਓ
ਰੱਖਿਓ, ਕੁੜੇ ਖਿਆਲ।
ਥਾਂ ਥਾਂ ਚਤੁਰ ਸ਼ਿਕਾਰੀ ਏਥੇ
ਥਾਂ ਥਾਂ ਲੱਗੇ ਜਾਲ।
ਗੁਰੂਆਂ ਪੀਰਾਂ ਦੀ ਇਹ ਧਰਤੀ
ਰੱਖਿਓ ਤੁਸੀਂ ਸੰਭਾਲ।
ਇਹ ਜੱਗ ਵਸਦਾ ਤੁਸਾਂ ਸਹਾਰੇ
ਇਹ ਜੱਗ ਵਸਦਾ ਥੋੜੇ ਨਾਲ!

# ਪਰਵਾਸੀ ਭਾਰਤੀਆਂ 'ਤੇ ਵਿਆਹਾਂ ਸਬੰਧੀ ਝਗੜਿਆਂ ਦੇ 446 ਮਾਮਲੇ ਦਰਜ

## *ਲੜਕੀਆਂ ਵੱਲੋਂ ਵਿਆਹ ਤੋੜਨ ਦੇ ਮਾਮਲਿਆਂ ਵਿਚ ਵੀ ਵਾਧਾ*

**ਚੰਡੀਗੜ੍ਹ/ਏਟੀ ਨਿਊਜ਼ :** ਪੰਜਾਬ ਵਿਚ ਪਰਵਾਸੀ ਭਾਰਤੀਆਂ ਨਾਲ ਸਬੰਧਿਤ ਅਪਰਾਧਾਂ ਦੇ ਮਾਮਲਿਆਂ ਵਿਚ ਵਿਆਹਾਂ ਸਬੰਧੀ ਝਗੜਿਆਂ ਨੇ ਹੁਣ ਪਹਿਲੀ ਥਾਂ ਲੈ ਲਈ ਹੈ। ਪੰਜਾਬ ਪੁਲੀਸ ਵੱਲੋਂ ਐਨਆਰਆਈ ਥਾਣਿਆਂ ਵਿਚ 2013 ਤੋਂ ਲੈ ਕੇ ਮਾਰਚ 2019 ਤੱਕ ਦੇ ਸਮੇਂ ਦੌਰਾਨ ਪਰਵਾਸੀ ਭਾਰਤੀਆਂ ਨਾਲ ਸਬੰਧਿਤ ਅਪਰਾਧਾਂ ਦੇ ਜੋ ਮਾਮਲੇ ਦਰਜ ਕੀਤੇ ਗਏ ਹਨ, ਉਨ੍ਹਾਂ ਮੁਤਾਬਕ ਇਸ ਸਮੇਂ ਦੌਰਾਨ ਵਿਆਹਾਂ ਸਬੰਧੀ ਝਗੜਿਆਂ ਦੇ 446 ਮਾਮਲੇ ਦਰਜ ਕੀਤੇ ਗਏ। ਜਾਇਦਾਦ ਸਬੰਧੀ ਦਰਜ ਕੀਤੇ ਗਏ ਮਾਮਲਿਆਂ ਦੀ ਗਿਣਤੀ 270 ਅਤੇ ਹੋਰ ਅਪਰਾਧਕ ਮਾਮਲਿਆਂ ਦੀ ਗਿਣਤੀ 358 ਹੈ।

ਐਨਆਰਆਈ ਵਿੰਗ ਨਾਲ ਜੁੜੇ ਸੀਨੀਅਰ ਅਧਿਕਾਰੀਆਂ ਦਾ ਦੱਸਣਾ ਹੈ ਕਿ ਵਿਆਹ ਸਬੰਧੀ ਅਪਰਾਧ ਆਮ ਤੌਰ 'ਤੇ ਵਿਦੇਸ਼ੀ ਧਰਤੀ 'ਤੇ ਹੋਇਆ ਹੁੰਦਾ ਹੈ ਪਰ ਲੜਕੀ ਦੇ ਪਰਿਵਾਰ ਵੱਲੋਂ ਪੰਜਾਬ ਵਿਚ ਪਰਚਾ ਦਰਜ ਕਰਾਉਣ ਦੇ ਯਤਨ ਕੀਤੇ ਜਾਂਦੇ ਹਨ। ਵਿਦੇਸ਼ੀ ਕਾਨੂੰਨ ਮੁਤਾਬਕ ਦਹੇਜ ਲੈਣਾ ਅਪਰਾਧਿਕ ਸ਼੍ਰੇਣੀ ਵਿੱਚ ਨਹੀਂ ਆਉਂਦਾ ਤੇ ਕੈਨੇਡਾ ਆਦਿ ਮੁਲਕਾਂ ਵਿੱਚ ਦਹੇਜ ਦੇ ਮਾਮਲੇ 'ਤੇ ਦੀਵਾਨੀ ਮਾਮਲਾ ਦਾਇਰ ਕਰਨਾ ਪੈਂਦਾ ਹੈ। ਵਿਦੇਸ਼ ਤੋਂ ਵਾਪਸ ਬੁਲਾਉਣ ਲਈ ਲੜਕੇ ਦੇ ਪਰਿਵਾਰ ਅਤੇ ਲੜਕੇ 'ਤੇ ਧੋਖਾਧੜੀ ਦੀ ਧਾਰਾ 420 ਤਹਿਤ ਮਾਮਲਾ ਦਰਜ ਕਰਾਉਣ ਲਈ ਦਬਾਅ ਪਾਇਆ ਜਾਂਦਾ ਹੈ। ਐਨਆਰਆਈ ਵਿੰਗ ਤੋਂ ਹਾਸਲ ਤੱਥਾਂ ਮੁਤਾਬਕ ਪੁਲੀਸ ਵੱਲੋਂ 2016 ਵਿੱਚ 135 ਲੁਕ ਆਊਟ ਨੋਟਿਸ ਜਾਰੀ ਕੀਤੇ ਗਏ। ਸਾਲ 2017 ਵਿੱਚ ਐਲ.ਓ.ਸੀ. ਦੀ ਗਿਣਤੀ ਵਧ ਕੇ 250 ਹੋ ਗਈ ਤੇ 2018 ਵਿੱਚ 310 ਤੱਕ ਪਹੁੰਚ ਗਈ। ਇਸੇ ਤਰ੍ਹਾਂ ਸਾਲ 2019 ਦੌਰਾਨ ਹੁਣ ਤੱਕ 95 ਮਾਮਲਿਆਂ ਵਿੱਚ ਐਲ.ਓ.ਸੀ ਜਾਰੀ ਕੀਤੇ ਜਾ ਚੁੱਕੇ ਹਨ। ਅਦਾਲਤਾਂ ਵੱਲੋਂ ਪਰਵਾਸੀਆਂ ਨੂੰ ਭਗੌੜੇ ਕਰਾਰ ਦੇਣ ਦੇ ਮਾਮਲੇ 'ਤੇ ਨਜ਼ਰ ਮਾਰੀ ਜਾਵੇ ਤਾਂ ਪਤਾ ਲੱਗਦਾ ਹੈ ਕਿ ਸਾਲ 2016 ਵਿੱਚ 48, 2017 ਵਿੱਚ 41, 2018 ਵਿੱਚ 47 ਤੇ 2019 ਵਿੱਚ 2 ਪਰਵਾਸੀਆਂ ਨੂੰ ਭਗੌੜੇ ਕਰਾਰ ਦਿੱਤਾ ਜਾ ਚੁੱਕਾ ਹੈ। ਭਗੌੜੇ ਕਰਾਰ ਦਿੱਤੇ ਜਾਂਦੇ ਪਰਵਾਸੀਆਂ ਨੂੰ ਬੇਹੱਦ ਪ੍ਰੇਸ਼ਾਨ ਕਰਨ ਵਾਲੀ ਕਾਨੂੰਨੀ ਪ੍ਰਕਿਰਿਆ ਵਿੱਚੋਂ ਲੰਘਣਾ ਪੈਂਦਾ ਹੈ। ਪੁਲੀਸ ਦੇ ਸੀਨੀਅਰ ਅਧਿਕਾਰੀਆਂ ਦਾ ਦੱਸਣਾ ਹੈ ਕਿ ਸੂਬੇ ਵਿੱਚੋਂ ਜਿਸ ਤਰ੍ਹਾਂ ਮੁੰਡੇ ਅਤੇ ਕੁੜੀਆਂ ਪੜ੍ਹਨ ਜਾਂ ਵਿਆਹ ਦੇ ਆਧਾਰ 'ਤੇ ਵਿਦੇਸ਼ ਜਾ ਰਹੇ ਹਨ ਉਸ ਮੁਤਾਬਕ ਵਿਆਹਾਂ ਸਬੰਧੀ ਝਗੜਿਆਂ ਦੇ ਮਾਮਲੇ ਨਿੱਤ ਦਿਨ ਵਧ ਰਹੇ ਹਨ। ਤਫ਼ਤੀਸ਼ ਦੌਰਾਨ ਇਹ ਤੱਥ ਵੀ ਸਾਹਮਣੇ ਆਏ ਹਨ ਕਿ ਵਿਦੇਸ਼ ਜਾਣ ਤੋਂ ਬਾਅਦ ਲੜਕੀਆਂ ਵੱਲੋਂ ਲੜਕਿਆਂ ਦਾ ਸ਼ੋਸ਼ਣ ਕਰਨ ਅਤੇ ਧੋਖਾ ਦੇਣ ਦੇ ਮਾਮਲੇ ਵੀ ਵਧ ਰਹੇ ਹਨ। ਅਧਿਕਾਰੀਆਂ ਦਾ ਦੱਸਣਾ ਹੈ ਕਿ ਲੜਕੀਆਂ ਵੱਲੋਂ ਵਿਦੇਸ਼ ਜਾਣ ਤੋਂ ਬਾਅਦ ਵਿਆਹ ਤੋੜ ਦੇਣ ਦੀਆਂ ਸ਼ਿਕਾਇਤਾਂ ਕਾਫ਼ੀ ਆਉਣ ਲੱਗੀਆਂ ਹਨ। ਆਈਲਟਸ ਪਾਸ ਲੜਕੀਆਂ 'ਤੇ ਖ਼ਰਚ ਤਾਂ ਮੁੰਡੇ ਵੱਲੋਂ ਕੀਤਾ ਜਾਂਦਾ ਹੈ ਪਰ ਵਿਦੇਸ਼ ਜਾਣ ਤੋਂ ਬਾਅਦ ਲੜਕੀ ਵੱਲੋਂ ਨਵੀਂ ਵਿਆਹੁਤਾ ਜ਼ਿੰਦਗੀ ਸ਼ੁਰੂ ਕਰਨ ਦੇ ਯਤਨ ਕੀਤੇ ਜਾਂਦੇ ਹਨ ਤਾਂ ਨੌਬਤ ਝਗੜੇ ਦੀ ਆ ਜਾਂਦੀ ਹੈ।

## ਨਵੀਂ ਇਮੀਗ੍ਰੇਸ਼ਨ ਯੋਜਨਾ ਤਹਿਤ ਹਜ਼ਾਰਾਂ ਪ੍ਰਵਾਸੀ ਕੈਨੇਡਾ ਆ ਸਕਣਗੇ

**ਟੋਰਾਂਟੋ/ਏਟੀ ਨਿਊਜ਼ :** ਕੈਨੇਡੀਅਨ ਸਰਕਾਰ ਨੇ ਕੈਨੇਡਾ ਦੇ ਐਗਰੀ-ਫੂਡ ਸੈਕਟਰ ਦੇ ਵਿਕਾਸ ਦੇ ਸਮਰਥਨ ਲਈ ਤਿਆਰ ਕੀਤੀ ਗਈ ਤਿੰਨ ਸਾਲ ਦੀ ਨਵੀਂ ਇਮੀਗ੍ਰੇਸ਼ਨ ਯੋਜਨਾ ਦੀ ਘੋਸ਼ਣਾ ਕੀਤੀ ਹੈ ਜਿਸ ਨਾਲ ਸੈਂਕੜੇ ਪ੍ਰਵਾਸੀਆਂ ਨੂੰ ਕੈਨੇਡਾ ਆਉਣ ਦਾ ਮੌਕਾ ਮਿਲੇਗਾ। ਸੂਤਰਾਂ ਨੇ ਦੱਸਿਆ ਕਿ ਕੈਨੇਡੀਅਨ ਸਰਕਾਰ ਦੁਆਰਾ ਤਿੰਨ ਸਾਲਾ ਐਗਰੀ-ਫੂਡ ਇੰਮੀਗ੍ਰੇਸ਼ਨ ਪਾਇਲਟ ਪ੍ਰਾਜੈਕਟ ਤਿਆਰ ਕੀਤਾ ਗਿਆ ਹੈ ਜੋ ਪ੍ਰਵਾਸੀਆਂ ਲਈ ਪੀਆਰ. ਦਾ ਰਾਹ ਵੀ ਸਿੱਧਾ ਕਰੇਗਾ। ਕੈਨੇਡੀਅਨ ਮੀਟ ਕੌਂਸਲ ਨੇ ਤਜਵੀਜ਼ਸ਼ੁਦਾ ਯੋਜਨਾ ਦਾ ਸਵਾਗਤ ਕਰਦਿਆਂ ਕਿਹਾ ਕਿ ਇਸ ਕਿਸਮ ਦੀ ਯੋਜਨਾ ਬਾਰੇ ਲੰਮੇ ਸਮੇਂ ਤੋਂ ਆਵਾਜ਼ ਉਠਾਈ ਜਾ ਰਹੀ ਸੀ ਤਾਂ ਕਿ ਮੀਟ ਪ੍ਰੋਸੈਸਿੰਗ ਦੇ ਖੇਤਰ ਵਿਚ ਕਿਰਤੀਆਂ ਦੀ ਕਿੱਲਤ ਖ਼ਤਮ ਕੀਤੀ ਜਾ ਸਕੇ। ਕੌਂਸਲ ਮੁਤਾਬਕ ਸਥਾਈ ਯੋਜਨਾ ਆਉਣ ਮਗਰੋਂ ਮੀਟ ਪ੍ਰੋਸੈਸਿੰਗ ਖੇਤਰ ਨੂੰ ਆਰਜ਼ੀ ਵਿਦੇਸ਼ੀ ਕਾਮਿਆਂ 'ਤੇ ਨਿਰਭਰ ਨਹੀਂ ਰਹਿਣਾ ਪਵੇਗਾ। ਕੈਨੇਡੀਅਨ ਮੀਟ ਕੌਂਸਲ ਮੁਤਾਬਕ ਇਸ ਵੇਲੇ ਘੱਟੋ-ਘੱਟ 1700 ਕਾਮਿਆਂ ਦੀ ਜ਼ਰੂਰਤ ਹੈ ਜਦਕਿ 900 ਬੁੱਚਰਜ਼ ਪੀਆਰ. ਮਿਲਣ ਦੀ ਉਡੀਕ ਵਿਚ ਹਨ।

# ਇੰਗਲੈਂਡ ਤੋਂ ਉੱਠੀ ਬੀਬੀ ਪਰਮਜੀਤ ਕੌਰ ਖਾਲੜਾ ਦੇ ਹੱਕ ਵਿਚ ਆਵਾਜ਼

## *ਸਾਰੀਆਂ ਰਾਜਨੀਤਕ ਪਾਰਟੀਆਂ ਨੂੰ ਬੀਬੀ ਖਾਲੜਾ ਦਾ ਸਾਥ ਦੇਣਾ ਚਾਹੀਦੈ-ਗੁਰਤੇਜ ਸਿੰਘ ਪੰਨੂ*

**ਲੰਡਨ/ਮਨਦੀਪ ਖੁਰਮੀ :**

ਰਾਜਨੀਤਕ ਪਾਰਟੀਆਂ ਦੇ ਆਗੂ ਜਾਂ ਸਮਰਥਕ ਆਪਣੀ ਪਸੰਦੀਦਾ ਪਾਰਟੀ ਦੇ ਹੱਕ ਵਿਚ ਭੁਗਤਦੇ ਬਹੁਤ ਦੇਖੇ ਹੋਣਗੇ ਪਰ ਇਹ ਪਹਿਲੀ ਵਾਰ ਦੇਖਣ ਨੂੰ ਮਿਲ ਰਿਹਾ ਹੈ ਕਿ ਵੱਖੋ-ਵੱਖਰੀਆਂ ਪਾਰਟੀਆਂ ਦੇ ਸੁਭਚਿੰਤਕ ਵੀ ਬੀਬੀ ਪਰਮਜੀਤ ਕੌਰ ਖਾਲੜਾ ਦੇ ਹੱਕ ਵਿਚ ਨਿੱਤਰ ਰਹੇ ਹਨ। ਜ਼ਿਕਰਯੋਗ ਹੈ ਕਿ ਪੰਜਾਬ ਡੈਮੋਕ੍ਰੇਟਿਕ ਅਲਾਇੰਸ ਵੱਲੋਂ ਖਡੂਰ ਸਾਹਿਬ ਲੋਕ ਸਭਾ ਹਲਕੇ ਤੋਂ ਮਨੁੱਖੀ ਅਧਿਕਾਰਾਂ ਦੀ ਰਾਖੀ ਬਦਲੇ ਰਾਖ ਬਣਾ ਦਿੱਤੇ ਗਏ ਜਸਵੰਤ ਸਿੰਘ ਖਾਲੜਾ ਦੀ ਧਰਮ ਪਤਨੀ ਬੀਬੀ ਪਰਮਜੀਤ ਕੌਰ ਖਾਲੜਾ ਨੂੰ ਉਮੀਦਵਾਰ ਵਜੋਂ ਮੈਦਾਨ ਵਿਚ ਉਤਾਰਿਆ ਹੈ। ਇਸ ਫੈਸਲੇ ਨਾਲ ਜਿੱਥੇ ਵੱਖ-ਵੱਖ ਮਨੁੱਖੀ ਅਧਿਕਾਰ ਸੰਗਠਨਾਂ ਵੱਲੋਂ ਮੋਰਚੇ ਦੇ ਆਗੂਆਂ ਦਾ ਮੋਢਾ ਥਾਪੜਿਆ ਜਾ ਰਿਹਾ ਹੈ, ਉੱਥੇ ਸ. ਖਾਲੜਾ ਦੇ ਨਿਸ਼ਕਾਮ ਕਾਰਜਾਂ ਅਤੇ ਸ਼ਹਾਦਤ ਨੂੰ ਯਾਦ ਰੱਖਣ ਵਾਲੇ ਲੋਕ ਵੀ ਆਪਣੀ ਜ਼ਮੀਰ ਦੀ ਆਵਾਜ਼ ਸੁਣ ਕੇ ਆਪ ਮੁਹਾਰੇ ਬੀਬੀ ਖਾਲੜਾ ਦੇ ਸਮਰਥਨ ਵਿਚ ਹਲਕੇ ਦੇ ਲੋਕਾਂ ਨੂੰ ਬੇਨਤੀਆਂ ਕਰ ਰਹੇ ਹਨ। ਇੰਗਲੈਂਡ ਦੇ ਸ਼ਹਿਰ ਗ੍ਰੇਵਜੈਂਡ ਵਸਦੇ ਨੌਜਵਾਨ ਆਗੂ ਗੁਰਤੇਜ ਸਿੰਘ ਪੰਨੂ ਨਾ ਸਿਰਫ ਪਹਿਲਾਂ ਅਕਾਲੀ ਦਲ (ਬ) ਦੇ ਸਮਰਥਕ ਸਨ, ਸਗੋਂ ਹੁਣ ਨਵੇਂ ਬਣੇ ਟਕਸਾਲੀ ਅਕਾਲੀ ਦਲ ਦੇ ਵੀ ਨੇੜੇ ਸਨ। ਉਹਨਾਂ ਰਾਜਨੀਤਕ ਆਗੂਆਂ ਨਾਲ ਲਿਹਾਜਬਾਜ਼ੀ ਨੂੰ ਪਾਸੇ ਰੱਖ ਕੇ ਬੀਬੀ ਪਰਮਜੀਤ ਕੌਰ ਖਾਲੜਾ ਜੀ ਦੇ ਹੱਕ ਵਿਚ ਆਵਾਜ਼ ਬੁਲੰਦ ਕੀਤੀ ਹੋਈ ਹੈ। ਇਸ ਪੱਤਰਕਾਰ ਨਾਲ ਗੱਲਬਾਤ ਕਰਦਿਆਂ ਗੁਰਤੇਜ ਸਿੰਘ ਪੰਨੂ ਨੇ ਕਿਹਾ ਕਿ ਲਾਸ਼ਾਂ ਵਿਚ ਤਬਦੀਲ ਕਰ ਦਿੱਤੇ ਗਏ ਪੰਜਾਬ ਦੇ ਪੁੱਤ ਚਾਹੇ ਸਿੱਖ ਸਨ ਜਾਂ ਗੈਰ-ਸਿੱਖ ਪਰ ਸ. ਜਸਵੰਤ ਸਿੰਘ ਖਾਲੜਾ ਨੇ ਉਹਨਾਂ ਨੂੰ ਪੰਜਾਬ ਦੇ ਪੁੱਤ ਸਮਝ ਕੇ ਉਹਨਾਂ ਦੇ ਹੱਕ ਵਿਚ ਨਿੱਤਰੇ। ਉਹਨਾਂ ਨੇ ਗੁਆਚੇ ਪੁੱਤਾਂ ਦੇ ਮੁੜ ਪਰਤ ਆਉਣ ਦੀ ਉਡੀਕ ਵਿਚ ਬੈਠੇ ਮਾਪਿਆਂ ਨੂੰ ਇਨਸਾਫ ਦੁਆਉਣ ਲਈ ਹੀ ਆਪਣੇ ਐਸ਼ੋ-ਆਰਾਮ ਨੂੰ ਤਿਲਾਂਜਲੀ ਦਿੱਤੀ ਸੀ। ਮਾਨਵੀ ਅਧਿਕਾਰਾਂ ਦੀ ਰਾਖੀ ਹਿੱਤ ਹੀ ਬੀਬੀ ਪਰਮਜੀਤ ਕੌਰ ਖਾਲੜਾ ਨੂੰ ਸਦਾ-ਸਦਾ ਲਈ ਚਿੱਟੀ ਚੁੰਨੀ ਨਾਲ ਸਿਰ ਢਕਣਾ ਪਿਆ। ਉਹਨਾਂ ਕਿਹਾ ਕਿ ਬੇਸ਼ੱਕ ਹੁਣ ਤਕ ਵੱਖ-ਵੱਖ ਪਾਰਟੀਆਂ ਅਜਿਹੇ ਮਸਲਿਆਂ ਉੱਪਰ ਸਿਆਸਤ ਖੇਡਦੀਆਂ ਆਈਆਂ ਹਨ ਪਰ ਅੱਜ ਤਕ ਖਾਲੜਾ ਪਰਿਵਾਰ ਨੂੰ ਅੱਗੇ ਨਾ ਆਉਣ ਦਿੱਤਾ ਗਿਆ। ਮੋਰਚੇ ਦੀ ਸਮੁੱਚੀ ਲੀਡਰਸ਼ਿਪ ਇਸ ਫੈਸਲੇ ਲਈ ਵਧਾਈ ਦੀ ਪਾਤਰ ਹੈ। ਸਾਡਾ ਸਮੂਹ ਪੰਜਾਬੀਆਂ ਦਾ ਫਰਜ਼ ਬਣਦੈ ਕਿ ਉਹ ਖਡੂਰ ਸਾਹਿਬ ਹਲਕੇ ਅੰਦਰ ਵਸਦੇ ਆਪਣੇ ਦੋਸਤਾਂ, ਰਿਸ਼ਤੇਦਾਰਾਂ ਨੂੰ ਨਿਮਰਤਾ ਸਹਿਤ ਬੇਨਤੀ ਕਰਕੇ ਬੀਬੀ ਖਾਲੜਾ ਦੇ ਹੱਕ ਵਿਚ ਨਿੱਤਰਨ ਦੀ ਅਪੀਲ ਕਰਨ।



## ਟਕਸਾਲੀ ਅਕਾਲੀ ਹੋਏ ਬੀਬੀ ਖਾਲੜਾ ਦੇ ਵਿਰੁੱਧ

### *ਜੇਜੇ ਸਿੰਘ ਬੋਲਿਆ, ਬੀਬੀ ਖਾਲੜਾ ਦਾ ਨਾਂਅ ਵਰਤ ਕੇ ਖਹਿਰਾ ਇਕੱਠਾ ਕਰ ਰਿਹਾ ਵਿਦੇਸ਼ੀ ਫੰਡ*

**ਅੰਮ੍ਰਿਤਸਰ/ਏਟੀ ਨਿਊਜ਼ :** ਜਨਰਲ ਜੇਜੇ ਸਿੰਘ ਨੇ ਦਾਅਵਾ ਕੀਤਾ ਹੈ ਕਿ ਸੁਖਪਾਲ ਸਿੰਘ ਖਹਿਰਾ ਵਿਦੇਸ਼ਾਂ ਤੋਂ ਫੰਡ ਇਕੱਠੇ ਕਰਨ ਲਈ ਬੀਬੀ ਪਰਮਜੀਤ ਕੌਰ ਖਾਲੜਾ ਦੇ ਨਾਂ ਦਾ ਇਸਤੇਮਾਲ ਕਰ ਰਹੇ ਹਨ। ਉਨ੍ਹਾਂ ਇਹ ਵੀ ਦਾਅਵਾ ਕੀਤਾ ਹੈ ਕਿ ਵਿਦੇਸ਼ਾਂ ਵਿੱਚ ਵੀ ਕੁਝ ਲੋਕ ਚੋਣ ਲੜਨ ਦੇ ਉਨ੍ਹਾਂ ਦੇ ਫੈਸਲੇ ਤੋਂ ਨਾਰਾਜ਼ ਹਨ। ਜੇਜੇ ਸਿੰਘ ਨੇ ਚੋਣ ਮੈਦਾਨ ਵਿਚੋਂ ਪਿਛਾਂਹ ਹਟਣ ਤੋਂ ਵੀ ਇਨਕਾਰ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਨਾਂ ਦਾ ਐਲਾਨ ਬੀਬੀ ਖਾਲੜਾ ਦੇ ਨਾਂ ਤੋਂ ਪਹਿਲਾਂ ਹੋਇਆ ਸੀ। ਉਨ੍ਹਾਂ ਕਿਹਾ ਕਿ ਬੀਬੀ ਖਾਲੜਾ ਵਾਂਗ ਉਹ ਵੀ ਇੱਕ ਪੰਥਕ ਚਿਹਰਾ ਹਨ। ਟਕਸਾਲੀ ਲੀਡਰ ਰਣਜੀਤ ਸਿੰਘ ਬ੍ਰਹਮਪੁਰਾ ਨੇ ਵੀ ਜਨਰਲ ਜੇਜੇ ਸਿੰਘ ਨੂੰ ਚੋਣ ਮੈਦਾਨ ਵਿੱਚੋਂ ਬਾਹਰ ਕਰਨ ਲਈ ਸਪਸ਼ਟ ਰੂਪ ਤੋਂ ਮਨ੍ਹਾ ਕਰ ਦਿੱਤਾ ਹੈ।

## ਭਾਰਤ 'ਚ ਅਗਲੀ ਮਰਦਮਸ਼ੁਮਾਰੀ 2021 ਦੌਰਾਨ ਹੋਵੇਗੀ

**ਨਵੀਂ ਦਿੱਲੀ/ਏਟੀ ਨਿਊਜ਼ :** ਭਾਰਤ ਵਿਚ ਅਗਲੀ ਮਰਦਮਸ਼ੁਮਾਰੀ ਸਾਲ 2021 ਵਿਚ ਕੀਤੀ ਜਾਵੇਗੀ। ਗ੍ਰਹਿ ਮੰਤਰਾਲੇ ਨੇ ਜਾਰੀ ਕੀਤੇ ਨੋਟੀਫਿਕੇਸ਼ਨ ਵਿਚ ਕਿਹਾ ਕਿ ਜੰਮੂ ਕਸ਼ਮੀਰ ਸੂਬੇ ਅਤੇ ਹਿਮਾਚਲ ਪ੍ਰਦੇਸ਼ ਤੇ ਉੱਤਰਾਖੰਡ ਦੇ ਬਰਫ ਨਾਲ ਪ੍ਰਭਾਵਿਤ ਤੇ ਦੂਰ ਦਰਾਜ ਦੇ ਇਲਾਕਿਆਂ ਲਈ ਇਸ ਦੀ ਮਿਤੀ ਪਹਿਲੀ ਅਕਤੂਬਰ-2020 ਹੋਵੇਗੀ।

## ਮੋਦੀ ਦਾ ਦਾਅਵਾ 300 ਤੋਂ ਜ਼ਿਆਦਾ ਸੀਟਾਂ ਜਿੱਤਾਂਗੇ

**ਨਵੀਂ ਦਿੱਲੀ/ਏਟੀ ਨਿਊਜ਼ :** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਦਾਅਵਾ ਕਰਦਿਆਂ ਕਿਹਾ ਕਿ ਜਨਤਾ ਨੇ ਮੋਦੀ ਨੂੰ ਸਭ ਤੋਂ ਜ਼ਿਆਦਾ ਸੀਟਾਂ ਦੇਣ ਦਾ ਫ਼ੈਸਲਾ ਕਰ ਲਿਆ ਹੈ, ਨਤੀਜੇ ਨਿਸਚਿਤ ਹਨ। ਐਨਡੀਏ. ਦੀ 300 ਤੋਂ ਜ਼ਿਆਦਾ ਸੀਟਾਂ ਵਾਲੀ ਸਰਕਾਰ ਹੋਵੇਗੀ। ਇਕ ਟੀ. ਵੀ. ਚੈਨਲ ਨਾਲ ਗੱਲਬਾਤ ਕਰਦੇ ਹੋਏ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ 2019 ਦੀਆਂ ਚੋਣਾਂ ਵਿਚ ਮੇਰੇ ਸਾਹਮਣੇ ਕਿਸੇ ਦਾ ਆਉਣਾ ਸੰਭਵ ਨਹੀਂ ਹੈ। 2024 ਵਿਚ ਮੋਦੀ ਖ਼ਿਲਾਫ਼ ਕੋਈ ਵੀ ਮੈਦਾਨ ਵਿਚ ਹੋ ਸਕਦਾ ਹੈ।

## ਮਿੰਨੀ ਕਹਾਣੀ

# ਮੋਮਬੱਤੀ

**ਕੇਵਲ ਸਿੰਘ ਧਰਮਪੁਰਾ**
9878801561

ਮੇਰਾ ਸੁਭਾਗ ਕਿ ਮੈਂ ਇਸ ਵਾਰ ਪੰਜਵੀਂ ਜਮਾਤ ਦੀ ਪ੍ਰੀਖਿਆ ਦਾ ਸੁਪਰਡੈਂਟ ਬਣ ਗਿਆ। ਮੈਂ ਪਹਿਲਾ ਹੀ ਪੇਪਰ ਲੈਣ ਗਿਆ ਤਾਂ ਉਥੋਂ ਦੇ ਅਧਿਆਪਕਾਂ ਨੇ ਮੇਰਾ ਕਾਫੀ ਸਤਿਕਾਰ ਕੀਤਾ । ਸਤਿਕਾਰ ਦਾ ਅਰਥ ਤੁਸੀਂ ਸਮਝ ਹੀ ਚੁੱਕੇ ਹੋਵੋਗੇ। ਪੇਪਰ ਸ਼ੁਰੂ ਹੋਇਆ ਤਾਂ ਪੰਜ ਪਿੰਡਾਂ ਦੇ ਅਧਿਆਪਕ ਮੱਖੀਆਂ ਵਾਂਗ ਪ੍ਰੀਖਿਆ ਕੇਂਦਰ ਦੇ ਇਰਦ ਗਿਰਦ ਘੁੰਮਣ ਲੱਗੇ । ਕਿਉਂਕਿ ਇਹਨਾਂ ਪ੍ਰੀਖਿਆ ਕੇਂਦਰਾਂ ਤੇ ਕੋਈ ਉਡਣ ਦਸਤਾ ਨਹੀਂ ਆਉਂਦਾ ਤੇ ਨਾ ਹੀ ਪੁਲਿਸ ਜਾਂ ਫੌਜ ਦਾ ਪਹਿਰਾ ਹੁੰਦਾ ਹੈ। ਵਿਭਾਗ ਦੀਆਂ ਹਦਾਇਤਾਂ ਮੁਤਾਬਕ ਮੈਂ ਉਹਨਾਂ ਨੂੰ ਕਮਰਿਆਂ ਤੋਂ ਦੂਰ ਰਹਿਣ ਦੀ ਤਾਕੀਦ ਕੀਤੀ ਤੇ ਕਿਹਾ ਕਿ ਅਧਿਆਪਕ ਮੋਮਬੱਤੀ ਵਾਂਗ ਹੈ ਜੋ ਖੁਦ ਬਲ਼ ਕੇ ਰੌਸ਼ਨੀ ਕਰਦੀ ਹੈ। ਉਹ ਬੜੇ ਔਖੇ ਭਾਰੇ ਹੋਏ। ਅਗਲੇ ਦਿਨ ਗਣਿਤ ਦਾ ਪੇਪਰ ਸੀ। ਇੱਕ ਅਧਿਆਪਕ ਮੇਰੇ ਕੋਲ ਆਇਆ ਅਤੇ ਕਹਿਣ ਲੱਗਾ, "ਸਰ ਜੀ ਗੱਲ ਐਵੇਂ ਆ ਵੀ ਅਸੀਂ ਆਪਣੇ ਵੱਲੋਂ ਤਾਂ ਬਹੁਤ ਤਿਆਰੀ ਕਰਵਾਈ ਹੈ। ਪਰ ਤੁਸੀਂ ਬੱਚਿਆਂ ਨੂੰ ਰਕਮਾਂ ਵਾਲੇ ਸਬਾਲਾਂ ਵਾਰੇ ਐਨਾ ਕੁ ਦੱਸ ਦਿਓ ਵੀ ਕਿਹੜੇ ਸਬਾਲ ਦਾ ਕੀ ਕਰਨਾ ਹੈ; ਭਾਵ ਕਿ ਗੁਣਾਂ,ਭਾਗ ਜਾਂ ਜੋੜ। ਬਾਕੀ ਪੇਪਰ ਤਾਂ ਬੱਚੇ ਆਪੇ ਕਰ ਲੈਣਗੇ। " ਮੈਨੂੰ ਉਸ ਦੇ ਆਖਰੀ ਵਾਕ 'ਤੇ ਹਾਸੀ ਆ ਗਈ ਤੇ ਆਪੇ ਬਲ਼ ਕੇ ਰੌਸ਼ਨੀ ਕਰਨ ਵਾਲੀ ਮੋਮਬੱਤੀ ਦੇ ਵਿਹਲੜਪੁਣੇ ਉੱਤੇ ਗੁੱਸਾ ਵੀ।

## ਕਰਤਾਰਪੁਰ ਲਾਂਘਾ : ਮੋਦੀ ਸਰਕਾਰ ਨੇ ਖਾਲਿਸਤਾਨ ਦਾ ਬਹਾਨਾ ਬਣਾ ਕੇ ਪਾਕਿ ਨਾਲ ਰੋਕੀ ਗੱਲਬਾਤ

ਗੋਪਾਲ ਸਿੰਘ ਚਾਵਲਾ ਮੁਤਾਬਕ ਉਨ੍ਹਾਂ ਨੇ 'ਗੁਰੂ ਨਾਨਕ ਮਿਸ਼ਨ' ਅਤੇ 'ਗੁਰੂ ਗ੍ਰੰਥ ਸਾਹਿਬ ਸੇਵਾ ਜੱਥਾ' ਨਾਮ ਦੀਆਂ ਗ਼ੈਰ-ਸਰਕਾਰੀ ਜਥੇਬੰਦੀਆਂ ਬਣਾਉਣ ਤੋਂ ਬਾਅਦ 'ਪੰਜਾਬੀ ਸਿੱਖ ਸੰਗਤ' ਬਣਾਈ। 'ਪੰਜਾਬੀ ਸਿੱਖ ਸੰਗਤ' ਦਾ ਕੰਮ ਨਨਕਾਣਾ ਸਾਹਿਬ ਅਤੇ ਪੰਜਾ ਸਾਹਿਬ ਤੋਂ ਰੋਜ਼ਾਨਾ ਹੁਕਮਨਾਮਾ ਵੈੱਬਸਾਇਟ ਉੱਤੇ ਪਾਉਣਾ ਹੈ ਅਤੇ ਅਹਿਮ ਸਮਾਗਮ ਸਿੱਧੇ ਨਸ਼ਰ ਕੀਤੇ ਜਾਂਦੇ ਹਨ। ਉਹ ਨਨਕਾਣਾ ਸਾਹਿਬ ਦੇ ਦਰਸ਼ਨਾਂ ਲਈ ਆਉਣ ਵਾਲੀ ਸੰਗਤ ਨੂੰ ਐਂਬੂਲੈਂਸ ਅਤੇ ਵੀਲ੍ਹ ਚੇਅਰ ਦੀ ਸੇਵਾ ਮੁਹੱਈਆ ਕਰਵਾਉਂਦੇ ਹਨ। ਇਹ ਤਨਜੀਮ 1947 ਦੇ ਵਿਛੜੇ ਪਰਿਵਾਰਾਂ ਨੂੰ ਮਿਲਾਉਣ ਦਾ ਉਪਰਾਲਾ ਕਰਦੀ ਹੈ।

ਹਾਫ਼ਿਜ਼ ਸਈਦ ਨਾਲ ਗੋਪਾਲ ਦਾ ਰਿਸ਼ਤਾ : ਉਹ ਹਾਫ਼ਿਜ਼ ਸਈਦ ਨਾਲ ਆਪਣੇ ਰਿਸ਼ਤਿਆਂ ਬਾਬਤ ਸੁਆਲ ਦਾ ਜੁਆਬ ਇੰਝ ਦਿੰਦੇ ਹਨ, "ਪਾਕਿਸਤਾਨ ਵਿੱਚ ਉਨ੍ਹਾਂ ਨੂੰ ਹਾਫ਼ਿਜ਼ ਸਈਦ ਸਾਹਿਬ ਕਹਿੰਦੇ ਹਨ। ਉਹ ਪਾਕਿਸਤਾਨ ਦੇ ਸ਼ਹਿਰੀ ਹਨ ਅਤੇ ਉਨ੍ਹਾਂ ਦੀ ਤਨਜੀਮ ਫਲਾਇ-ਇਨਸਾਨੀਅਤ ਸਾਰੇ ਪਾਕਿਸਤਾਨ ਵਿੱਚ ਐਂਬੂਲੈਂਸ ਦੀ ਸਹੂਲਤ ਦਿੰਦੀ ਹੈ। ਪਾਕਿਸਤਾਨ ਵਿੱਚ ਸਿੰਧ ਸੂਬੇ ਵਿੱਚ ਥਾਰ ਦਾ ਇਲਾਕਾ ਹੈ ਜਿੱਥੇ ਹਿੰਦੂ ਆਬਾਦੀ ਹੈ ਅਤੇ ਉੱਥੇ ਹਾਫ਼ਿਜ਼ ਸਈਦ ਨੇ ਹਰ ਪਿੰਡ ਵਿੱਚ ਖੂਹ ਲਗਵਾਇਆ ਹੈ। ਉੱਥੇ ਦੇ ਹਿੰਦੂ ਉਸ ਨੂੰ ਆਪਣਾ ਦੇਵਤਾ ਮੰਨਦੇ ਹਨ।" ਗੋਪਾਲ ਸਿੰਘ ਚਾਵਲਾ ਦਾ ਕਹਿਣਾ ਹੈ ਕਿ ਹਾਫਿਜ਼ ਸਈਦ ਭਾਰਤ ਲਈ ਦਹਿਸ਼ਤਗਰਦ ਹੈ ਪਰ ਉਨ੍ਹਾਂ ਦਾ ਸ਼ਹਿਰੀ ਹੈ। ਉਹ ਮੋੜਵੇਂ ਸੁਆਲ ਕਰਦੇ ਹਨ, "ਇਹ ਮੇਰਾ ਮੁਲਕ ਹੈ ਅਤੇ ਹਾਫ਼ਿਜ਼ ਸਈਦ ਇਸ ਮੁਲਕ ਦਾ ਸ਼ਹਿਰੀ ਹੈ। ਮੈਂ ਉਨ੍ਹਾਂ ਨਾਲ ਮੰਚ ਉੱਤੇ ਬੈਠਣ ਤੋਂ ਕਿਵੇਂ ਇਨਕਾਰ ਕਰ ਦਿਆਂ? ਉਹ ਭਾਰਤ ਲਈ ਦਹਿਸ਼ਤਗਰਦ ਹੈ ਪਰ ਸਾਡਾ ਸ਼ਹਿਰੀ ਹੈ। ਉਸ ਨਾਲ ਹੱਥ ਮਿਲਾ ਕੇ ਮੈਂ ਕਿਵੇਂ ਦਹਿਸ਼ਤਗਰਦ ਹੋ ਜਾਂਵਾਗਾ?"

## ਸਾਹਿਤਕਾਰ ਪ੍ਰਵਾਨਾ ਦੀ ਪੁਸਤਕ 'ਚੋਣਵੀਆਂ ਇਤਿਹਾਸਕ ਰਚਨਾਵਾਂ' ਉਤੇ ਵਿਚਾਰ-ਗੋਸ਼ਟੀ

ਕੀਤੀ। ਇਸ ਮੌਕੇ ਸਰਬਜੀਤ ਸਿੰਘ ਸੈਕਰਾਮੈਂਟੋ, ਹਰਦੀਪ ਸਿੰਘ, ਪ੍ਰਮਿੰਦਰ ਕੌਰ, ਅਰਸ਼ਬੀਰ ਸਿੰਘ, ਰਣਵੀਰ ਸਿੰਘ, ਅਵਤਾਰ ਸਿੰਘ ਧਾਮੀ, ਕਮਲਜੀਤ ਸਿੰਘ ਅਟਵਾਲ, ਅਮਰਜੀਤ ਸਿੰਘ ਨਿਰਵੈਲ, ਸੁਖਦੇਵ ਸਿੰਘ ਗਿੱਲ, ਤ੍ਰਿਪਤ ਕੌਰ, ਜਗਦੀਸ਼ ਕੌਰ ਰੰਧਾਵਾ, ਅਵਤਾਰ ਸਿੰਘ ਤਾਰੀ, ਕੇਵਲ ਸਿੰਘ, ਮਹਿੰਗਾ ਸਿੰਘ ਸਰਪੰਚ, ਹਰਪ੍ਰੀਤ ਕੌਰ, ਅਵਨਿੰਦਰ ਸਿੰਘ, ਜਸਲੀਨ ਕੌਰ, ਮਨਿੰਦਰ ਸਿੰਘ, ਸਾਹਿਬਨੂਰ ਸਿੰਘ, ਸਰਬਜੀਤ ਕੌਰ, ਸਤਪਾਲ ਸਿੰਘ ਮਦਾਰ, ਵਿੱਕ ਆਦਿ ਵੀ ਹਾਜ਼ਰ ਸਨ।

ਪ੍ਰਵਾਨਾ ਵਲੋਂ ਸਭ ਨੂੰ ਪ੍ਰੇਮ ਸਾਹਿਤ ਪੁਸਤਕਾਂ ਭੇਟ ਕੀਤੀਆਂ ਗਈਆਂ ਅੰਤ ਵਿਚ ਇਕ ਯਾਦਗਾਰੀ ਤਸਵੀਰ ਨਾਲ ਇਹ ਵਿਚਾਰ ਗੋਸ਼ਟੀ ਸਫ਼ਲਤਾ ਨਾਲ ਸੰਪੰਨ ਹੋਈ।

## ਮੋਦੀ ਸਰਕਾਰ ਦੀ ਕਾਰਗੁਜ਼ਾਰੀ ਦਾ ਰਿਪੋਰਟ ਕਾਰਡ

ਆਉਣ ਵਾਲੇ ਸ਼ਰਮਨਾਕ ਨਾਟਕ ਲਈ ਵੀ ਇਕੋ-ਇਕ ਜ਼ਿੰਮੇਵਾਰ ਸਨ। ਇਸ ਦੌਰਾਨ ਸੀਬੀਆਈ ਦੇ ਦੋ ਸੀਨੀਅਰ ਅਧਿਕਾਰੀ ਹੀ ਇਕ-ਦੂਜੇ ਦੇ ਖਿਲਾਫ ਆ ਗਏ ਸਨ। ਇਸ ਤਰ੍ਹਾਂ ਮੋਦੀ ਸਰਕਾਰ ਦੇ ਅਧੀਨ ਸੀਬੀਆਈ. ਦੀ ਭਰੋਸੇਯੋਗਤਾ ਨੀਵਾਣਾਂ ਛੋਹ ਗਈ ਹੈ ਅਤੇ ਇਹ ਸੱਤਾਧਾਰੀ ਪਾਰਟੀ ਦੀ ਸਿਆਸੀ ਸ਼ਾਖਾ ਦੇ ਤੌਰ 'ਤੇ ਕੰਮ ਕਰ ਰਹੀ ਹੈ।

**ਫੰਡਾਂ ਦੀ ਦੁਰਵਰਤੋਂ ਦੇ ਪੱਖਪਾਤ** : ਕੇਰਲਾ ਵਿਚ ਹੜ੍ਹ ਪੀੜਤਾਂ ਦੀ ਸਹਾਇਤਾ ਲਈ ਵੀ ਰਾਹਤ ਫੰਡਾਂ 'ਤੇ ਕੁੰਡਲੀ ਮਾਰ ਕੇ ਬੈਠੇ ਮੋਦੀ ਨੇ 2000 ਕਰੋੜ ਰੁਪਏ ਖਰਚ ਕਰਕੇ ਵਿਸ਼ਵ ਭਰ ਦੀਆਂ ਸੈਰਾਂ ਕੀਤੀਆਂ। ਸਰਦਾਰ ਪਟੇਲ ਦੀ ਮੂਰਤੀ ਬਣਾਉਣ 'ਤੇ ਹੀ 2989 ਕਰੋੜ ਰੁਪਏ ਖਰਚ ਕੀਤੇ। ਭਾਰਤ ਨੇ ਪੰਜ ਸਾਲ ਵਿਚ ਸਿਰਫ ਦੋ ਆਈਆਈਟੀ ਕੈਂਪਸ ਬਣਾਏ ਹਨ ਪਰ 6 ਮੰਗਲ ਮਿਸ਼ਨ ਸ਼ੁਰੂ ਕੀਤੇ। ਇਹ ਸਭ ਪੈਸੇ ਦੀ ਬਰਬਾਦੀ ਨੂੰ ਦਰਸਾਉਂਦਾ ਹੈ। ਇਹ ਫੰਡ ਉਹਨਾਂ ਖੇਤਰਾਂ ਵਿਚ ਵਧੀਆ ਵਰਤੋਂ ਵਿਚ ਲਿਆਂਦੇ ਜਾ ਸਕਦੇ ਸਨ ਜਿਥੇ ਇਨ੍ਹਾਂ ਦੀ ਬੇਹੱਦ ਲੋੜ ਹੈ।

**ਵੱਡੀਆਂ ਬੈਂਕ ਲੁੱਟਾਂ** : ਜਦੋਂ ਦੇਸ਼ ਵਿਚ ਪ੍ਰਸਤਾਵਿਤ ਸਰਕਾਰੀ ਸਕੀਮਾਂ ਲਈ ਫੰਡਾਂ ਦੀ ਭਾਰੀ ਘਾਟ ਸੀ, ਮੋਦੀ ਸਰਕਾਰ ਨੇ ਪੂੰਜੀਪਤੀਆਂ ਦੁਆਰਾ ਬੈਂਕਾਂ ਦੀ ਲੁੱਟ ਕਰਨ ਅਤੇ ਘੁਟਾਲਿਆਂ 'ਤੇ ਆਪਣੀਆਂ ਅੱਖਾਂ ਬੰਦ ਕਰ ਰੱਖੀਆਂ। ਕਿਸੇ ਨੇ ਪੰਜਾਬ ਨੈਸ਼ਨਲ ਬੈਂਕ (ਪੀਐਨਬੀ) ਨੂੰ ਧੋਖਾ ਦਿੱਤਾ ਅਤੇ ਕਈ ਹੋਰ ਦੇਸ਼ ਛੱਡ ਕੇ ਵਿਦੇਸ਼ਾਂ ਨੂੰ ਭੱਜ ਗਏ। 9000 ਕਰੋੜ ਰੁਪਏ ਦੇ ਇਕ ਵੱਡੇ ਘੁਟਾਲੇ ਸਮੇਤ ਫੰਡਾਂ ਦੇ ਘਪਲਿਆਂ ਵਾਲੇ 19000 ਕਰੋੜ ਦੇ ਬੈਂਕ ਧੋਖਾਧੜੀ ਦੇ ਮਾਮਲੇ ਸ਼ਾਮਲ ਹਨ। ਰਿਕਾਰਡ ਅਨੁਸਾਰ ਰਾਸ਼ਟਰੀ ਬੈਂਕਾਂ ਦਾ ਐਨਪੀਏ (ਮਾੜਾ ਕਰਜ਼ਾ) ਮਾਰਚ 2014 ਦੇ 2.83 ਲੱਖ ਕਰੋੜ ਰੁਪਏ ਤੋਂ ਵਧ ਕੇ ਮਾਰਚ 2018 ਵਿਚ 12 ਲੱਖ ਕਰੋੜ ਰੁਪਏ ਹੋ ਗਿਆ ਜੋ ਕਿ ਵਿਜੇ ਮਾਲਿਆ, ਨੀਰਵ ਮੋਦੀ, ਮਹੇਲ ਚੌਕਸੀ, ਵਿਕਰਮ ਕੋਠਾਰੀ ਅਤੇ ਕਈ ਹੋਰ ਲੋਕ ਦੱਬ ਕੇ ਬੈਠ ਗਏ ਹਨ।

ਇਹ ਭਾਰਤ ਦੇ ਹਰੇਕ ਵੋਟਰ ਲਈ ਜ਼ਰੂਰੀ ਹੈ ਕਿ ਉਹ ਮੋਦੀ ਦੇ ਰਿਕਾਰਡ ਨੂੰ ਦੇਸ਼ ਦੇ ਚੌਕੀਦਾਰ ਵਜੋਂ ਦੇਖੇ ਅਤੇ ਆਪਣੇ ਜ਼ਮੀਰ ਦੀ ਆਵਾਜ਼ ਨਾਲ ਵੋਟ ਪਾਉਣ। ਅਜਿਹਾ ਨਾ ਹੋਣ ਉਤੇ ਭਾਰਤ ਦਾ ਭਵਿੱਖ ਨਿਰਾਸ਼ਾਜਨਕ ਹੋ ਸਕਦਾ ਹੈ ਅਤੇ ਇਸ ਦਾ ਲੋਕਤੰਤਰ ਵੀ ਖ਼ਤਰੇ ਵਿਚ ਪੈ ਸਕਦਾ ਹੈ। ਇਸ ਕਰ ਕੇ ਇਹ ਚੋਣਾਂ ਉਨ੍ਹਾਂ ਲੋਕਾਂ ਨੂੰ ਭਜਾਉਣ ਦਾ ਇਕ ਮੌਕਾ ਹੈ, ਜਿਨ੍ਹਾਂ ਨੇ ਨਾ ਸਿਰਫ ਆਪਣੇ ਵਾਅਦਿਆਂ ਨੂੰ ਹੀ ਤੋੜਿਆ ਸਗੋਂ ਦੇਸ਼ ਨੂੰ ਧੋਖੇਬਾਜ਼ੀ ਅਤੇ ਗੁਮਰਾਹਕੁੰਨ ਪਰਚਾਰ ਨਾਲ ਠੱਗਿਆ ਵੀ ਹੈ।

## ਏਜੀਪੀਸੀ ਵੱਲੋਂ ਦਰਸ਼ਨੀ ਡਿਉਢੀ ਢਾਹੁਣ ਦੀ ਸਖ਼ਤ ਨਿੰਦਾ

ਵੀ ਹਨ, ਨੇ ਸਖ਼ਤ ਕਦਮ ਚੁੱਕਣ ਦੀ ਗੱਲ ਕਰਦਿਆਂ ਗੁਆਂਢੀ ਦੇਸ਼ ਪਾਕਿਸਤਾਨ ਸਰਕਾਰ ਤੋਂ ਵੀ ਮੰਗ ਕੀਤੀ ਕਿ ਉਹ ਬਾਬਾ ਜੀ ਵਲੋਂ ਕੀਤੀ ਜਾ ਰਹੀ ਕਾਰ ਸੇਵਾ ਦੇ ਸਮੂਹ ਕਾਰਜਾਂ 'ਤੇ ਪਾਬੰਧੀ ਲਗਾਏ। ਉਨਾਂ ਕਿਹਾ ਕਿ ਸਿੱਖ ਗੁਰਦੁਆਰੇ ਸੁਰੱਖਿਅਤ ਹੱਥਾਂ 'ਚ ਨਹੀਂ ਹਨ ਅਤੇ ਇਹ ਬਾਬੇ ਦੀ ਬਹੁਤ ਹੀ ਨਿੰਦਾਯੋਗ ਕਾਰਵਾਈ ਹੈ। ਉਨ੍ਹਾਂ ਕਿਹਾ ਕਿ ਕਿਸੇ ਸਾਜ਼ਿਸ਼ ਤਹਿਤ ਇਤਿਹਾਸਕ ਡਿਉਢੀ ਨੂੰ ਤੋੜਿਆ ਗਿਆ ਹੈ ਅਤੇ ਇਸ ਕਾਰਵਾਈ 'ਚ ਸ਼੍ਰੋਮਣੀ ਕਮੇਟੀ ਦੇ ਅਧਿਕਾਰੀ ਵੀ ਸ਼ਾਮਿਲ ਹਨ।

ਅਮਰੀਕੀ ਆਗੂ ਨੇ ਕਿਹਾ ਕਿ 'ਨਾਨਕਸ਼ਾਹੀ' ਇੱਟਾਂ ਨਾਲ ਬਣੀ ਇਹ 'ਦਰਸ਼ਨੀ ਡਿਉਢੀ' ਦੋ ਸੌ ਸਾਲ ਪੁਰਾਣੀ ਸੀ ਅਤੇ ਇਹ ਛੇਵੇਂ ਗੁਰੂ ਸ੍ਰੀ ਅਰਜਨ ਦੇਵ ਜੀ ਨੂੰ ਸਮਰਪਿਤ ਗੁਰਦੁਆਰੇ ਦੇ ਵਿਰਾਸਤੀ ਢਾਂਚੇ ਦਾ ਹਿੱਸਾ ਸੀ। ਉਨਾਂ ਕਿਹਾ ਕਿ ਜਦੋਂ ਇਸ ਕੰਮ ਨੂੰ ਪਹਿਲਾਂ ਰੋਕਿਆ ਹੋਇਆ ਸੀ ਤਾਂ ਕਿਉਂ ਦੁਬਾਰਾ ਇਸ ਦੇ ਵੱਡੇ ਹਿੱਸੇ ਨੂੰ ਢਾਹਿਆ ਗਿਆ।

WHITE HAWK TRUCKING INC
Need Drivers & Owner Operators
Dedicated Load (ਪੱਕੇ ਲੋਡ)
Immediate Payment Option
West Coast I-5 Route


• ਸਾਡੇ ਸਾਰੇ ਟਰੱਕ ਨਵੇਂ ਹਨ • ਪੇਪਰ ਦਿਓ ਪੈਸੇ ਲਓ • Home Time ਵੀ ਦਿੰਦੇ ਹਾਂ
• ਡਰਾਇਵਰਾਂ ਦਾ ਕੋਈ ਵੀ ਪੈਸਾ ਥੱਲੇ ਨਹੀਂ ਰੱਖਿਆ ਜਾਂਦਾ • We Sell New & Used Tires
• Minor to Major Repair • Rebuild Engine Transmission DEF, DPF Cleaning
• Any kind of Road Service • Computer Diagnose
Call for more Info:
510 774 4191 (Kuljit Singh)
209 242 9569 (Dispatched)
209 564 8899 (Davinder Singh)
209 345 6968 (Ranthir Singh)
2101 MARTIN LUTHER KING JR WAY STOCKTON, CA 95205

# Sir Speedy Tustin
Printers to the Community

## Outdoor 3'x11' Promo Flag
**Only $29/-**
Pole & Spike $55/-

## Outdoor 3'x6' Durable Banner
All weather, durable to sunlight, rain and wear & tear. Text only.
**Only $69/-**

## Receipt Books
Customized with your information and design. 2 part carbonless with numbering and perforation.
**Call for Price**

## Retractable 33"x 80" Banner
Includes stand and carry bag. Hi-res imaging, durable and Brilliant colors!
**Only $225/-**

## All Weather 18"x24" Yard Signs
Includes H-stakes. Single sided, durable to sunlight and rain. Reusable!
**$49/- for 4**

## 11" Printed Balloons
Printed with your logo and info. One color, one location. Min. qty 1000
**19¢ each**

## Your Printed T-Shirts
White T-Shirts, 1 color screen printing in 1 position. Min Qty. 100
**Only $4.99**

## Your Printed Caps
1 color in 1 position. Min Qty. 100
**Only $4.99**

## Trip Envelopes Qty 1000
**Only $199/-**

**What we can do for you today?**
- Printing & Copying
- Creative Services
- Mailing Services
- Mailing List Aquisition
- Signs Posters & Banners
- Promotional Producst
- Website design and development

1045 East Main Street, Tustin, CA 92780
**Call 562-881-7430**
Fax: 714-731-8931
E-mail: sirspeedy_tustin@yahoo.com
www.sirspeedy.com/tustin


Jagjit Singh Bains

CUSTOMIZED SWEET BOXES

South Asian Wedding Cards

CALL NOW

ਘਰ ਦੇ ਕੰਮ ਲਈ ਇੱਕ ਬੀਬੀ ਦੀ ਲੋੜ

Live-in housekeeper/ nanny needed

ਕਾਲ ਕਰੋ

510-938-7195

## ਨਕੋਦਰ ਕਾਂਡ ਦੇ ਦਾਗੀ ਬਣਾਏ ਬਾਦਲਾਂ ਨੇ ਉਮੀਦਵਾਰ

ਰੱਖੀ ਗਈ ਸੀ, ਉਸ ਵੇਲੇ ਵਿਧਾਨ ਸਭਾ ਦੇ ਸਪੀਕਰ ਅਟਵਾਲ ਹੀ ਸਨ। ਉਨ੍ਹਾਂ ਨਾਲ ਜਦੋਂ ਰਾਬਤਾ ਕੀਤਾ ਗਿਆ ਕਿ ਉਨ੍ਹਾਂ ਦੇ ਸਪੀਕਰ ਹੁੰਦਿਆਂ ਹੀ ਇਹ ਰਿਪੋਰਟ ਪੇਸ਼ ਕੀਤੀ ਗਈ ਸੀ ਤਾਂ ਉਨ੍ਹਾਂ ਸਪੱਸ਼ਟ ਕੀਤਾ ਕਿ ਉਨ੍ਹਾਂ ਦੀ ਯਾਦ ਸ਼ਕਤੀ ਘਟ ਗਈ ਹੈ। ਹੁਣ ਉਨ੍ਹਾਂ ਨੂੰ ਬਿਲਕੁਲ ਇਸ ਗੱਲ ਦਾ ਚੇਤਾ ਨਹੀਂ ਆ ਰਿਹਾ। ਉਨ੍ਹਾਂ ਦੀ ਚੋਣ ਪ੍ਰਬੰਧ ਦਾ ਕੰਮ ਦੇਖ ਰਹੇ ਉਨ੍ਹਾਂ ਦੇ ਪੁੱਤਰ ਇੰਦਰ ਇਕਬਾਲ ਸਿੰਘ ਅਟਵਾਲ ਨੇ ਕਿਹਾ ਕਿ ਵਿਧਾਨ ਸਭਾ ਦੇ ਸਪੀਕਰ ਨੂੰ ਇਸ ਗੱਲ ਦੀ ਕੋਈ ਜਾਣਕਾਰੀ ਨਹੀਂ ਹੁੰਦੀ ਕਿ ਕਿਹੜੀ ਰਿਪੋਰਟ ਸਦਨ ਵਿਚ ਰੱਖੀ ਜਾ ਰਹੀ ਹੈ।

**ਬਾਦਲ ਦਲ ਦੇ ਦਰਬਾਰਾ ਸਿੰਘ ਗੁਰੂ ਦਾ ਤਿੱਖਾ ਵਿਰੋਧ-**

ਬਾਦਲ ਦਲ ਦੇ ਮੁਖੀ ਸੁਖਬੀਰ ਸਿੰਘ ਬਾਦਲ ਨੇ ਖੰਨੇ ਵਿਖੇ ਆਪਣੀ ਪਹਿਲੀ ਚੋਣ ਰੈਲੀ ਵਿਚ ਫਤਿਹਗੜ੍ਹ ਸਾਹਿਬ ਤੋਂ 1986 ਦੇ ਨਕੋਦਰ ਗੋਲੀ ਕਾਂਡ ਵਿਚ ਕਥਿਤ ਦੋਸ਼ੀ ਦਰਬਾਰਾ ਸਿੰਘ ਗੁਰੂ ਨੂੰ ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਦਾ ਸਾਂਝਾ ਉਮੀਦਵਾਰ ਐਲਾਨ ਦਿੱਤਾ ਹੈ। ਲਗਭਗ ਉਸੇ ਸਮੇਂ ਹੀ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਵਿਚ ਉਨ੍ਹਾਂ ਅਤੇ ਹੋਰਾਂ ਖਿਲਾਫ ਦਰਜ ਪਟੀਸ਼ਨ ਦੀ ਸੁਣਵਾਈ ਨੂੰ ੯ ਮਈ ਤਕ ਮੁਲਤਵੀ ਕਰ ਦਿੱਤੀ ਗਈ। ਨਕੋਦਰ ਗੋਲੀ ਕਾਂਡ ਵਿਚ 1986 ਵਿਚ ਚਾਰ ਸਿੱਖ ਨੌਜਵਾਨਾਂ ਨੂੰ ਗੋਲੀ ਮਾਰ ਕੇ ਸ਼ਹੀਦ ਕਰ ਦਿੱਤਾ ਗਿਆ ਸੀ ਅਤੇ ਉਸ ਵੇਲੇ ਦਰਬਾਰਾ ਸਿੰਘ ਗੁਰੂ ਕਾਰਜਕਾਰੀ ਡਿਪਟੀ ਕਮਿਸ਼ਨਰ ਸਨ। ਸ਼ਹਿਰ ਵਿਚ ਕਰਫਿਊ ਦਾ ਹੁਕਮ ਤੇ ਸ਼ਹੀਦ ਨੌਜਵਾਨਾ ਦੇ ਰਾਤੋ ਰਾਤ ਪੋਸਟ ਮਾਰਟਮ ਦਾ ਹੁਕਮ ਵੀ ਇਨ੍ਹਾਂ ਨੇ ਹੀ ਦਿੱਤਾ ਸੀ। "ਲੋਕਾਂ ਦੀਆਂ ਭਾਵਨਾਵਾਂ ਦੀ ਬੇਕਦਰੀ ਕਰ ਕੇ ਬਾਦਲ ਦਲ ਨੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕਰਨ ਵਾਲਿਆਂ ਨੂੰ ਉਮੀਦਵਾਰ ਬਣਾਇਆ ਹੈ ਜੋ ਕਿ ਬਹੁਤ ਮੰਦਭਾਗਾ ਹੈ।" ਇਹ ਵਿਚਾਰ ਬਲਦੇਵ ਸਿੰਘ ਦੇ ਹਨ ਜਿਨ੍ਹਾਂ ਦਾ ਸਪੁੱਤਰ ਰਵਿੰਦਰ ਸਿੰਘ ਗੋਲੀ ਕਾਂਡ ਵਿਚ ਮਾਰਿਆ ਗਿਆ ਸੀ। ਇਨ੍ਹਾਂ ਨੇ ਹੀ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਚ ਪਟੀਸ਼ਨ ਪਾਈ ਹੋਈ ਹੈ।

ਅਦਾਲਤ ਵਿਚ ਪੇਸ਼ੀ ਤੋਂ ਬਾਅਦ ਜਦੋਂ ਬਲਦੇਵ ਸਿੰਘ ਨੂੰ ਦਰਬਾਰਾ ਸਿੰਘ ਗੁਰੂ ਦੀ ਟਿਕਟ ਮਿਲਣ ਵਾਲੀ ਖਬਰ ਮਿਲੀ ਤਾਂ ਉਨ੍ਹਾਂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ, "ਹੁਣ ਫਤਿਹਗੜ੍ਹ ਸਾਹਿਬ, ਜਲੰਧਰ ਅਤੇ ਖਡੂਰ ਸਾਹਿਬ ਦੇ ਵੋਟਰਾਂ ਦੀ ਪਰਖ ਦੀ ਘੜੀ ਹੈ। ਜੇ ਉਹ ਆਪਣੀ ਨੈਤਿਕਤਾ ਨੂੰ ਪਹਿਚਾਣ ਕੇ ਪੰਜਾਬ ਦਾ ਭਲਾ ਸੋਚਣਗੇ ਤੇ ਇਹ ਅਜਿਹੇ ਲੋਕਾਂ ਨੂੰ ਜ਼ਰੂਰ ਪਛਾੜਨਗੇ।"

ਫਰਵਰੀ 1986 ਵਿਚ ਚਾਰ ਸਿੱਖ ਨੌਜਵਾਨਾਂ ਦੀ ਹੱਤਿਆ ਵਿਚ ਕਥਿਤ ਸ਼ਮੂਲੀਅਤ ਕਾਰਨ ਮੀਡੀਆ ਅਤੇ ਸੋਸ਼ਲ ਮੀਡੀਆ 'ਤੇ ਪਾਰਟੀ ਦੀ ਆਲੋਚਨਾ ਦੇ ਬਾਵਜੂਦ ਬਾਦਲ ਦਲ ਨੇ ਦਰਬਾਰਾ ਸਿੰਘ ਗੁਰੂ ਨੂੰ ਫਤਿਹਗੜ੍ਹ ਸਾਹਿਬ ਰਾਖਵੇਂ ਹਲਕੇ ਦੇ ਉਮੀਦਵਾਰ ਵਜੋਂ ਐਲਾਨ ਕੀਤਾ ਹੈ। ਦਰਬਾਰਾ ਸਿੰਘ ਨੇ ਨਕੋਦਰ ਕਤਲੇਆਮ ਨਾਲ ਕਿਸੇ ਵੀ ਤਰ੍ਹਾਂ ਦੇ ਸੰਬੰਧ ਤੋਂ ਇਨਕਾਰ ਕੀਤਾ ਹੈ ਤੇ ਕਿਹਾ ਕਿ ਇਹ 'ਝੂਠਾ ਪ੍ਰਚਾਰ' ਹੈ।

ਉੱਚ ਅਦਾਲਤ ਵਿਚ ਮੁਢਲੀ ਸੁਣਾਈ ਵੇਲੇ ਜਸਟਿਸ ਮਹਾਬੀਰ ਸਿੰਘ ਸਿੱਧੂ ਨੇ ਕਿਹਾ, ਕਿ "ਇਹ ਬਹੁਤ ਗੰਭੀਰ ਮਾਮਲਾ ਹੈ, ਅਦਾਲਤ ਜਾਂਚ ਕਮਿਸ਼ਨ ਰਿਪੋਰਟ ਦੇ ਭਾਗ ਦੂਜਾ ਨੂੰ ਦੇਖਣਾ ਜ਼ਰੂਰੀ ਸਮਝਦੀ ਹੈ।" ਇਸ ਤੋਂ ਬਾਅਦ ਦਰਬਾਰਾ ਸਿੰਘ ਗੁਰੂ ਤੇ ਹੋਰਨਾਂ ਦੇ ਖਿਲਾਫ ਦਾਇਰ ਪਟੀਸ਼ਨ ਨੂੰ ੯ ਮਈ ਤਕ ਅੱਗੇ ਪਾ ਦਿੱਤਾ ਗਿਆ ਕਿਉਂਕਿ ਜਸਟਿਸ ਗੁਰਨਾਮ ਸਿੰਘ ਕਮਿਸ਼ਨ ਦੀ ਰਿਪੋਰਟ ਦਾ ਭਾਗ ਦੂਜਾ ਹਾਲੇ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਰਿਕਾਰਡ ਦਾ ਹਿੱਸਾ ਨਹੀਂ ਬਣਿਆ ਹੈ। ਅਦਾਲਤ ਵਿਚ ਸ਼ਹੀਦ ਰਵਿੰਦਰ ਸਿੰਘ ਦੇ ਪਿਤਾ ਬਲਦੇਵ ਸਿੰਘ ਵੀ ਮੌਜੂਦ ਸਨ।

ਇਸ ਕੇਸ ਦਾ ਇਕ ਹੋਰ ਦਿਲਚਸਪ ਪਹਿਲੂ ਵੀ ਹੈ ਕਿ ਜਦੋਂ ਕਮਿਸ਼ਨ ਆਫ ਇਨਕੁਆਰੀ ਐਕਟ ਦੇ ਤਹਿਤ ਕੇਸ ਦਰਜ ਹੁੰਦਾ ਹੈ ਤੇ ਹਲਫੀਆ ਬਿਆਨ ਸਮੇਤ ਹੋਰ ਨੱਥੀ ਕੀਤੇ ਜ਼ਰੂਰੀ ਦਸਤਾਵੇਜ ਅਤੇ ਤਫਤੀਸ਼ ਦਾ ਸਮਾਨ ਅਸੈਂਬਲੀ ਵਿਚ ਨਹੀ ਰੱਖੇ ਜਾਂਦੇ। ਪਹਿਲਾ ਭਾਗ ਰੱਖਣ ਲੱਗਿਆਂ ਵੀ ਐਕਸ਼ਨ ਟੇਕਨ ਰਿਪੋਰਟ ਨਾਲ ਹੋਣੀ ਜ਼ਰੂਰੀ ਸੀ। ਨੋਟ ਕਰਨ ਵਾਲੀ ਗੱਲ ਹੈ ਕਿ ੫ ਮਾਰਚ ੨੦੦੧ ਨੂੰ ਜਦ ਰਿਪੋਰਟ ਨੂੰ ਕਿਹਾ ਜਾਂਦਾ ਹੈ ਕਿ ਹਾਊਸ ਵਿਚ ਰੱਖਿਆ ਗਿਆ ਤਾਂ ਐਕਸ਼ਨ ਟੇਕਨ ਰਿਪੋਰਟ ਨਾਲ ਨਹੀਂ ਸੀ। ਇੰਜ ਜਾਪਦਾ ਹੈ ਕਿ ਉਸ ਦਿਨ ਪੰਜਾਬ ਵਿਧਾਨ ਸਭਾ ਦੇ ਸਪੀਕਰ, ਜੋ ਕਿ ਹੁਣ ਜਲੰਧਰ ਤੋਂ ਬਾਦਲ ਦਲ-ਭਾਜਪਾ ਦੇ ਉਮੀਦਵਾਰ ਹਨ, ਨੇ ਗ਼ਲਤ ਢੰਗ ਨਾਲ ਰਿਪੋਰਟ ਦਾਖਲ ਕੀਤੀ। ਇਹ ਕਿਹਾ ਜਾਏ ਕਿ ਉਨ੍ਹਾਂ ਨੇ ਦਾਖਲ ਹੀ ਨਹੀਂ ਕੀਤੀ ਬਸ ਰਿਕਾਰਡ ਵਿਚ ਰੱਖ ਲਿਆ, ਤਾਂ ਵੀ ਗਲਤ ਨਹੀਂ ਹੋਵੇਗਾ ਕਿਉਂਕਿ ਉਸ ਦਿਨ ਜਾਂ ਉਸ ਦਿਨ ਤੋਂ ਬਾਅਦ ਅਗਲੇ ਦਿਨਾ ਵਿਚ ਅਸੰਬਲੀ ਵਿਚ ਇਸ ਰਿਪੋਰਟ 'ਤੇ ਕੋਈ ਬਹਿਸ ਹੀ ਨਹੀਂ ਹੋਈ। ਚਰਨਜੀਤ ਸਿੰਘ ਅਟਵਾਲ ਅਤੇ ਉਨ੍ਹਾਂ ਦੀ ਟੀਮ ਦਾ ਨਾਮਜ਼ਦਗੀ ਤੋਂ ਬਾਅਦ ਮੀਡੀਆ ਦੇ ਸਵਾਲ ਪੁੱਛਣ ਤੋਂ ਬਾਅਦ ਇਹ ਕਹਿਣਾ ਕਿ, "ਬਹੁਤ ਸਮਾਂ ਪਹਿਲਾਂ ਹੋਇਆ ਸੀ, ਮੈਨੂੰ ਇਹ ਯਾਦ ਨਹੀਂ ਹੈ ਅਤੇ ਇਕ ਹੋਰ ਝੂਠ ਬੋਲਿਆ ਕਿ ਕੋਈ ਰਿਪੋਰਟ ਐਕਸ਼ਨ ਟੇਕਨ ਰਿਪੋਰਟ ਦੇ ਬਿਨਾਂ ਸਦਨ ਵਿਚ ਪੇਸ਼ ਹੀ ਨਹੀਂ ਕੀਤੀ ਜਾ ਸਕਦੀ।"

ਰਵਿੰਦਰ ਸਿੰਘ ਦੇ ਪਿਤਾ ਬਲਦੇਵ ਸਿੰਘ ਨੇ ਇਕ ਵੱਡਾ ਸਵਾਲ ਕੀਤਾ ਕਿ "ਸਵਾਲ ਇਹ ਬਣਦਾ ਹੈ ਕਿ ਕੀ ਅਸਲ ਵਿਚ ਵਿਧਾਨ ਸਭਾ ਵਿਚ ਰਿਪੋਰਟ ਪੇਸ਼ ਹੋਈ ਵੀ ਸੀ ਕਿ ਨਹੀਂ?" ਲੁਧਿਆਣੇ ਦੇ ਵਿਧਾਇਕ ਸਿਮਰਜੀਤ ਸਿੰਘ ਬੈਂਸ ਨੂੰ ਸਕੱਤਰ ਵਿਧਾਨ ਸਭਾ ਦੁਆਰਾ ਮਿਲੇ ਆਪਣੇ ਪੱਤਰ ਦੇ ਜੁਆਬ ਵਿਚ ਕਿਹਾ ਗਿਆ ਹੈ ਕਿ 5 ਮਾਰਚ 2001 ਨੂੰ ਕੋਈ ਚਰਚਾ ਨਹੀਂ ਹੋਈ ਜਦੋਂ ਇਹ ਰਿਪੋਰਟ ਪੰਜਾਬ ਵਿਧਾਨ ਸਭਾ ਵਿੱਚ ਪੇਸ਼ ਕੀਤੀ ਗਈ। ਖਦਸ਼ਾ ਹੈ ਕਿ ਸਿਰਫ ਖਾਨਾਪੂਰਤੀ ਕਰਨ ਲਈ ਹੀ ਇਸ ਨੂੰ ਰਿਕਾਰਡਾਂ ਵਿੱਚ ਸ਼ਾਮਲ ਕੀਤਾ ਸੀ ਅਤੇ ਸਾਰੇ ਮੈਂਬਰਾਂ ਨੂੰ ਹਨੇਰੇ ਵਿਚ ਰੱਖ ਕੇ ਸਪੀਕਰ ਨਾਲ ਸਾਜ਼ਿਸ਼ ਰਚ ਕੇ ਹੀ ਬਾਦਲ ਦਲ ਨੇ ਇਹ ਕੀਤਾ। ਪੀੜਤ ਪਰਿਵਾਰ ਦੇ ਵਕੀਲ ਹਰੀ ਚੰਦ ਅਰੋੜਾ ਨੇ ਸੂਚਨਾ ਦਿੱਤੀ ਹੈ ਕਿ ਜਸਟਿਸ ਗੁਰਨਾਮ ਸਿੰਘ ਰਿਪੋਰਟ ਦੇ ਭਾਗ 2 ਲਈ ਆਰ. ਟੀ.ਆਈ. ਦੀ ਅਰਜ਼ੀ ਹਾਲੇ ਵੀ ਗ੍ਰਹਿ ਵਿਭਾਗ ਕੋਲ ਪਈ ਹੈ ਅਤੇ ਉਨ੍ਹਾਂ ਦੇ ਜਵਾਬ ਦੀ ਉਡੀਕ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਇਹ ਇੱਕ ਜਨਤਕ ਦਸਤਾਵੇਜ ਹੈ ਅਤੇ ਜਿਹੜੇ ਲੋਕ ਚਾਹੁਣ, ਇਜਾਜ਼ਤ ਲੈਣ ਤੋਂ ਬਾਅਦ ਪ੍ਰਾਪਤ ਕਰ ਸਕਦੇ ਹਨ। ਇਹ ਜਾਣਨਾ ਦਿਲਚਸਪ ਹੋਵੇਗਾ ਕਿ ਕੈਪਟਨ ਅਮਰਿੰਦਰ ਸਿੰਘ ਸਰਕਾਰ ਦਾ ਗ੍ਰਹਿ ਵਿਭਾਗ ਇਸ ਦਾ ਕੀ ਜਵਾਬ ਦਿੰਦਾ ਹੈ।

**ਬੀਬੀ ਪਰਮਜੀਤ ਕੌਰ ਖਾਲੜਾ ਨੇ ਵੀ ਸਾਧਿਆ ਨਿਸ਼ਾਨਾ :** ਖਡੂਰ ਸਾਹਿਬ ਤੋਂ ਬੀਬੀ ਪਰਮਜੀਤ ਕੌਰ ਖਾਲੜਾ ਦਾ ਕਹਿਣਾ ਹੈ ਕਿ ਬਾਦਲ ਦਲ ਨੇ ਨਕੋਦਰ ਵਿਚ 2 ਫਰਵਰੀ 1996 ਨੂੰ ਗੁਰੂ ਨਾਨਕ ਪੁਰਾ ਮੁਹੱਲੇ ਵਿਚ ਅਗਨ ਭੇਟ ਹੋਈਆਂ ਪੰਜ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਦੇ ਦੋਸ਼ੀਆਂ ਤੇ ਗੋਲੀ ਕਾਂਡ ਦੇ ਜ਼ਿੰਮੇਵਾਰ ਅਫ਼ਸਰਾਂ ਨੂੰ ਨਾ ਸਿਰਫ਼ ਬਚਾਈ ਰਖਿਆ, ਸਗੋਂ ਉਸ ਵੇਲੇ ਦੇ ਡਿਪਟੀ ਕਮਿਸ਼ਨਰ ਦਰਬਾਰਾ ਸਿੰਘ ਗੁਰੂ ਨੂੰ ਸ੍ਰੀ ਫਤਹਿਗੜ੍ਹ ਸਾਹਿਬ ਤੋਂ ਬਾਦਲ ਦਲ ਦਾ ਉਮੀਦਵਾਰ ਬਣਾ ਕੇ ਉਸ ਦੀ ਪੁਸ਼ਤ ਪਨਾਹੀ ਕੀਤੀ ਜਾ ਰਹੀ ਹੈ। ਇਸ ਕਾਂਡ ਦੀ ਜਾਂਚ ਲਈ ਗੁਰਨਾਮ ਸਿੰਘ ਕਮਿਸ਼ਨ ਕਾਇਮ ਕੀਤਾ ਗਿਆ, ਜਿਸ ਦੀ ਰਿਪੋਰਟ ਪੰਜਾਬ ਵਿਧਾਨ ਸਭਾ ਵਿਚ ਪੇਸ਼ ਕੀਤੀ ਗਈ। ਲੋਕ ਸਭਾ ਹਲਕਾ ਜਲੰਧਰ ਤੋਂ ਬਾਦਲ ਦਲ ਦੇ ਉਮੀਦਵਾਰ ਅਟਵਾਲ ਉਸ ਵੇਲੇ ਪੰਜਾਬ ਵਿਧਾਨ ਸਭਾ ਦੇ ਸਪੀਕਰ ਸਨ, ਜਿਹਨਾਂ ਨੇ ਇਸ ਰਿਪੋਰਟ ਨੂੰ ਦਬਾਈ ਰਖਿਆ।

ਜਲੰਧਰ ਲੋਕ ਸਭਾ ਹਲਕੇ ਤੋਂ ਚੋਣ ਲੜ ਰਹੇ ਬਸਪਾ ਦੇ ਉਮੀਦਵਾਰ ਬਲਵਿੰਦਰ ਕੁਮਾਰ ਅੰਬੇਡਕਰ ਨੇ ਬਾਦਲ ਦਲ ਦੇ ਉਮੀਦਵਾਰ ਚਰਨਜੀਤ ਸਿੰਘ ਅਟਵਾਲ 'ਤੇ ਦੋਸ਼ ਲਾਇਆ ਹੈ ਕਿ ਉਹ ਪੰਜਾਬ ਦੇ ਲੋਕਾਂ ਨੂੰ ਗੁੰਮਰਾਹ ਕਰ ਰਹੇ ਹਨ, ਜਿਨ੍ਹਾਂ ਦੀ ਯਾਦ ਸ਼ਕਤੀ ਹੁਣ ਹੀ ਗੁਆਚ ਗਈ ਹੈ, ਉਹ ਲੋਕ ਸਭਾ ਵਿੱਚ ਜਾ ਕੇ ਕੀ ਕਰਨਗੇ। ਅੰਬੇਡਕਰ ਨੇ ਕਿਹਾ ਕਿ ਜਲੰਧਰ ਦੀ ਚੋਣ ਜਿੱਤਦੇ ਹਨ ਤਾਂ ਉਹ ਇਸ ਮਾਮਲੇ ਨੂੰ ਲੋਕ ਸਭਾ ਵਿਚ ਸੰਜੀਦਗੀ ਨਾਲ ਉਠਾ ਕੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਸਾਬਕਾ ਐੱਸਐੱਸਪੀ ਇਜ਼ਹਾਰ ਆਲਮ ਅਤੇ ਉਸ ਵੇਲੇ ਦੇ ਵਧੀਕ ਡਿਪਟੀ ਕਮਿਸ਼ਨਰ ਦਰਬਾਰਾ ਸਿੰਘ ਗੁਰੂ ਦੀਆਂ ਕਾਰਵਾਈਆਂ ਤੋਂ ਪਰਦਾ ਚੁੱਕਣਗੇ।

**ਕਿਵੇਂ ਵਾਪਰਿਆ ਸੀ ਇਹ ਕਾਂਡ-**

ਨਕੋਦਰ ਵਿਚ 2 ਫਰਵਰੀ 1986 ਨੂੰ ਗੁਰੂ ਨਾਨਕਪੁਰਾ ਮੁਹੱਲੇ ਵਿੱਚ ਬਣੇ ਗੁਰਦੁਆਰਾ ਸਾਹਿਬ ਵਿਚ ਪੰਜ ਬੀੜਾਂ ਅਗਨ ਭੇਟ ਹੋ ਗਈਆਂ ਸਨ। ਇਸ ਦੇ ਰੋਸ ਵਜੋਂ 4 ਫਰਵਰੀ ਨੂੰ ਸਿੱਖ ਜਥੇਬੰਦੀਆਂ ਰੋਸ ਮਾਰਚ ਕਰ ਰਹੀਆਂ ਸਨ ਤਾਂ ਪੁਲੀਸ ਨੇ ਬਹਿਬਲ ਕਲਾਂ ਵਾਂਗ ਹੀ ਬਹੁਤ ਨੇੜੇ ਤੋਂ ਸ਼ਾਂਤਮਈ ਢੰਗ ਨਾਲ ਰੋਸ ਪ੍ਰਗਟਾਅ ਰਹੇ ਸਿੱਖਾਂ 'ਤੇ ਗੋਲੀ ਚਲਾ ਦਿੱਤੀ, ਜਿਸ ਵਿਚ ਚਾਰ ਨੌਜਵਾਨ ਸ਼ਹੀਦ ਹੋ ਗਏ ਸਨ। ਨਕੋਦਰ ਕਾਂਡ ਦੀ ਜਦੋਂ ਘਟਨਾ ਵਾਪਰੀ ਉਦੋਂ ਵੀ ਪੰਜਾਬ ਵਿੱਚ ਅਕਾਲੀ ਸਰਕਾਰ ਸੀ। ਅਟਵਾਲ ਵੀ ਉਸ ਵੇਲੇ ਅਕਾਲੀ ਵਿਧਾਇਕ ਸਨ, ਜਿਹੜੇ ਹੁਣ ਜਲੰਧਰ ਲੋਕ ਸਭਾ ਹਲਕੇ ਤੋਂ ਪਾਰਟੀ ਦੇ ਉਮੀਦਵਾਰ ਹਨ। ਨਕੋਦਰ ਕਾਂਡ ਦੀ ਜਾਂਚ ਜਸਟਿਸ ਗੁਰਨਾਮ ਸਿੰਘ ਨੇ ਕੀਤੀ ਸੀ। ਉਨ੍ਹਾਂ ਨੇ ਆਪਣੀ ਰਿਪੋਰਟ 31 ਅਕਤੂਬਰ 1986 ਨੂੰ ਪੰਜਾਬ ਸਰਕਾਰ ਨੂੰ ਸੌਂਪ ਦਿੱਤੀ ਸੀ। ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਵਿਚ ਮੁੱਖ ਮੰਤਰੀ ਹੁੰਦਿਆਂ ਪ੍ਰਕਾਸ਼ ਸਿੰਘ ਬਾਦਲ ਨੇ 2001 ਵਿਚ ਇਹ ਰਿਪੋਰਟ ਸਦਨ ਵਿਚ ਪੇਸ਼ ਕੀਤੀ ਸੀ ਜਦੋਂ ਸਪੀਕਰ ਚਰਨਜੀਤ ਸਿੰਘ ਅਟਵਾਲ ਸਨ। ਪਰ ਇਸ ਰਿਪੋਰਟ ਨਾਲ ਕਰਵਾਈ ਰਿਪੋਰਟ ਪੇਸ਼ ਨਹੀਂ ਸੀ ਕੀਤੀ ਗਈ। ਜਦੋਂ 13 ਫਰਵਰੀ 2019 ਨੂੰ ਪੰਜਾਬ ਵਿਧਾਨ ਸਭਾ ਵਿਚ ਵਿਧਾਇਕ ਐੱਚਐਸ ਫੂਲਕਾ ਨੇ ਨਕੋਦਰ ਕਾਂਡ ਦਾ ਮਾਮਲਾ ਵਿਧਾਨ ਸਭਾ ਸਪੀਕਰ ਰਾਣਾ ਕੇਪੀ ਸਿੰਘ ਕੋਲ ਰੱਖਿਆ ਕਿ ਨਕੋਦਰ ਬੇਅਦਬੀ ਕਾਂਡ ਦੀ ਹੋਈ ਜਾਂਚ ਦੀ ਰਿਪੋਰਟ ਸਦਨ ਵਿਚ ਰੱਖੀ ਜਾਵੇ ਤਾਂ ਸਪੀਕਰ ਰਾਣਾ ਕੇਪੀ ਨੇ ਇਸ ਗੱਲ ਦਾ ਖੁਲਾਸਾ ਕੀਤਾ ਕਿ ਇਹ ਰਿਪੋਰਟ 2001 ਵਿਚ ਰੱਖੀ ਗਈ ਸੀ।

## ਪੀੜਤ ਸਿੱਖਾਂ ਦੇ ਦਿਲ ਦੀ ਹੂਕ ਸੁਣੋ...

ਕਿਉਂਕਿ ਜ਼ਿਲ੍ਹਾ ਡਿਪਟੀ ਕਮਿਸ਼ਨਰ/ਜ਼ਿਲ੍ਹਾ ਮੈਜਿਸਟਰੇਟ ਫਰਵਰੀ ਦੇ ਪਹਿਲੇ ਹਫਤੇ ਛੁੱਟੀ ਤੇ ਸਨ।

ਦੋ ਫਰਵਰੀ ਨੂੰ ਗੁਰਦਵਾਰਾ ਗੁਰੂ ਅਰਜਨ ਸਾਹਿਬ ਨਕੋਦਰ ਵਿਖੇ ਸ਼ਰਾਰਤੀ ਹਿੰਦੂ ਅਨਸਰਾਂ ਵਲੋਂ ਸਾਹਿਬ ਸ੍ਰੀ ਗੁਰੂ ਗਰੰਥ ਸਾਹਿਬ ਦੀ ਬੇਅਦਬੀ ਕੀਤੀ ਗਈ। 3 ਫਰਵਰੀ 1986 ਨੂੰ ਨਕੋਦਰ ਸ਼ਹਿਰ ਵਿੱਚ ਕਰਫਿਊ ਲਾਉਣ ਦੇ ਹੁਕਮ ਉਤੇ ਦਰਬਾਰਾ ਸਿੰਘ ਗੁਰੂ ਦੇ ਦਸਤਖ਼ਤ ਹਨ। ਰੋਸ ਪ੍ਰਗਟ ਕਰ ਰਹੀਆਂ ਸੰਗਤਾਂ ਨੂੰ ਸ਼ਹਿਰ ਦੇ ਦੂਜੇ ਪਾਸੇ ਭੇਜਣ ਦਾ ਹੁਕਮ ਵੀ ਦਰਬਾਰਾ ਸਿੰਘ ਗੁਰੂ ਨੇ ਦਿੱਤਾ ਸੀ।

ਪੁਲਿਸ ਨੇ ਸਿੱਖਾਂ ਉਤੇ ਅੰਨੇਵਾਹ ਗੋਲੀਬਾਰੀ ਕੀਤੀ ਜਿਸ ਵਿਚ ਚਾਰ ਸਿੱਖ ਨੌਜਵਾਨ ਸ਼ਹੀਦ ਹੋ ਗਏ। ਦਰਬਾਰਾ ਸਿੰਘ ਗੁਰੂ ਦੀ ਰਹਿਨੁਮਾਈ ਹੇਠ ਸ਼ਰਾਰਤੀ ਤੱਤਾਂ ਨੂੰ ਬਚਾਇਆ ਗਿਆ ਅਤੇ ਮੌਕੇ ਦਾ ਅਫਸਰ ਹੁੰਦਿਆਂ ਪੁਲਿਸ ਕਰਮਚਾਰੀਆਂ ਨੂੰ ਵੀ ਜ਼ਖਮੀ ਹੋਣ ਦਾ ਝੂਠਾ ਰਿਕਾਰਡ ਬਣਾਉਣ ਦੀ ਖੁੱਲ ਦਿੱਤੀ ਗਈ।

੪ ਫ਼ਰਵਰੀ ੧੯੮੬ ਨੂੰ ਚਾਰ ਸਿੱਖ ਨੌਜਵਾਨ, ਜਿਨ੍ਹਾਂ ਨੂੰ ਪੁਲਿਸ ਨੇ ਕਤਲ ਕੀਤਾ, ਉਹ ਸਨ ਭਾਈ ਰਵਿੰਦਰ ਸਿੰਘ ਸਪੁੱਤਰ ਸ. ਬਲਦੇਵ ਸਿੰਘ, ਭਾਈ ਹਰਮਿੰਦਰ ਸਿੰਘ ਸਪੁੱਤਰ ਸ. ਸ਼ੰਕਰ ਸਿੰਘ, ਭਾਈ ਬਲਧੀਰ ਸਿੰਘ ਸਪੁੱਤਰ ਸ. ਕਰਤਾਰਸਿੰਘ ਅਤੇ ਭਾਈ ਝਿਲਮਣ ਸਿੰਘ ਸਪੁੱਤਰ ਸ. ਮਹਿੰਦਰ ਸਿੰਘ।

ਚਸ਼ਮਦੀਦਾਂ ਮੁਤਾਬਕ ਅਮਨਪਸੰਦ ਸਿੱਖ ਸੰਗਤ ਜੋ ਕਿ ਗੁਰਦੁਆਰਾ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਲੈ ਕਿ ਗੋਇੰਦਵਾਲ ਸਾਹਿਬ ਜਲ ਪ੍ਰਵਾਹ ਕਰਨ ਲਈ ਲਿਜਾਣਾ ਚਾਹੁੰਦੀ ਸੀ, ਉਨ੍ਹਾਂ 'ਤੇ ਪੁਲਿਸ ਨੂੰ ਗੋਲੀਬਾਰੀ ਕਰਨ ਦਾ ਹੁਕਮ ਦਰਬਾਰਾ ਸਿੰਘ ਗੁਰੂ ਨੇ ਹੀ ਦਿੱਤਾ ਸੀ ਜੋ ਕੇ ਮੌਕੇ ਦਾ ਅਫਸਰ ਸੀ। ਚਾਰ ਸਿੱਖ ਨੌਜਵਾਨਾਂ ਨੂੰ ਕਤਲ ਕਰ ਦਿੱਤਾ ਗਿਆ, ਜਿਨ੍ਹਾਂ ਵਿਚੋਂ ਇਕ ਨੂੰ ਮੂੰਹ ਵਿੱਚ ਬਿਲਕੁਲ ਨੇੜਿਉਂ ਗੋਲੀ ਮਾਰੀ ਗਈ ਸੀ। ਅਫਸੋਸ ਤੇ ਹੈਰਾਨੀ ਦੀ ਗੱਲ ਇਹ ਹੈ ਕਿ ਦਰਬਾਰਾ ਸਿੰਘ ਗੁਰੂ ਨੇ ੪-੫ ਫਰਵਰੀ ਦੀ ਅੱਧੀ ਰਾਤ ਨੂੰ ਚਾਰ ਸਿੱਖ ਨੌਜਵਾਨਾਂ ਦੇ ਪੋਸਟ ਮਾਰਟਮ ਦਾ ਹੁਕਮ ਵੀ ਦਿੱਤਾ ਸੀ।

ਕਾਨੂੰਨ ਅਤੇ ਅਮਨ ਦੇ ਨਾਂ 'ਤੇ ਪੁਲਿਸ ਕਰਮੀਆਂ ਨੂੰ ਬਚਾਉਣ ਲਈ ਦਰਬਾਰਾ ਸਿੰਘ ਗੁਰੂ ਹੀ ਸੀ, ਜਿਸ ਨੇ ਲਾਸ਼ਾਂ ਦੇ ਅੰਤਿਮ ਸੰਸਕਾਰ ਕਰਨ ਦਾ ਹੁਕਮ ਵੀ ਦਿੱਤਾ ਸੀ, ਬਿਨਾ ਸ਼ਮਸ਼ਾਨ ਘਾਟ ਨਾਂ ਜਾਂ ਕੋਈ ਹੋਰ ਪਰਿਵਾਰਕ ਵੇਰਵਾ ਦਰਜ ਕੀਤਿਆਂ। ਚਾਰ ਸ਼ਹੀਦ ਸਿੰਘਾਂ ਦੇ ਪਰਿਵਾਰਾਂ ਨੂੰ ਆਪਣੇ ਬੱਚਿਆਂ ਦੀ ਅਖੀਰਲੀ ਝਲਕ ਪਾਉਣ ਦੀ ਵੀ ਇਜ਼ਾਜ਼ਤ ਨਾ ਦਿੱਤੀ ਗਈ। ਹੈਰਾਨੀ ਤਾਂ ਇਸ ਗੱਲ ਦੀ ਵੀ ਹੈ ਕਿ ਨਕੋਦਰ ਵਿਖੇ ੧੩ ਦਿਨ ਕੁਰਫਿਊ ਰਿਹਾ ਤੇ ਇਨ੍ਹਾਂ ੧੩ ਦਿਨਾਂ ਵਿਚ ਕੋਈ ਵੀ ਮੌਤ ਸ਼ਮਸ਼ਾਨ ਘਾਟ ਦੇ ਰਜਿਸਟਰ ਵਿੱਚ ਦਰਜ ਨਹੀਂ ਕੀਤੀ ਗਈ ਹੈ। ਸ਼ਹਿਰ ਵਿਚ ਸ਼ਮਸ਼ਾਨ ਭੂਮੀ ਦਾ ਪ੍ਰਬੰਧ ਕਰਨ ਵਾਲੀ ਮਿਊਂਸਪਲ ਕਮੇਟੀ ਦਾ ਇਸ ਸਮੇਂ ਦੌਰਾਨ ਰਜਿਸਟਰ ਪੂਰਾ ਖਾਲੀ ਹੈ।

ਭਾਈ ਰਵਿੰਦਰ ਸਿੰਘ ਦਾ ਪਿਤਾ ਸ. ਬਲਦੇਵ ਸਿੰਘ ਇਕਲੌਤਾ ਅਜਿਹਾ ਵਿਅਕਤੀ ਸੀ ਜੋ ਹਸਪਤਾਲ ਵਿੱਚ ਦਾਖ਼ਲ ਹੋਣ ਵਿੱਚ ਕਾਮਯਾਬ ਹੋਇਆ, ਜਿੱਥੇ ਰਾਤ ਨੂੰ ਸਿੱਖ ਨੌਜਵਾਨਾਂ ਦੀਆਂ ਦੇਹਾਂ ਦਾ ਪੋਸਟ ਮਾਰਟਮ ਕੀਤਾ ਗਿਆ ਸੀ। ਸ਼ਹਿਰ ਵਿਚ ਕਰਫਿਊ ਹੋਣ ਦੇ ਬਾਵਜੂਦ ਜ਼ਿੱਦ ਕਰਨ ਉਤੇ ਉਸ ਨੂੰ ਇਕ ਪੁਲਿਸ ਜੀਪ ਵਿਚ ਹਸਪਤਾਲ ਲਿਜਾਇਆ ਗਿਆ। ਉੱਥੇ ਪਹੁੰਚ ਕੇ ਉਹ ਅੜ ਗਏ ਕਿ ਉਹ ਆਪਣੇ ਬੇਟੇ ਦੀ ਲਾਸ਼ ਅਤੇ ਮਰਨ ਵਾਲੇ ਹੋਰ ਨੌਜਵਾਨਾਂ ਦੀਆਂ ਲਾਸ਼ਾਂ ਲਿਜਾਣ ਤੋਂ ਬਿਨਾ ਵਾਪਿਸ ਨਹੀਂ ਜਾਣਗੇ। ਪੁਲਿਸ ਨੇ ਪ੍ਰਸ਼ਾਸਨ ਦੀਆਂ ਹਦਾਇਤਾਂ ਉਤੇ ਜਾਂ ਇਉਂ ਕਿਹਾ ਜਾਵੇ ਕਿ ਦਰਬਾਰਾ ਸਿੰਘ ਗੁਰੂ ਦੇ ਕਹਿਣ ਉਤੇ ਇਸ ਪੀੜਤ ਪਿਤਾ ਨੂੰ ਵੀ ਧੋਖਾ ਦਿੱਤਾ। ਉਨ੍ਹਾਂ ਨੂੰ ਕਿਹਾ ਕਿ ਜਾ ਕੇ ਪੁਲਿਸ ਮਨਜ਼ੂਰੀ ਲੈ ਆਉ। ਸ. ਬਲਦੇਵ ਸਿੰਘ ਪੁਲਿਸ ਸਟੇਸ਼ਨ ਵੱਲ ਤੁਰ ਪਏ ਪਰ ਇਸ ਦੌਰਾਨ ਚਾਰੇ ਲਾਸ਼ਾਂ ਨੂੰ ਸੀ. ਆਰ. ਪੀ. ਐਫ. ਦੇ ਟਰੱਕ ਵਿਚ ਸੁੱਟਿਆਂ ਗਿਆ ਅਤੇ ਸ਼ਮਸ਼ਾਨ ਘਾਟ ਲਿਜਾ ਕੇ ਚਾਰੋਂ ਸਰੀਰਾਂ ਨੂੰ ਇਕ ਹੀ ਚਿਤਾ ਤੇ ਰੱਖ ਕੇ ਲਾਂਬੂ ਲਗਾ ਦਿੱਤਾ ਗਿਆ। ਜਦ ਸ. ਬਲਦੇਵ ਸਿੰਘ ਸ਼ਮਸ਼ਾਨ ਘਾਟ ਪਹੁੰਚੇ ਤਾਂ ਉਨ੍ਹਾਂ ਦਾ ਦਿਲ ਡੁੱਬ ਗਿਆ, ਚਾਰੇ ਲਾਸ਼ਾਂ ਇੱਕ ਚਿਖਾ ਵਿਚ ਦੇਖ ਉਹ ਧਾਹਾਂ ਮਾਰ ਕੇ ਰੋ ਪਏ ਪਰ ਕੁਝ ਕਰ ਨਾ ਸਕੇ।

ਵਰਲਡ ਸਿੱਖ ਨਿਊਜ਼ ਨਾਲ ਗੱਲਬਾਤ ਕਰਦੇ ਹੋਏ ਬੜੇ ਦੁਖੀ ਹਿਰਦੇ ਨਾਲ ਬਲਦੇਵ ਸਿੰਘ ਨੇ ਨੇ ਕਿਹਾ, "ਕੋਈ ਬੇਦਿਲ ਇਨਸਾਨ ਹੀ ਇਸ ਸਚਾਈ ਨੂੰ ਸੁਣ ਕੇ ਇਹ ਕਹਿ ਸਕੇਗਾ ਕਿ ਦਰਬਾਰਾ ਸਿੰਘ ਗੁਰੂ ਬੇਕਸੂਰ ਹੈ। ਉਹ ਨਾ ਸਿਰਫ ਕਤਲਾਂ ਦੀ ਸਾਜਿਸ਼ ਦਾ ਜ਼ਿੰਮੇਵਾਰ ਹੈ ਬਲਕਿ ਉਸ ਨੇ ਮਾਮਲੇ ਨੂੰ ਰਫਾ ਦਫਾ ਕਰਨ ਦੀਆਂ ਵੀ ਪੂਰੀਆਂ ਕੋਸ਼ਿਸ਼ਾਂ ਕੀਤੀਆਂ ਹਨ।"

ਬਲਦੇਵ ਸਿੰਘ ਲਈ ਦੁੱਖ ਇਥੇ ਹੀ ਨਹੀਂ ਸੀ ਖਤਮ ਹੋਇਆ। ਉਨ੍ਹਾਂ ਨੂੰ ਇਹ ਵੀ ਪਤਾ ਚੱਲਿਆ ਕਿ ਇਕ ਲਾਸ਼ ਨੂੰ ਬਿਨਾ ਜਾਣ ਪਹਿਚਾਣ ਕਰਵਾਏ ਅਗਨ ਭੇਟ ਕੀਤਾ ਗਿਆ ਸੀ। ਹੋ ਸਕਦਾ ਹੈ ਕਿ ਕਿਸੇ ਹੋਰ ਦਾ ਹੀ ਸੰਸਕਾਰ ਕਰ ਦਿੱਤਾ ਗਿਆ ਹੋਵੇ।

ਇੰਜੀਨਿਅਰ ਬਣਨ ਦੇ ਇੱਛੁਕ ਰਵਿੰਦਰ ਸਿੰਘ ਦਾ ਪਰਿਵਾਰ ਪਿਛਲੇ ਤਿੰਨ ਦਹਾਕਿਆਂ ਤੇ ਦਰ-ਦਰ ਦੀਆਂ ਠੋਕਰਾਂ ਖਾ ਰਿਹਾ ਹੈ। ਪੰਜਾਬ ਅਸੰਬਲੀ ਦੇ ਮੈਂਬਰ ਕੰਵਰ ਸੰਧੂ, ਹਰਵਿੰਦਰ ਸਿੰਘ ਫੂਲਕਾ, ਗੁਰਪਰਤਾਪ ਸਿੰਘ ਵਡਾਲਾ ਅਤੇ ਕੁਲਤਾਰ ਸਿੰਘ ਸੰਧਵਾਂ ਨੇ ਉਨ੍ਹਾਂ ਦਾ ਸਾਥ ਦਿੱਤਾ। ਪੰਜਾਬ ਐਸੰਬਲੀ ਵਿਚ ਇਸ ਮੁੱਦੇ ਨੂੰ ਚੁੱਕਿਆ ਗਿਆ ਅਤੇ ਸਰਕਾਰ ਨੂੰ ਚਿੱਠੀਆਂ ਵੀ ਲਿਖੀਆਂ ਗਈਆਂ। ਪਟਿਆਲਾ ਤੋਂ ਮੈਂਬਰ ਪਾਰਲੀਮੈਂਟ ਡਾ. ਧਰਮਵੀਰ ਗਾਂਧੀ ਨੇ ਭਾਰਤ ਦੇ ਗ੍ਰਹਿ ਮੰਤਰੀ ਰਾਜਨਾਥ ਸਿੰਘ ਕੋਲ ਇਹ ਮੁੱਦਾ ਉਠਾਇਆ ਪਰ ਬਾਦਲ ਦਲ ਚੁੱਪ ਰਿਹਾ। ਅਮਰਿੰਦਰ ਸਿੰਘ ਵੀ ਅਣਗਿਣਤ ਅਰਜ਼ੀਆਂ ਦੇ ਬਾਵਜੂਦ ਗੁੰਗੇ ਬੋਲੇ ਹੀ ਬਣੇ ਰਹੇ।

ਪਿਛਲੇ ਪੰਜਾਬ ਅਸੰਬਲੀ ਸੈਸ਼ਨ ਦੌਰਾਨ ਸਪੀਕਰ ਨੇ ਅਸੰਬਲੀ ਨੂੰ ਦੱਸਿਆ ਕਿ੫ ਮਾਰਚ, ੨੦੦੧ ਵਿੱਚ, ਉਸ ਵੇਲੇ ਦੀ ਪ੍ਰਕਾਸ਼ ਸਿੰਘ ਬਾਦਲ ਸਰਕਾਰ ਨੇ ਜਸਟਿਸ ਗੁਰਨਾਮ ਸਿੰਘ ਕਮਿਸ਼ਨ ਰਿਪੋਰਟ, ਜੋ ਕਿ ਨਕੋਦਰ ਗੋਲੀ ਕਾਂਡ ਦੀ ਤਫਤੀਸ਼ ਕਰਨ ਲਈ ਬਣਾਈ ਸੀ, ਨੂੰ ਅਸੰਬਲੀ ਵਿਚ ਪੇਸ਼ ਕਰ ਦਿੱਤਾ ਗਿਆ ਸੀ। ਇਹ ਗੱਲ ਵੀ ਸਾਮ੍ਹਣੇ ਆਈ ਕਿ ਇਹ ਸਭ ਕੁਝ ਚੋਰੀ ਚੋਰੀ ਕੀਤਾ ਗਿਆ, ਕਿਉਂਕਿ ਨਾਂ ਤਾਂ ਐਕਸ਼ਨ ਟੇਕਨ ਰਿਪੋਰਟ ਹੀ ਦਰਜ ਕੀਤੀ ਗਈ ਤੇ ਨਾ ਹੀ ਰਿਪੋਰਟ 'ਤੇ ਬਹਿਸ ਕੀਤੀ ਗਈ। ਸਾਫ ਜਾਹਰ ਹੈ ਕਿ ਬਾਦਲ ਦਲ ਦੀ ਨੀਅਤ ਵਿਚ ਖੋਟ ਸੀ। ਦਰਬਾਰਾ ਸਿੰਘ ਗੁਰੂ ਬਾਦਲਕਿਆਂ ਦੇ ਨੇੜੇ ਹੋ ਚੁੱਕੇ ਸਨ ਅਤੇ ਉਸ ਨੂੰ ਬਚਾਉਣ ਲਈ ਇੰਨਾ ਤਾਂ ਕਰਨਾ ਹੀ ਸੀ। ਕਾਂਗਰਸ ਜੋ ਉਸ ਸਮੇਂ ਵਿਰੋਧੀ ਧਿਰ ਸੀ, ਦਾ ਸਦਾ ਵਾਂਗ ਚੁੱਪ ਰਹਿਣਾ ਕੋਈ ਅਚੰਭੇ ਦੀ ਗੱਲ ਨਹੀਂ ਹੈ ਕਿਉਂਕਿ ਕਾਂਗਰਸ ਕਦੇ ਵੀ 'ਪੁਲਿਸ ਦਾ ਮਨੋਬਲ ਡੇਗਣ ਵਾਲੀ ਕੋਈ ਕਾਰਵਾਈ ਨਹੀਂ ਕਰਦੀ' ਅਤੇ ਮਨੁੱਖੀ ਅਧਿਕਾਰਾਂ ਦੀਆਂ ਉਲੰਘਣਾਵਾਂ ਦੇ ਹਮਾਮ ਵਿਚ ਤਾਂ ਉਹ ਪੂਰੀ ਤਰ੍ਹਾਂ ਨੰਗੀ ਹੈ। ਇਸ ਕਰਕੇ ਉਨ੍ਹਾਂ ਨੇ ਵੀ ਇਸ ਰਿਪੋਰਟ 'ਤੇ ਬਹਿਸ ਲਈ ਜ਼ੋਰ ਨਹੀਂ ਪਾਇਆ। ਹੁਣ ਵੀ ਅਮਰਿੰਦਰ ਸਿੰਘ ਸਰਕਾਰ ਨੇ ਇਸ 'ਤੇ ਕੋਈ ਬਹਿਸ ਨਹੀਂ ਕੀਤੀ ਜਾਂ ਕਰਵਾਈ। ਜੇ ੨੦੧੫ ਦੇ ਬਹਿਬਲ ਕਲਾਂ ਕਾਂਡ ਲਈ ਖਾਸ ਤਫਤੀਸ਼ ਟੀਮ ਬਣ ਸਕਦੀ ਹੈ ਤੇ ਸਨ ੧੯੮੬ ਦੇ ਨਕੋਦਰ ਕਾਂਡ ਲਈ ਕਿਉਂ ਨਹੀ ਬਣ ਸਕਦੀ?

ਜਸਟਿਸ ਗੁਰਨਾਮ ਸਿੰਘ ਕਮਿਸ਼ਨ ਰਿਪੋਰਟ ੩੧ ਅਕਤੂਬਰ ੧੯੮੬ ਨੂੰ ਪੰਜਾਬ ਸਰਕਾਰ ਨੂੰ ਦਿੱਤੀ ਗਈ ਸੀ। ਰਿਪੋਰਟ ਵਿੱਚ ਸਾਫ ਕੀਤਾ ਗਿਆ ਹੈ ਕਿ ਪੁਲਿਸ ਰਿਕਾਰਡ ਨਾਲ ਛੇੜਖਾਨੀ ਕੀਤੀ ਗਈ ਸੀ। ਜਿੱਥੇ ਰੋਸ ਪ੍ਰਗਟ ਕਰਨ ਸੰਗਤਾਂ ਆਈਆਂ ਸਨ, ਉਨ੍ਹਾਂ ਨੂੰ ਗੈਰ-ਕਾਨੂੰਨੀ ਨਹੀਂ ਸੀ ਗਰਦਾਨਿਆ ਗਿਆ, ਤਿਤਰ ਬਿਤਰ ਹੋਣ ਦਾ ਕੋਈ ਹੁਕਮ ਨਹੀਂ ਸੀ ਦਿੱਤਾ ਗਿਆ। ਕਾਰਜਕਾਰੀ ਡਿਪਟੀ ਕਮਿਸ਼ਨਰ ਦਰਬਾਰਾ ਸਿੰਘ ਗੁਰੂ ਵਲੋਂ ਹਾਲਾਤ 'ਤੇ ਕਾਬੂ ਪਾਉਣ ਲਈ ਕੋਈ ਅਸਰਦਾਇਕ ਕਦਮ ਨਹੀਂ ਸੀ ਚੁੱਕੇ ਗਏ ਅਤੇ ਦਰਬਾਰਾ ਸਿੰਘ ਗੁਰੂ ਦੇ ਹੁਕਮਾਂ ਉਤੇ ਬਿਨਾ ਲਾਸ਼ਾਂ ਦੀ ਜਾਣ ਪਹਿਚਾਣ ਦੇ ਪੋਸਟ ਮਾਰਟਮ ਕਰਵਾਇਆ ਸੀ। ਇਹ ਹੀ ਨਹੀਂ, ਜਿਹੜੇ ਹਿੰਦੂ ਫਿਰਕਾਪ੍ਰਸਤ ਕਾਰਕੁੰਨ ਲੈਸ ਹੋ ਕੇ ਆਏ ਸਨ, ਉਨ੍ਹਾਂ ਖਿਲਾਫ ਵੀ ਕੋਈ ਮਾਮਲਾ ਨਹੀਂ ਦਰਜ ਕੀਤਾ ਗਿਆ ਨਾ ਹੀ ਉਨ੍ਹਾਂ ਨੂੰ ਆਰਜ਼ੀ ਤੌਰ 'ਤੇ ਵੀ ਗ੍ਰਿਫਤਾਰ ਕੀਤਾ ਗਿਆ। ਇਹ ਸਾਰੇ ਦਸਤਾਵੇਜ਼ ਅਸੀਂ ਨਸ਼ਰ ਕਰ ਰਹੇ ਹਾਂ।

ਜਸਟਿਸ ਗੁਰਨਾਮ ਸਿੰਘ ਕਮਿਸ਼ਨ ਨੇ ਇਕ ਹੋਰ ਅਹਿਮ ਖੁਲਾਸਾ ਕਰਦੇ ਹੋਏ ਕਿਹਾ ਹੈ ਕਿ "ਸਰਕਾਰੀ ਹੁਕਮਾਂ ਦੀ ਅਣਦੇਖੀ ਕਰਦੇ ਹੋਏ, ਨੌਜਵਾਨਾਂ ਦੇ ਗੋਲੀਆਂ ਧੜ ਦੇ ਉਪਰਲੇ ਹਿੱਸੇ ਵਿਚ ਮਾਰੀਆਂ ਗਈਆਂ ਜਿਸ ਤੋਂ ਸਾਫ ਜ਼ਾਹਰ ਹੁੰਦਾ ਹੈ ਕਿ ਪੁਲਿਸ ਵਾਲਿਆਂ ਨੇ ਮੌਕਾ ਸੰਭਾਲਣ ਲਈ ਨਹੀਂ ਬਲਕਿ ਸਿੱਖ ਨੌਜਵਾਨਾਂ ਨੂੰ ਮਾਰਨ ਲਈ ਹੀ ਗੋਲੀਆਂ ਚਲਾਈਆਂ ਸਨ।"

ਰਵਿੰਦਰ ਸਿੰਘ ਦੇ ਪਿਤਾ ਬਲਦੇਵ ਸਿੰਘ ਦੀ ਅਰਜ਼ੀ ਉਤੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਚ ਅਗਲੀ ਸੁਣਵਾਈ ਹੋਣੀ ਹੈ ਜਿਸ ਦੇ ਨਾਲ ਦਰਬਾਰਾ ਸਿੰਘ ਗੁਰੂ ਦੇ ਖਿਲਾਫ ਵੀ ਧਾਰਾ ੩੦੭ ਤਹਿਤ ਇਰਾਦਾ ਕਤਲ ਦਾ ਮੁਕੱਦਮਾ ਦਰਜ ਕਰਨ ਦੀ ਮੰਗ ਕੀਤੀ ਗਈ ਹੈ।

ਗਮ ਵਿਚ ਡੁੱਬੇ ਪਰ ਦ੍ਰਿੜ ਇਰਾਦੇ ਵਾਲੇ ਬਲਦੇਵ ਸਿੰਘ ਨੇ ਵਰਲਡ ਸਿੱਖ ਨਿਊਜ਼ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ "ਦਰਬਾਰਾ ਸਿੰਘ ਗੁਰੂ ਜਾਂ ਇਸ ਵਰਗੇ ਕਿਸੇ ਹੋਰ ਨੂੰ ਕਿਸੀ ਵੀ ਕੀਮਤ ਉਤੇ ਪੰਜਾਬ ਦੇ ਲੋਕਾਂ ਨੂੰ ਬਰਦਾਸ਼ਤ ਨਹੀ ਕਰਨਾ ਚਾਹੀਦਾ। ਪੰਜਾਬ ਦੇ ਲੋਕਾਂ ਵਲੋਂ ਬਾਦਲਕਿਆਂ ਨੂੰ ਮੂੰਹ-ਤੋੜਵਾਂ ਜਵਾਬ ਦੇਣਾ ਬਣਦਾ ਹੈ।"

ਪੀੜਤ ਪਰਿਵਾਰ ਅਤੇ ਪੰਜਾਬ ਦੇ ਲੋਕ ਦੰਦ ਪੀੜ ਕੇ ਇੰਤਜ਼ਾਰ ਕਰ ਰਹੇ ਹਨ ਕਿ ਕੀ ਦਰਬਾਰਾ ਸਿੰਘ ਗੁਰੂ ਫਤਿਹਗੜ੍ਹ ਸਾਹਿਬ ਤੋਂ ਪਾਰਲੀਮਾਨੀ ਸੀਟ ਲਈ ਕਾਗਜ਼ ਦਾਖਲ ਕਰਨਗੇ ਜਾਂ ਅਗਾਊ ਜ਼ਮਾਨਤ ਦੀ ਅਰਜ਼ੀ ਦੇਣਗੇ। ਜਾਂ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਬਿਨਾ ਜ਼ਮਾਨਤ ਦੇ ਐਫਆਈਆਰ ਦਰਜ ਕਰਕੇ ਉਨ੍ਹਾਂ ਦੀ ਗਿਰਫਤਾਰੀ ਦੇ ਹੁਕਮ ਦੇ ਦੇਵੇਗੀ।

ਹਾਲ ਹੀ ਵਿਚ ਗਲੋਬਲ ਟੀ. ਵੀ ਨੇ ਜਦ ਉਨ੍ਹਾਂ ਦੇ ਸਾਕਾ ਨਕੋਦਰ ਗੋਲੀ ਕਾਂਡ ਵਿੱਚ ਰੋਲ ਬਾਰੇ ਪੁੱਛਿਆ ਤਾਂ ਉਹ ਸਾਫ ਮੁੱਕਰ ਗਏ। ਉਸ ਨੇ ਕਿਹਾ ਕਿ ਮੈਂ ਤਾਂ ਉੱਥੇ ਹੈ ਹੀ ਨਹੀਂ ਸੀ। ਅਜੀਤ ਅਖਬਾਰ ਦੇ ਅਖਬਾਰ ਨਵੀਸ ਦੇ ਪੁੱਛਣ ਉਤੇ ਵੀ ਉਸ ਨੇ ਇਹ ਹੀ ਜਵਾਬ ਦਿੱਤਾ। ਪ੍ਰਤੱਖ ਨੂੰ ਪਰਮਾਣ ਦੀ ਲੋੜ ਹੈ? ਇੱਕ ਸ਼ਖਸ਼ ਜੋ ਪ੍ਰਿੰਸੀਪਲ ਸਕੱਤਰ ਰਿਹਾ ਹੋਵੇ, ਜਿਸ ਨੂੰ ਹਾਲ ਹੀ ਵਿਚ ਗੁਰੂ ਗ੍ਰੰਥ ਸਾਹਿਬ ਵਿਸ਼ਵ ਯੂਨੀਵਰਸਿਟੀ ਦਾ ਮੈਂਬਰ ਸਕੱਤਰ ਬਣਾਇਆ ਗਿਆ ਹੋਵੇ, ਉਹ ਸ਼ਰੇਆਮ ਝੂਠ ਬੋਲੇ, ਇਸ ਤੋਂ ਗਿਰੀ ਹੋਈ ਕੋਈ ਗੱਲ ਹੋ ਸਕਦੀ ਹੈ? ਬਾਦਲ ਦਲ ਵਾਲੇ ਸਮਝਦੇ ਹਨ ਕਿ ਅਸੀਂ ਜਾਂ ਤੇ ਸਿਰੇ ਦੇ ਕਮਲੇ ਹਾਂ ਜਾਂ ਬੇਵਕੂਫ ਹਾਂ। ਫਤਿਹਗੜ੍ਹ ਸਾਹਿਬ ਅਤੇ ਪੰਜਾਬ ਦੇ ਲੋਕਾਂ ਨੂੰ ਸਾਬਤ ਕਰਨਾ ਹੋਵੇਗਾ ਕਿ ਇਹ ਧਾਰਨਾ ਗਲਤ ਹੈ।

ਦਰਬਾਰਾ ਸਿੰਘ ਗੁਰੂ ਤੇ ਚਰਨਜੀਤ ਸਿੰਘ ਅਟਵਾਲ ਨੂੰ ਉਮੀਦਵਾਰ ਬਣਾ ਕੇ ਬਾਦਲ ਦਲ ਨੇ ਸਿੱਖਾਂ ਨਾਲ ਕੀਤੀਆਂ ਵਧੀਕੀਆਂ ਅਤੇ ਜ਼ੁਲਮਾਂ ਦੀ ਕਹਾਣੀ ਵਿਚ ਇਕ ਹੋਰ ਅਧਿਆਇ ਜੋੜਿਆ ਹੈ।

ਗੁਰਬਾਣੀ
24 ਘੰਟੇ ਸੁਣਨ ਲਈ
Dial 832.551.5029 Ext. 4
www.GurbaniRadio.org

ਪੰਜਾਬੀ ਗਾਣੇ
24 ਘੰਟੇ ਸੁਣਨ ਲਈ
Dial 832.551.5029 Ext. 3
www.NonStopPunjabi.com

ਪੰਜਾਬੀ ਰੇਡੀਓ ਯੂਐਸਏ
Punjabi RADIO USA
ON THE AIR
Uniting Punjabi's All Over
www.PunjabiRadioUSA.com
408-272-5200

DIAL TO LISTEN:
US: 832-551-5029 | 605-475-6868 | 712-432-5838 (METRO PCS)
UK: +44 203-519-0455
GERMANY: +511 80-90-40-41

NEW PROGRAM: TODAY IN SIKH HISTORY | ਅੱਜ ਦਾ ਦਿਨ ਸਿੱਖ ਇਤਿਹਾਸ ਵਿੱਚ DAILY | ਰੋਜ਼ਾਨਾ 9AM | 12PM

KHALSA
INSURANCE AGENCY, INC.

Khalsa Insurance Agency is among TOP 50 agencies of Blue Cross in USA.




» GUARANTEED COVERAGE
» NO ANNUAL LIMITS, NO DENIAL FOR PRE-EXISTING CONDITIONS
» RATES NOT BASED ON HEALTH STATUS
» AFFORDABLE COVERAGE – PUBLIC OR PRIVATE
» REQUIRED FOR INDIVIDUALS

COVERED CALIFORNIA™

OBAMACARE
IS
COVERED CALIFORNIA
IS THE
AFFORDABLE CARE ACT
IS THE
California Health Benefit Exchange
IS
Your destination for affordable health care

Call Now for the
Lowest Health Insurance
Premiums available
Some Households
qualify for
FREE HEALTHCARE

408-272-2500

Please Contact Harjot S Khalsa (Certified Covered CA Agent) | License # 0B03546 | 3750 McKee Rd. # A, San Jose, CA 95127
Tel. 408-272-2500 | coveredca@khalsainsurance.com


jus HINDI HD
DAILY LIVE CALL IN SHOWS
Zindagi Fullon
M-F 1:30PM EST
LO KARLO BAAT
M-F 12:30PM EST
CALL NOW FOR
SPECIAL ADVERTISEMENT RATES
D CODE THE QUOTE
M-F 12PM EST
AWAM ki AWAZ
M-F 2:30PM EST
America's Premiere Indian Television Channel
WATCH jus HINDI HD CHANNEL 725 ON
dish | sling TELEVISION
CALL TO ADVERTISE + 1-718-752-9293 | CALL TO SUBSCRIBE +1-800-246-6242
www.jusbroadcasting.com

# STEELE INSURANCE

## AGENCY INC

Grand Shield Insurance strives to offer you quality insurance coverage, a high level of professional service and a long-term relationship We'll research rates and coverage from top insurance companies to find the best insurance rates and insurance plans for you. We do the insurance shopping and comparing for you to save time and money!

- Specialize in Personal line insurance
- Auto Home life Umbrella and Commercial
- We have special discount as 20% Multi Policy Discount
- Occupational Discount 12% for Teacher, Doctors Engineers, Firefighter, RN nurse, Business Owner
- AARP membership discount 30%
- Good Students discount 3.0 GPA
- Four year College degree (Alumni) discount
- Multi car discount




- TERM LIFE
- RETURN OF PREMIUM LIFE
- UNIVERSAL LIFE
- INDEXED UNIVERSAL LIFE
- VARIABLE UNIVERSAL LIFE
- WHOLE LIFE
- ANNUITIES

**Working hard with Honesty & intergrity to protect your Financial Future**



# Ranjit Singh

**A Member of Steele Insurance Agency, Inc.**

**Insurance Broker, Lic#OH78402**

**Doing the Right Things for Our Clients and Their Families Everyday...**

**... Leads Us to Success as well as Our Company."**

Allied Insurance | FIDELITY NATIONAL INSURANCE COMPANY | CSE | MERCURY INSURANCE GROUP | FINANCIAL PACIFIC | Safeco Insurance | CNA | MetLife | Kemper | Philadelphia Insurance Companies | FOREMOST INSURANCE GROUP | The Hartford | CommerceWest Insurance | Midwest Insurance Agency | Kansas City Life | PROGRESSIVE | GeoVera Insurance | TRAVELERS | GMAC Insurance | TheZenith Workers' Compensation Specialists | PersonalUmbrella.com | ZURICH

**17900 Murphy Park Way Lathrop, CA. 95330**

**209-956-1000,Office-408-355-5700,Bay Area-888-246-1228 Fax**

**RSingh@siainc.net, www.SteeleInsuranceAgency.net**


SHER®
HAPPY
Vaisakhi
ਵਿਸਾਖੀ ਦੀਆਂ ਲੱਖ - ਲੱਖ ਵਧਾਈਆਂ
SHER
BESAN
CHANA FLOUR
SUPER FINE
बेसन • ਵੇਸਣ • ચણાનો લોટ • بیسن
FARINE DE CHANA
FRESHLY MILLED IN CANADA
SHER BESAN 4lb ON SPECIAL NOW
ONLY IN PARTICIPATING STORES
Limited Time Offer
www.sherbrarmills.com